ਜਹ ਗਿਆਨ ਪ੍ਰਗਾਸੁ ਅਗਿਆਨ ਮਿਟੰਤੁ
GIAN
ਗੁਰਮਤਿ ਗਿਆਨ

ਜਨਵਰੀ 2022

# ਗੁਰਮਤਿ ਵਿਰਸਾ

# GURMAT VIRSA गुरमति विरसा

Year-3, Issue-6, January 2022, Ludhiana gurmatvirsa@gmail.com Multilingual Price 25/-




## ਕਿਰਸਾਨੀ ਸੰਘਰਸ਼ : ਸਬਰ, ਸਿਦਕ ਅਤੇ ਸੰਤੋਖ ਦੀ ਜਿੱਤ



## ਕਿਸਾਨੀ ਅੰਦੋਲਨ ਦੀ ਮਿਸਾਲੀ ਜਿੱਤ ਨੇ ਸਿਰਜਿਆ ਇਤਿਹਾਸ

# 26 ਨਵੰਬਰ 2020 ਤੋਂ ਸ਼ੁਰੂ ਹੋਏ ਕਿਸਾਨ ਸੰਘਰਸ਼ ਦੌਰਾਨ
# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦੀ ਸ਼ਮੂਲੀਅਤ





















# ਗੁਰਮਤਿ ਵਿਰਸਾ

ਜਨਵਰੀ 2022 (ਮਾਸਿਕ ਮੈਗਜ਼ੀਨ)

**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ, ਹਰਮਿੰਦਰ ਸਿੰਘ ਜੰਮੂ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ

## ਪੋਹ-ਮਾਘ ਮਹੀਨੇ ਦੇ ਖਾਸ ਦਿਹਾੜੇ

| | |
|---|---|
| - ਪ੍ਰਕਾਸ਼ ਪਾਤਸ਼ਾਹੀ ਦਸਵੀਂ | : 23 ਪੋਹ (05 ਜਨਵਰੀ) |
| - ਮਾਘੀ ਮੁਕਤਸਰ | : 01 ਮਾਘ (13 ਜਨਵਰੀ) |
| - ਨੀਂਹ ਪੱਥਰ ਦਰਬਾਰ ਸਾਹਿਬ | : 01 ਮਾਘ (13 ਜਨਵਰੀ) |
| - ਚਾਬੀਆਂ ਦਾ ਮੋਰਚਾ | : 07 ਮਾਘ (19 ਜਨਵਰੀ) |
| - ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ | : 14 ਮਾਘ (26 ਜਨਵਰੀ) |
| - ਪ੍ਰਕਾਸ਼ ਪਾਤਸ਼ਾਹੀ ਸੱਤਵੀਂ | : 19 ਮਾਘ (31 ਜਨਵਰੀ) |

**ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ: 79733-70542**
ਤੁਸੀਂ ਚੰਦਾ AXIS Bank ਵਿਚ ਸਿੱਧਾ (Online) ਵੀ ਜਮ੍ਹਾ ਕਰਵਾ ਸਕਦੇ ਹੋ
**Branch: Phullanwal, IFS Code - UTIB0000196**

**A/C Name : GURMAT VIRSA**
**A/C No.: 913010032526897**

Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.
**Editor- Gurbachan Singh Panwa ***
Responsible for collection of all Printed matter as per PRB Act
**Registration Number of the Newspaper PUNMUL/2019/78309**

## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਰੋਜ਼ਾਨਾ ਅੰਮ੍ਰਿਤ ਵੇਲਾ ਅਤੇ ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?

ਸੰਪਾਦਕੀ 4
ਪਾਠਕਾਂ ਦੇ ਸਵਾਲ ਜਵਾਬ 7
ਸ਼ਬਦ ਵਿਚਾਰ 8
ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਕਦੀ...... 9
ਅਦੁੱਤੀ ਅਤੇ ਅਜ਼ੀਮ ਸ਼ਖਸੀਅਤ ਦੇ ਮਾਲਕ ਗੁਰੂ ਗੋਬਿੰਦ ਸਿੰਘ.. 10
ਕਿਸਾਨੀ ਸੰਘਰਸ਼ ਦੀਆਂ ਝਲਕੀਆਂ 11
ਕਿਸਾਨੀ ਅੰਦੋਲਨ ਦੀ ਮਿਸਾਲੀ ਜਿੱਤ ਨੇ ਸਿਰਜਿਆ ਇਤਿਹਾਸ 16
ਕਿਸਾਨ ਮੋਰਚਾ ਲੋਕ ਏਕਤਾ ਦੀ ਇਤਿਹਾਸਕ ਜਿੱਤ.... 18
ਨੰਨੇ ਵਾਰਸ 22
ਅਹੁਦੇ ਦੀ ਸੁਹਿਰਦ ਵਰਤੋਂ 24
ਵੱਕਾਰੀ ਸ਼੍ਰੋਮਣੀ ਸੰਸਥਾ ਦੇ ਗ਼ੈਰ-ਸ਼੍ਰੋਮਣੀ ਕਾਰੇ 26
ਬੁੱਧ ਭ੍ਰਿਸ਼ਟ ਕਰ ਰਿਹਾ ਫੇਸਬੁੱਕੀ ਪ੍ਰੇਤ 29
ਲੜੀਵਾਰ ਕਿਤਾਬ: ਸਿੱਖ ਮੈਮੋਰੰਡਮ ਜੋ ਪੰਜਾਬ ਸਰਹੱਦੀ ਕਮਿਸ਼ਨ. 31
ਲੜੀਵਾਰ ਕਿਤਾਬ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਾਰਾਂ... 32
ਸ਼ਬਦਾਂਤਿਕ ਲਗਾਂ ਮਾਤ੍ਰਾਂ 33
ਕਾਵਿ ਕਿਆਰੀ 34
ਖਿਦਰਾਣਾ ਕਰਿ ਮੁਕਤਸਰ.... 35
ਚਾਬਿਯਾਂ ਦਾ ਮੋਰ੍ਚਾ 36
Chabiyaan Da Morcha 37
ਸਿਹਤ ਸੰਭਾਲ 38
ਸਾਡੀ ਖੇਤੀ 39
ਗੁਰਮਤਿ ਸੰਜੋਗ 40
ਨਵੰਬਰ ਮਹੀਨੇ ਦੀਆਂ ਸਰਗਰਮੀਆਂ 41

## ਗੁਰਮਤਿ ਵਿਰਸਾ ਮੰਗਵਾਉਣ ਲਈ ਚੰਦਾ

| ਚੰਦਾ | ਦੇਸ਼ | ਵਿਦੇਸ਼ |
|---|---|---|
| ਸਾਲਾਨਾ | 250/- | 50 $ USA |
| ਲਾਈਫ | 3000/- | 300 $ USA |

**ਹੇਠ ਲਿਖੇ ਬੈਂਕ ਅਕਾਊਂਟਸ ਰਾਹੀਂ ਸੇਵਾ ਭੇਜੋ ਜੀ**

**Axis Bank Branch : Phullanwal (Ldh)**
**IFS Code : UTIB0000196**

| | | |
|---|---|---|
| - Gurmat Gian | : | 913010032529069 |
| - Gurmat Gian Missionary College | : | 913010032837193 |
| - Gurmat Gian Charitable Trust | : | 913010032525014 |
| - Gurmat Parchar Kendra | : | 913010032551518 |
| - Gurmat Virsa | : | 913010032526897 |
| - GGT Edu Aid | : | 913010032526884 |

## ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

# ਕਿਰਸਾਨੀ ਸੰਘਰਸ਼ ਸਬਰ, ਸਿਦਕ ਤੇ ਸੰਤੋਖ ਦੀ ਜਿੱਤ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਜਦੋਂ ਮਨੁੱਖ ਸੰਤੋਖ ਦਾ ਅਭਿਆਸ ਕਰਦਾ ਹੋਇਆ ਦੂਜਿਆਂ ਦੀ ਸੇਵਾ ਕਰਦਾ ਹੈ ਤਾਂ ਰੱਬ ਜੀ ਉਸ ਨੂੰ ਆਪਣੇ ਕੋਲ ਬਿਠਾਉਂਦੇ ਹਨ। ਸਬਰ, ਸਿਦਕ ਅਤੇ ਸੰਤੋਖ 'ਤੇ ਤੁਰਨਾ ਹੀ ਰੱਬ ਦੇ ਕੋਲ ਬੈਠਣਾ ਹੈ।

**ਸਤੁ ਸੰਤੋਖੁ ਹੋਵੈ ਅਰਦਾਸਿ॥**
**ਤਾ ਸੁਣਿ ਸਦਿ ਬਹਾਲੇ ਪਾਸਿ॥ (878)**

ਸਬਰ, ਸਿਦਕ ਅਤੇ ਸੰਤੋਖ ਤੇ ਸਾਰੀ ਮਨੁੱਖਤਾ ਖੜੀ ਹੈ। ਕਿਰਸਾਨਾਂ ਨੇ ਗੁਰਬਾਣੀ ਦੇ ਮਹਾਂਵਾਕ ਨੂੰ ਦਿੱਲੀ ਬਾਰਡਰਾਂ ਤੇ ਬੈਠ ਕੇ ਸੱਚ ਕਰ ਦਿਖਾਇਆ।

**ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ॥**
**ਹੋਨਿ ਨਜੀਕਿ ਖੁਦਾਇ ਦੇ ਭੇਤੁ ਨਾ ਕਿਸੈ ਦੇਨਿ॥ (1384)**

ਸਬਰ ਅਤੇ ਸਿਦਕ ਵਾਲਾ ਕਿਸੇ ਪ੍ਰਕਾਰ ਦੇ ਵਿਕਾਰ ਅਤੇ ਲਾਲਚ ਨੂੰ ਭੇਤ ਨਹੀਂ ਦਿੰਦਾ ਭਾਵ ਨੇੜੇ ਨਹੀਂ ਆਉਣ ਦਿੰਦਾ। ਸਿਰੜ ਤੇ ਭੈ-ਭਾਵਨੀ ਵਿਚ ਰਹਿ ਕੇ ਕਿਰਸਾਨਾਂ ਨੇ ਇਹ ਮੋਰਚਾ ਜਿੱਤਿਆ ਹੈ।

"ਪੰਜਾਬ ਦੇ ਜੰਮਦਿਆਂ ਨੂੰ ਨਿੱਤ ਮਹਿੰਮਾਂ" ਦੇ ਅਖਾਣ ਅਨੁਸਾਰ ਇਕਵੀਂ ਸਦੀ ਵਿਚ ਸਿੱਖੀ ਦੀਆਂ ਮਹਾਨ ਪ੍ਰੰਪਰਾਵਾਂ ਨੂੰ ਕਿਰਸਾਨੀ ਸੰਘਰਸ਼ ਨੇ ਦੁਹਰਾਅ ਦਿੱਤਾ ਹੈ। ਅੱਤ ਦੀ ਠੰਡ, ਕਹਿਰ ਦੀ ਗਰਮੀ, ਮੋਲ਼ੇਧਾਰ ਬਰਸਾਤਾਂ, ਪੁਲੀਸ ਦੀਆਂ ਡਾਂਗਾਂ ਦੇ ਤਸ਼ੱਦਦ ਅਤੇ ਗੰਦੇ-ਠੰਡੇ ਪਾਣੀਆਂ ਦੀਆਂ ਬੁਛਾੜਾਂ ਕਿਰਸਾਨੀ ਸੰਘਰਸ਼ ਨੂੰ ਉਖੇੜ ਨਾ ਸਕੀਆਂ। ਕਿਰਸਾਨਾਂ ਦੇ ਸਬਰ ਸੰਤੋਖ, ਸਿਦਕ ਇਮਾਨਦਾਰੀ ਤੇ ਵਫਾਦਾਰੀ ਨੇ ਪੁਰਾਤਨ ਗੁਰ ਇਤਿਹਾਸ ਤੇ ਸਿੱਖ ਇਤਿਹਾਸ ਨੂੰ ਮੋੜ ਦੁਹਰਾਅ ਦਿੱਤਾ। ਪ੍ਰੋਫਸਰ ਮੋਹਨ ਸਿੰਘ ਨੇ ਠੀਕ ਹੀ ਲਿਖਿਆ ਹੈ-

ਪੈਰ ਇਸ ਦੇ ਧਰਤੀ ਤੇ,
ਪਰ ਆਪ ਉਚੇਰਾ ਏ।
ਜੇਲ੍ਹਾਂ ਦੀਆਂ ਕੋਠੜੀਆਂ,
ਜ਼ੰਜੀਰਾਂ ਹੱਥਕੜੀਆਂ।
ਇਹ ਫਾਂਸੀ ਦੇ ਰੱਸੇ,
ਤੇ ਤੜੀਆਂ ਰਾਜ ਦੀਆਂ।
ਜਗੀਰਾਂ ਦੇ ਚਕਮੇ,
ਸਰਦਾਰੀ ਦੇ ਤਮਗੇ।
ਇਹਦੇ ਗਿਟਿਓਂ ਥੱਲੇ ਨੇ,
ਇਹਦੇ ਪੈਰੋਂ ਥੱਲੇ ਨੇ।

ਭਾਰਤ ਖੇਤੀ ਪ੍ਰਧਾਨ ਦੇਸ਼ ਹੈ। ਮਹਾਂਰਾਜਾ ਰਣਜੀਤ ਸਿੰਘ ਦੇ ਸਮੇਂ ਦੇਸ਼ ਪੰਜਾਬ ਵੱਖਰਾ ਮੁਲਕ ਸੀ। ਇਸ ਦੀਆਂ ਸਰਹੱਦਾਂ ਕਾਬਲ ਕਸ਼ਮੀਰ ਤੇ ਸਤਲੁਜ ਨੂੰ ਲਗਦੀਆਂ ਸਨ। 1947 ਨੂੰ ਦੇਸ਼ ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਗਿਆ। ਪੰਜਾਬ ਦਾ ਮੁੱਖ ਧੰਦਾ ਖੇਤੀ ਹੀ ਸੀ। ਖੁਲ੍ਹੀਆਂ ਚਰਾਂਦਾ ਖੁਲ੍ਹੇ ਖੇਤ ਗਾਵਾਂ ਮੱਝਾਂ ਖੇਤੀ ਦਾ ਮੁੱਖ ਧੁਰਾ ਮੰਨਿਆ ਗਿਆ ਹੈ। ਭਾਰਤ ਅਜ਼ਾਦ ਹੋਇਆ ਪੰਜਾਬ ਦੇ ਕਿਸਾਨਾਂ ਨੂੰ ਪੱਛਮੀ ਪੰਜਾਬ ਜਿੰਨੀ ਜ਼ਮੀਨ ਹਾਸਲ ਨਾ ਹੋ ਸਕੀ। ਮਿਹਨਤੀ ਕਿਰਸਾਨ ਨੇ ਦੂਜੇ ਸੂਬਿਆਂ ਵਿਚ ਬੰਜਰ ਪਈਆਂ ਜ਼ਮੀਨਾਂ ਨੂੰ ਵਾਹੀ ਯੋਗ ਬਣਾਇਆ।

ਖੇਤੀ ਦੇ ਨਾਲ ਵਪਾਰ ਵੀ ਵਧਣਾ ਸ਼ੁਰੂ ਹੋਇਆ। ਵਿਕਾਸ ਦੇ ਨਾਂ ਤੇ ਸਰਕਾਰ ਨੇ ਆਪਣੀਆਂ ਸਰਕਾਰੀ ਜਾਇਦਾਦਾਂ ਨੂੰ ਵਪਾਰੀਆਂ ਪਾਸ ਵੇਚਣਾ ਸ਼ੁਰੂ ਕੀਤਾ। ਪੂਰਨ ਬਹੁਮਤ ਨਾਲ ਬਣੀ ਭਾਰਤੀ ਜਨਤਾ ਪਾਰਟੀ (ਜਨਸੰਘ) ਦੀ ਸਰਕਾਰ ਨੇ ਅਜ਼ਾਦ ਭਾਰਤ ਵਿਚ ਪਹਿਲੀ ਵਾਰ ਵਪਾਰਿਕ ਘਰਾਣਿਆਂ ਨੂੰ ਭਾਰਤੀ ਰੇਲਵੇ ਦਾ ਬਹੁਤ ਮਜ਼ਬੂਤ ਢਾਂਚਾ ਹੱਥ ਫੜਾ ਦਿੱਤਾ। ਏਅਰ ਪੋਰਟ ਵਪਾਰੀਆਂ ਨੂੰ ਬਖਸ਼ ਦਿੱਤੇ। ਜਨੀ ਕਿ ਸਰਕਾਰਾਂ ਨੇ ਵਪਾਰ ਨੂੰ ਵਧਾਉਣ ਲਈ ਜਾਂ ਵਪਾਰੀਆਂ ਵਲੋਂ ਪੈਸਾ ਨਵੇਸ਼ ਕਰਨ ਵਰਗੀਆਂ ਮਨ ਲੁਭਾਊ ਸਕੀਮਾਂ ਦੱਸੀਆਂ ਜਾਣ ਲੱਗੀਆਂ। ਆਨੇ ਬਹਾਨੇ ਵਪਾਰੀਆਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਭਾਰਤ ਦੀ ਖੇਤੀ ਨੂੰ ਹੀ ਦਾਅ 'ਤੇ ਲਗਾ ਦਿੱਤਾ।

2019 ਨੂੰ ਭਿਆਨਕ ਬਿਮਾਰੀ ਕਰੋਨਾ ਨੇ ਜਨਮ ਲਿਆ। ਸਾਰਾ ਭਾਰਤ ਅੰਦਰੀਂ ਬੰਦ ਹੋ ਕੇ ਰਹਿ ਗਿਆ। ਭਾਰਤੀ ਜਨਤਾ ਪਾਰਟੀ ਨੇ ਕਿਰਸਾਨਾਂ ਦੀ ਸਲਾਹ ਦੇ ਬਿਨਾ 5 ਜੂਨ 2020 ਨੂੰ ਆਰਡੀਨੈਂਸ ਜਾਰੀ ਕਰ ਦਿੱਤਾ। ਹੈਰਾਨੀ ਦੀ ਗੱਲ ਦੇਖੋ ਸਤੰਬਰ ਮਹੀਨੇ ਵਿਚ ਪਾਰਲੀਮੈਂਟ ਦਾ ਸ਼ੈਸ਼ਨ ਹੋਣਾ ਸੀ ਪਰ ਇਹਨਾਂ ਨੇ ਬਹੁਤ ਕਾਹਲ ਕਰਦਿਆਂ ਖੇਤੀ ਕਾਨੂੰਨਾਂ ਦੁਆਰਾ ਸਮੁੱਚੀ ਕਿਰਸਾਨੀ ਨੂੰ ਵੱਟ ਚਾੜ੍ਹਤਾ। ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਕੋਲ ਪੂਰਨ ਬਹੁ ਮਤ ਹੋਣ ਦੇ ਨਾਤੇ ਖੇਤੀ ਬਿੱਲਾਂ 'ਤੇ ਚਰਚਾ ਕਰਾਉਣ ਤੋਂ ਮੁਕਰ ਗਈ। ਸਦਕੇ ਜਾਈਏ ਸਿੱਖ ਨੁਮਾਇੰਦਾ ਜਮਾਤ ਅਕਾਲੀ ਦਲ ਦੇ ਜਿਹੜੇ ਬੜੀ ਉੱਚੀ ਆਵਾਜ਼ ਨਾਲ ਖੇਤੀ ਕਾਨੂੰਨਾਂ ਦੇ ਹੱਕ ਵਿਚ ਬਿਆਨ ਹੀ ਨਹੀਂ ਦਿੰਦੇ ਸਨ ਸਗੋਂ ਸਮਝਾਉਂਦੇ ਵੀ ਸਨ, ਨਵੇਂ ਖੇਤੀ ਕਾਨੂੰਨ ਕਿਰਸਾਨਾਂ ਦੀ ਜ਼ਿੰਦਗੀ ਬਦਲ ਦੇਣਗੇ। ਹਾਲਾਤ ਨੇ ਮਜ਼ਬੂਰ ਕੀਤਾ ਜਿਹੜੇ ਅਕਾਲੀਏ ਸੰਘ ਪਾੜ ਪਾੜ ਕੇ ਕਾਲੇ ਕਾਨੂੰਨਾਂ ਦੇ ਹੱਕ ਵਿਚ ਭੁਗਤਦੇ ਰਹੇ ਮੁੜ ਉਹੀ ਕਹਿਣ ਲੱਗ ਪਏ ਕਿ ਨਹੀਂ ਨਹੀਂ ਕਾਨੂੰਨ ਬਹੁਤ ਹੀ ਮਾੜੇ ਹਨ। ਹੈਂ! ਤੁਹਾਡਾ ਬੇੜਾ ਬਹਿਜੇ ਅਕਾਲੀਓ।

16 ਸਤੰਬਰ ਨੂੰ ਪਾਰਲੀਮੈਂਟ ਵਿਚ ਖੇਤੀ ਬਿੱਲ ਪੇਸ਼ ਕੀਤਾ। 20 ਸਤੰਬਰ ਨੂੰ ਬਿਨਾ ਵਿਚਾਰ ਚਰਚਾ ਦੇ ਕਾਨੂੰਨ ਪਾਸ ਕਰ ਦਿੱਤੇ। ਬਹੁਤ ਹੀ ਜਲਦੀ ਦੇਸ਼ ਦੇ ਰਾਸ਼ਟਰਪਤੀ ਨੇ 24 ਸਤੰਬਰ ਨੂੰ ਦਸਤਖਤ ਕਰਕੇ ਕਿਰਸਾਨਾਂ ਲਈ ਖੂਹ ਪੁੱਟ ਦਿੱਤਾ। 27 ਸਤੰਬਰ ਨੂੰ ਕੇਂਦਰੀ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰਕੇ ਤਿੰਨ ਕਾਨੂੰਨ ਕਿਰਸਾਨਾਂ ਦੇ ਗਲ਼ ਮੜ ਦਿੱਤੇ।

ਭਾਜਪਾ ਸਰਕਾਰ ਨੇ ਆਪਣੇ ਪਿੱਠੂਆਂ ਤੋਂ ਖੇਤੀ ਕਾਨੂੰਨਾਂ ਦੇ ਹੱਕ ਵਿਚ ਬਿਆਨ ਦਿਵਾਉਣੇ ਸ਼ੁਰੂ ਕੀਤੇ। ਭਾਜਪਈ ਪੱਖੀਆਂ ਨੇ ਅੱਡੀਆਂ ਚੁੱਕ ਚੁੱਕ ਕੇ ਖੇਤੀ ਕਾਨੂੰਨਾਂ ਦੇ ਹੱਕ ਵਿਚ ਬਿਆਨ ਦੇਣੇ ਸ਼ੁਰੂ ਕੀਤੇ।

ਸਮਝਿਆ ਜਾਂਦਾ ਹੈ ਕਿ ਮੀਡੀਆ ਲੋਕ ਰਾਜ ਦਾ ਤੀਜਾ ਥੰਮ ਹੁੰਦਾ ਹੈ ਪਰ ਇਹ ਪਹਿਲੀ ਵਾਰ ਦੇਖਿਆ ਗਿਆ ਹੈ ਮੀਡੀਆ ਸਰਕਾਰ ਪੱਖ ਵਿਚ ਭੁਗਤਦਾ ਰਿਹਾ ਹੈ। ਝੂਠ ਨੂੰ ਸੱਚ ਬਣਾ ਕੇ ਪੇਸ਼ ਕਰਨ ਵਾਲੇ ਮੀਡੀਆ ਨੂੰ ਲੋਕਾਂ ਵੱਲੋਂ ਗੋਦੀ ਮੀਡੀਆ ਕਹਿਣਾ ਸ਼ੁਰੂ ਕਰ ਦਿੱਤਾ।

ਪੰਜਾਬ ਦੀਆਂ 32 ਕਿਰਸਾਨ ਜੱਥੇਬੰਦੀਆਂ ਨੇ ਏਕਤਾ ਕਰਕੇ ਸਾਂਝੇ ਤੋਰ ਤੇ ਤਿੰਨ ਕਾਲੇ ਖੇਤੀ ਕਾਨੂੰਨ ਰੱਦ ਕਰਾਉਣ ਲਈ ਬਿਗਲ ਵਜਾ ਦਿੱਤਾ। ਉਹਨਾਂ ਦੇ ਨਾਲ ਸਾਰੇ ਭਾਰਤ ਵਿਚੋਂ ਬਾਕੀ ਕਿਰਸਾਨ ਯੂਨੀਅਨ ਦੇ ਅੱਠ ਨੁਮਾਇੰਦੇ ਸ਼ਾਮਿਲ ਹੋਏ। ਇੰਝ 40 ਕਿਰਸਾਨ ਜੱਥੇਬੰਦੀਆਂ ਨੇ ਸੰਯੁਕਤ ਕਿਰਸਾਨ ਮੋਰਚੇ ਦੇ ਨਾਂ ਦੀ ਸਾਂਝੀ ਜੱਥੇਬੰਦੀ ਕਾਇਮ ਕਰ ਦਿੱਤੀ। 11 ਮੀਟਿੰਗਾਂ ਕੇਂਦਰੀ ਮੰਤਰੀਆਂ ਨਾਲ ਹੋਈਆਂ। ਤਿੰਨ ਕਾਲੇ ਖੇਤੀ ਕਾਨੂੰਨਾਂ ਸਬੰਧੀ ਕੇਂਦਰੀ ਸਰਕਾਰ ਚਾਰ ਕੁ ਗੱਲਾਂ ਹੀ ਕਿਰਸਾਨਾਂ ਨੂੰ ਸਮਝਾਉਂਦੀ ਰਹੀ ਕਿ ਇਨ੍ਹਾਂ ਕਾਨੂੰਨਾਂ ਨਾਲ ਕਿਰਸਾਨਾਂ ਦੀ ਆਮਦਨ ਦੁਗਣੀ ਹੋ ਜਾਏਗੀ। ਕਿਰਸਾਨ ਆਪਣੀ ਫਸਲ ਜਿੱਥੇ ਮਰਜ਼ੀ ਵੇਚ ਸਕਦੇ ਹਨ। ਇਹਨਾਂ ਕਾਨੂੰਨਾਂ ਵਿਚ ਸੋਧ ਕਰਾ ਲਓ ਪਰ ਰੱਦ ਨਾ ਕਰਾਓ। ਖੇਤੀ ਵਿਚ ਬਾਹਰੋਂ ਪੈਸਾ ਲਾਇਆ ਜਾਏਗਾ। ਬੱਦਲਾਂ ਦੀ ਛਾਂ ਵਰਗੇ ਹੌਂਸਲੇ ਦਿੱਤੇ ਜਾਂਦੇ ਸਨ। ਕਿਰਸਾਨ ਇਕੋ ਗੱਲ ਆਖਦੇ ਸਨ ਕਿ ਸਾਨੂੰ ਅਜੇਹੇ ਕਿਸੇ ਲਾਭ ਦੀ ਲੋੜ ਨਹੀਂ ਹੈ ਪਰ ਇਹ ਦੱਸੋ ਕਿ ਜੇ ਤੁਸੀਂ ਕਾਨੂੰਨਾਂ ਨੂੰ ਰੱਦ ਕਰਦੇ ਹੋ ਤਾਂ

ਤੁਹਾਡਾ ਨੁਕਸਾਨ ਕੀ ਹੁੰਦਾ ਹੈ? ਸਰਕਾਰ ਕੋਲ ਇਸ ਦਾ ਕੋਈ ਉੱਤਰ ਨਹੀਂ ਸੀ।

ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਕਿਰਸਾਨਾਂ ਨੇ ਨਵੇਂ ਬਣੇ ਕਾਨੂੰਨਾਂ ਦੀ ਇਕੱਲੀ ਇਕੱਲੀ ਮਦ ਕਿਰਸਾਨਾਂ ਲਈ ਮਾਰੂ ਸਾਬਤ ਕੀਤੀ ਤਾਂ ਕੇਂਦਰੀ ਸਰਕਾਰ ਦੇ ਵਜ਼ੀਰ ਤੇ ਉੱਚ ਅਫਸਰਾਂ ਦੀ ਫੌਜ ਕਿਰਸਾਨਾਂ ਵਲੋਂ ਦਿੱਤੀਆਂ ਦਲੀਲਾਂ ਦਾ ਕੋਈ ਜੁਆਬ ਨਾ ਦੇ ਸਕੀ। ਗਿਆਰਾਂ ਮੀਟਿੰਗਾਂ ਬੇ ਸਿੱਟਾ ਰਹੀਆਂ। ਕੇਂਦਰ ਸਰਕਾਰ ਤੇ ਉਸ ਦੇ ਭਾਈਵਾਲ ਕਿਰਸਾਨ ਮੋਰਚੇ ਨੂੰ ਓਪਰਾ ਜੇਹਾ ਇਸ ਲਈ ਸਮਝਦੇ ਸਨ ਕਿ ਇਹ ਲੋਕ ਜ਼ਿਆਦਾ ਦੇਰ ਧਰਨਿਆਂ 'ਤੇ ਨਹੀਂ ਬੈਠ ਸਕਦੇ। ਕਿਰਸਾਨ ਮੋਰਚੇ ਨੂੰ ਬਦਨਾਮ ਕਰਨ ਲਈ ਸਰਕਾਰ ਨੇ ਹਰ ਤਰ੍ਹਾਂ ਦਾ ਹੱਥ ਕੰਡਾ ਵਰਤਿਆ। ਦੇਸ਼ ਦੇ ਪ੍ਰਧਾਨ ਮੰਤਰੀ ਨੇ ਸੰਘਰਸ਼ ਕਰਨ ਵਾਲੇ ਕਿਰਸਾਨਾਂ ਨੂੰ ਅੰਦੋਲਨਜੀਵੀਏ, ਪਰਜੀਵੀਏ ਵਰਗੇ ਅਸਭਿਅਕ ਸ਼ਬਦ ਵਰਤਣ ਤੋਂ ਵੀ ਗੁਰੇਜ਼ ਨਹੀਂ ਕੀਤਾ। ਮੁਲਕ ਦੇ ਪ੍ਰਧਾਨ ਮੰਤਰੀ ਨੂੰ ਸਿੱਖ ਇਤਿਹਾਸ ਦੀਆਂ ਪ੍ਰੰਪਰਾਵਾਂ ਦਾ ਪਤਾ ਹੈ ਕਿ ਕਿ ਪੰਜਾਬੀ ਸੱਚ, ਅਣਖ਼ ਤੇ ਗੈਰਤ ਵਾਲੀ ਜ਼ਿੰਦਗੀ ਜਿਉਂਦੇ ਹਨ। ਪਿਆਰ ਨਾਲ ਤਾਂ ਇਹ ਗੁਲਾਮੀ ਕਰ ਲੈਂਦੇ ਹਨ ਪਰ ਕਿਸੇ ਦੀ ਟੈਂ ਮੰਨਣ ਲਈ ਤਿਆਰ ਨਹੀਂ ਹਨ। ਕਿਰਸਾਨੀ ਸੰਘਰਸ਼ ਦੀਆਂ ਰਗਾਂ ਵਿਚ ਸਿੱਖ ਇਤਿਹਾਸ ਦਾ ਖੂਨੀ ਵਰਕਾ ਪਿਆ ਹੋਇਆ ਹੈ ਜਿਹੜਾ ਜ਼ਾਲਮ ਤੇ ਜ਼ੁਲਮ ਨੂੰ ਤੋੜ ਦਿੰਦਾ ਹੈ। ਸ਼ਾਇਰ ਦੇ ਬੋਲ ਬੜੇ ਪਿਆਰੇ ਹਨ–

ਨੀਵੇਂ ਮਨਾਂ ਵਾਲੇ ਸੁੱਚੇ ਤਨਾਂ ਵਾਲੇ,
ਉੱਚੀ ਮਤ ਵਾਲੇ ਤੇਗਾਂ ਹਲਾਂ ਵਾਲੇ,
ਜਦ ਵੀ ਉੱਠਦੇ ਵਰੋਲੇ ਧਰਤ ਪੱਧਰੀ ਚੋਂ,
ਨੀਲੇ ਅੰਬਰ ਨੂੰ ਬੰਸਤਰੀ ਰੰਗ ਦਿੰਦੇ।
ਇਹਨਾਂ ਨਾਗਾਂ ਨੂੰ ਜੋਗੀਆ ਪਰਖ ਨਾ ਓਏ,
ਇਹ ਤਾਂ ਪੂਛ ਦੇ ਨਾਲ ਵੀ ਡੰਗ ਦਿੰਦੇ।

ਕਿਰਸਾਨੀ ਅੰਦੋਲਨ ਨੇ ਇਕੱਵੀਂ ਸਦੀ ਵਿੱਚ ਸਿੱਖ ਇਤਿਹਾਸ ਦੇ ਪੰਨਿਆਂ ਨੂੰ ਮੁੜ ਦੁਹਰਾਅ ਦਿੱਤਾ ਹੈ। ਇਸ ਸੰਘਰਸ਼ ਨੇ ਜਿੱਥੇ ਕਿਰਸਾਨੀ ਹੱਕਾਂ ਲਈ ਮਰ ਮਿਟਣ ਦੀ ਰੂਹ ਫੂਕੀ ਓੱਥੇ ਇਸ ਦੀ ਵਿਲੱਖਣਤਾ ਵੀ ਬੜੀ ਅਹਿਮ ਰਹੀ ਹੈ। ਅੱਜ ਜਦੋਂ ਦਿੱਲੀ ਦੀਆਂ ਸਰਹੱਦਾਂ ਤੋਂ ਕਿਰਸਾਨ ਵਾਪਸ ਆਪਣੇ ਘਰਾਂ ਨੂੰ ਆਉਣ ਦੀ ਤਿਆਰੀ ਕਰਨ ਲੱਗੇ ਤਾਂ ਆਮ ਲੋਕ ਜਿੰਨ੍ਹਾਂ ਦਾ ਸਿੱਖ ਭਾਈਚਾਰੇ ਨਾਲ ਕੋਈ ਬਹੁਤਾ ਵਾਹ ਵਾਸਤਾ ਨਹੀਂ ਸੀ ਉਹ ਵੀ ਭਾਵਕ ਹੋਣੋ ਨਹੀਂ ਰਹਿ ਸਕੇ। ਭਾਈ ਸੋਹਨ ਸਿੰਘ ਸੀਤਲ ਤੋਂ ਜਦੋਂ ਇਹ ਸਵਾਲ ਪੁੱਛਿਆ ਗਿਆ ਕਿ ਸਿੱਖ ਦਾ ਭੋਜਨ ਕਿਹੋ ਜੇਹਾ ਹੋਵੇ ਤਾਂ ਉਹਨਾਂ ਇਕੋ ਸਤਰ ਵਿਚ ਕਹਿ ਦਿੱਤਾ ਸੀ ਕਿ ਸਿੰਘ ਛੱਕਦੇ ਹੋਣ ਬਾਕੀ ਰੱਜਦੇ ਹੋਣ। ਕਿਰਸਾਨੀ ਸੰਘਰਸ਼ ਵਿਚ ਸਜਾਇਆ ਗਿਆ ਲੰਗਰ ਕੇਵਲ ਕਿਰਸਾਨਾਂ ਲਈ ਨਹੀਂ ਸੀ ਇਸ ਦਾ ਖੇਤਰ ਬਹੁਤ ਵਿਸ਼ਾਲ ਸੀ। ਇਸ ਲੰਗਰ ਵਿਚੋਂ ਕੋਈ ਵੀ ਛੱਕ ਸਕਦਾ ਸੀ।

ਅੱਜ ਮੀਡੀਏ ਦਾ ਯੁੱਗ ਹੈ ਹਰ ਚੰਗੀ ਮਾੜੀ ਖਬਰ ਮਿੰਟਾਂ ਵਿਚ ਖਿ਼ਲਰ ਜਾਂਦੀ ਹੈ। ਸਿਦਕ ਸੰਜਮ ਸੰਤੋਖ ਦੀਆਂ ਬਰਕਤਾਂ ਨੂੰ ਦੁਨੀਆਂ ਨੇ ਦੇਖਿਆ। ਕਿਦਾਂ 40 ਡਿਗਰੀ ਤੋਂ ਉੱਪਰ ਵਾਲੀ ਗਰਮੀ ਤੇ ਮਨਫੀ ਡਿਗਰੀ ਵਾਲੀ ਠੰਡ, ਗੋਡੇ-ਗੋਡੇ ਪਾਣੀ ਅਤੇ ਮੱਛਰਾਂ ਦੀ ਮਾਰ ਹੇਠ ਮੰਜਾ ਡਾਹੀ ਬਜ਼ੁਰਗਾਂ ਨੂੰ ਦੇਖਿਆ। ਏਡਾ ਲੰਮਾਂ ਸੰਘਰਸ਼ ਦੁਨੀਆਂ ਨੇ ਪਹਿਲੀ ਵਾਰ ਦੇਖਿਆ। ਬਲੱਗਣ ਦੀਆਂ ਸਤਰਾਂ ਬੜੀਆਂ ਭਾਵ ਪੂਰਤ ਹਨ—

ਕਦਰ ਜ਼ਿੰਦਗੀ ਉਈਓ ਪਾ ਸਕਦਾ,
ਜਿਹੜੀ ਕੌਮ ਨੂੰ ਮਰਨ ਦਾ ਝੱਲ ਪੈ ਜਾਏ।
ਪੈਂਦਾ ਅੰਤ ਨੂੰ ਮੁੱਲ ਕੁਰਬਾਨੀਆਂ,
ਭਾਵੇਂ ਅੱਜ ਪੈ ਜਾਏ ਭਾਵੇਂ ਕਲ੍ਹ ਪੈ ਜਾਏ।

ਕਿਰਸਾਨੀ ਸੰਘਰਸ਼ ਦੌਰਾਨ ਲੰਗਰਾਂ ਦੀ ਪ੍ਰੰਪਰਾਵਾਂ ਤੇ ਇਸ ਦੇ ਵਿਸਥਾਰ ਨੂੰ ਦੁਨੀਆਂ ਨੇ ਅੱਖੀਂ ਦੇਖਿਆ। ਲੰਗਰ ਦੀਆਂ ਸ਼ਾਨਾਂ-ਮਤੀ ਰਵਾਇਤ ਦੇਖ ਕੇ ਕਿਸਾਨ ਯੂਨੀਅਨ ਦੇ ਆਗੂ ਭਾਈ ਰਾਕੇਸ਼ ਟਕੈਤ ਨੂੰ ਕਹਿਣਾ ਪਿਆ ਕਿ ਮੰਦਰਾਂ ਵਿਚ ਚੜ੍ਹੇ ਪੈਸੇ ਦਾ ਕੀ ਲਾਭ ਹੈ ਜੇ ਉਹ ਚਾਹ ਦਾ ਕੱਪ ਵੀ ਨਹੀਂ ਪਿਲਾ ਸਕਦੇ। ਬੰਗਲਾ ਸਾਹਿਬ ਦੀ ਸਟੇਜ ਤੋਂ ਭਾਈ ਟਕੈਤ ਜੀ ਨੇ ਇਕ ਹੋਰ ਬੜੀ ਪਿਆਰੀ ਗੱਲ ਕਹੀ ਕਿ ਅਸੀਂ ਤਿੰਨ ਸੌ ਸਾਲ ਤੋਂ ਵਿਛੜੇ ਹੋਏ ਸੀ ਕਿਰਸਾਨੀ ਅੰਦੋਲਨ ਨੇ ਸਾਨੂੰ ਫਿਰ ਮਿਲਾ ਦਿੱਤਾ।

ਕਿਰਸਾਨੀ ਸੰਘਰਸ਼ ਨੇ ਸਾਰੇ ਭਾਰਤ ਵਿਚ ਭਾਈਚਾਰਕ ਸਾਂਝ ਨੂੰ ਨਵੀਂ ਸੇਧ ਦਿੱਤੀ ਹੈ। ਖਾਸ ਤੌਰ 'ਤੇ ਸਾਡਾ ਆਪਣਾ ਪੰਜਾਬ (ਹਰਿਆਣਾ) ਇੰਝ ਇਕੱਠੇ ਹੋਏ ਹਨ ਜਿਵੇਂ ਅਸੀਂ ਕਦੇ ਵਿਛੜੇ ਹੀ ਨਹੀਂ ਸੀ। ਪੰਜਾਬ ਤੇ ਹਰਿਆਣੇ ਵਿਚ ਨਵੀਂ ਚੇਤਨਤਾ, ਅਹਿਸਾਸ, ਪਿਆਰ ਤੇ ਮੁਹੱਬਤ ਦਾ ਮੋਹ ਦੇਖਣ ਨੂੰ ਮਿਲਿਆ। ਸਿੰਘੂ, ਟਿਕਰੀ ਗਾਜ਼ੀਆਬਾਦ ਦੇ ਸਿਰਜੇ ਮਾਹੌਲ ਦੀਆਂ ਤਸਵੀਰਾਂ ਧੀਆਂ, ਮਾਵਾਂ ਤੇ ਭੈਣਾਂ ਨੇ ਦੇਖ ਕੇ ਕਹਿਆ ਕਿ ਭਾਰਤ ਵਿਚ ਰਾਜ ਅਜੇਹੇ ਸੱਚੇ ਸੁੱਚੇ ਕਿਰਦਾਰ ਵਾਲੇ ਸਿੱਖਾਂ ਨੂੰ ਦੇ ਦੇਣਾ ਚਾਹੀਦਾ ਹੈ। ਅੱਜ ਜਦੋਂ ਵਿਛੜਨ ਦਾ ਸਮਾਂ ਆਇਆ ਤਾਂ ਬਹੁਤ ਭੈਣਾਂ ਵੈਰਾਗ ਨਾਲ ਭਰੀਆਂ ਹੋਈਆਂ ਦੇਖੀਆਂ ਗਈਆਂ।

ਕਿਰਸਾਨੀ ਸੰਘਰਸ਼ ਵਿਚੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਰੂਹ ਦਿਸਦੀ ਸੀ। ਸੰਯੁਕਤ ਮੋਰਚੇ ਨੇ ਅਨੁਸ਼ਾਸ਼ਨ ਦੀਆਂ ਨਵੀਆਂ ਪਿਰਤਾਂ ਪਾਈਆਂ। ਏਨਾ ਲੰਮਾ ਤੇ ਏਨਾ ਜ਼ਿਆਦਾ ਸੰਗਤ ਨੂੰ ਜਾਬਤੇ ਵਿਚ ਰੱਖਣਾ ਕੋਈ ਸੌਖਾ ਕੰਮ ਨਹੀਂ ਸੀ।

**ਨਵੀਆਂ ਪ੍ਰੰਪਰਾਵਾਂ ਵੇਖੀਆਂ**

ਸਭ ਤੋਂ ਪਹਿਲੀ ਗੱਲ ਕਿ ਕਿਰਸਾਨ ਜੱਥੇਬੰਦੀਆਂ ਦਾ ਏਕਤਾ ਤੇ ਜਾਬਤਾ ਭਾਰਤ ਦੀ ਕੇਂਦਰੀ ਸਰਕਾਰ ਨੂੰ ਝੁਕਣ ਲਈ ਮਜ਼ਬੂਰ ਕਰ ਗਿਆ। ਕਿਰਸਾਨ ਜੱਥੇਬੰਦੀਆਂ ਨੇ ਏਨੀ ਬਰੀਕੀ ਨਾਲ ਇਤਿਆਦ ਵਰਤਿਆ ਕਿ ਸਰਕਾਰੀ ਏਜੰਸੀਆਂ ਤੇ ਸਮਾਜ ਵਿਰੋਧੀ ਅਨਸਰ ਇਸ ਏਕਤਾ ਨੂੰ ਢਾਹ ਨਹੀਂ ਲਾ ਸਕੇ।

ਕਿਰਸਾਨ ਜੱਥੇਬੰਦੀਆਂ ਨੇ ਐਲਾਨ ਕੀਤਾ ਕਿ ਕਿਰਸਾਨ ਪਹਿਲੇ ਛੇ ਮਹੀਨਿਆਂ ਦਾ ਰਾਸ਼ਨ ਨਾਲ ਲੈ ਕੇ ਆਉਣਗੇ, ਅੱਗੇ ਕੀ ਹੁੰਦਾ ਹੈ ਫਿਰ ਦੇਖਿਆ ਜਾਏਗਾ। ਪਿੰਡਾਂ ਵਾਲੇ ਇਕ ਟਰਾਲੀ ਵਿਚ ਆਪ ਬੈਠੇ ਤੇ ਦੂਜੀ ਟਰਾਲੀ ਵਿਚ ਲੰਗਰ ਦਾ ਬੰਦੋਬਸਤ ਕੀਤਾ ਹੋਇਆ ਸੀ। ਹਰੇਕ ਟ੍ਰੈਕਟਰ ਪਿੱਛੇ ਦੋ ਟਰਾਲੀਆਂ ਤੇ ਪਾਣੀ ਵਾਲਾ ਟੈਂਕਰ ਸੀ। ਨੰਗੇ ਧੜ ਭਾਰਤ ਦੀ ਮਜ਼ਬੂਤ ਸਰਕਾਰ ਨਾਲ ਪੰਜਾਬ ਦੇ ਕਿਰਸਾਨ ਤੇ ਮਜ਼ਦੂਰ ਗੁਰੂ ਦਾ ਆਸਰਾ ਰੱਖ ਕੇ ਤੁਰੇ। ਅਜੀਬ ਕਹਾਣੀ ਹੈ ਕਿ ਹਰਿਆਣੇ ਵਾਲਿਆਂ ਅਪਣੱਤ ਦਿਖਉਂਦਿਆਂ ਪੰਜਾਬ ਦੇ ਕਿਰਸਾਨਾਂ ਦੇ ਅੱਗੇ ਪਿੱਛੇ ਹੋ ਕੇ ਮੋਰਚੇ ਦੀ ਤਾਕਤ ਵਧਾ ਦਿੱਤੀ। ਹਰਿਆਣੇ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੋਣ ਕਰਕੇ ਦਿੱਲੀ ਪ੍ਰਭੂਆਂ ਨੂੰ ਖੁਸ਼ ਕਰਨ ਲਈ ਕਿਰਸਾਨੀ ਸੰਘਰਸ਼ ਨੂੰ ਰੋਕਣ ਲਈ ਹਰ ਪ੍ਰਕਾਰ ਦਾ ਹਰਬਾ ਵਰਤਿਆ। ਦਿੱਲੀ ਤਕ ਪਹੁੰਚਣ ਲਈ ਕਿਰਸਾਨਾਂ ਨੂੰ ਹਰਿਆਣਾ ਸਰਕਾਰ ਦਾ ਹਰ ਤਸ਼ੱਦਦ ਆਪਣੇ ਪਿੰਡੇ ਤੇ ਸਹਿਣਾ ਪਿਆ। ਸਰਕਾਰੀ ਅਤਿਆਚਾਰ ਦੀ ਭੱਠੀ ਵਿਚੋਂ ਕਿਰਸਾਨੀ ਮੋਰਚਾ ਖਰਾ ਸੋਨਾ ਬਣ ਕੇ ਲਿਸ਼ਕਿਆ। ਕਿਰਸਾਨਾਂ ਦੀ ਰੂਹਾਨੀਅਤ ਸਬੰਧੀ ਚੰਦ ਸਤਰਾਂ ਹਨ—

ਉਹ ਕਿਹੜੀ ਧਰਤੀ ਏ, ਜਿੱਥੇ ਬੇ-ਪਰਵਾਹੀਆਂ ਨੇ?

ਧੁੱਖਾਂ ਵਿਚ, ਭੁੱਖਾਂ ਵਿਚ,
ਲੋੜਾਂ ਵਿਚ ਥੋੜਾਂ ਵਿਚ,
ਸਰਦੀ ਵਿਚ ਗਰਮੀ ਵਿਚ,
ਸਖਤੀ ਵਿਚ, ਨਰਮੀ ਵਿਚ,
ਇਕੋ ਬੇ ਫਿਕਰੀ ਏ
ਇਕੋ ਖੁਸ਼ਹਾਲੀ ਏ।
ਜਿੰਨਾ ਕੁ ਦੁੱਖ ਹੋਵੇ,
ਉਨਾਂ ਹੀ ਹੱਸਦੇ ਨੇ,
ਜਿੰਨਾ ਕੁ ਉਜੜਦੇ,
ਉਨਾ ਹੀ ਵਸਦੇ ਨੇ।

ਕਿਰਸਾਨਾਂ ਦਾ ਜੋਸ਼ ਸਿਦਕ, ਇਮਨਾਦਾਰੀ, ਸਬਰ, ਸੰਤੋਖ ਦੇਖ ਕੇ ਸਮਾਜ ਸੇਵੀ ਜੱਥੇਬੰਦੀਆਂ ਨੇ ਆਪੇ ਹੀ ਆਪਣਾ ਸਹਿਯੋਗ ਦੇਣਾ ਸ਼ੁਰੂ ਕੀਤਾ। ਮੁਲਕ ਦੇ ਹਰ ਵਰਗ ਨੇ ਕਿਰਸਾਨੀ ਮੋਰਚੇ ਨੂੰ ਆਪਣਾ ਹਰ ਪ੍ਰਕਾਰ ਦਾ ਸਾਥ ਦਿੱਤਾ। ਕੁਝ ਦਿਨਾਂ ਵਿਚ ਹੀ ਦਿੱਲੀ ਦੀਆਂ ਹੱਦਾਂ 'ਤੇ ਕਿਰਸਾਨੀ ਅੰਦੋਲਨ ਨੇ ਇਕ ਵੱਖਰੇ ਪਿੰਡ ਦਾ ਰੂਪ ਧਾਰਨ ਕਰ ਲਿਆ। ਦਿੱਲੀ ਸ਼ਹਿਰ ਦੇ ਲੋਕ ਆਪਣੇ ਬੱਚਿਆਂ ਨੂੰ ਕਿਰਸਾਨੀ ਸੰਘਰਸ਼ ਦੀਆਂ ਝਲਕੀਆਂ ਦਿਖਾਉਣ ਲਈ ਆਪ ਮੁਹਾਰੇ ਇਸ ਵੇਗ ਵਿਚ ਵਹਿ ਤੁਰੇ।

ਪਹਿਲਾਂ ਪਹਿਲ ਸਥਾਨਕ ਲੋਕਾਂ ਨੂੰ ਥੋੜੀ ਔਖਿਆਈ ਮਹਿਸੂਸ ਹੋਈ ਪਰ ਥੋੜੇ ਸਮੇਂ ਵਿਚ ਹੀ ਉਹਨਾਂ ਨੂੰ ਸਮਝ ਆ ਗਈ ਕਿ ਇਹ ਲੋਕ ਦਿੱਲ ਦੇ ਸਾਫ਼, ਇਮਾਨਦਾਰ ਤੇ ਦਿਆਨਤਦਾਰ ਹਨ। ਇਹ ਆਪਣੇ ਹੱਕ ਲੈਣ ਲਈ ਰੜੇ ਮੈਦਾਨ ਦਿਨ ਰਾਤ ਤਕਲੀਫਾਂ ਕੱਟ ਰਹੇ ਹਨ। ਕਿਰਸਾਨੀ ਮੋਰਚਾ ਦਿਨ-ਬ-ਦਿਨ ਇਕ ਤੀਰਥ ਬਣਦਾ ਜਾ ਰਿਹਾ ਸੀ। ਸਾਰੇ ਭਾਰਤ ਵਿਚੋਂ ਲੋਕ ਇਹ ਮੋਰਚਾ ਦੇਖਣ ਆਏ। ਇਸ ਸੰਘਰਸ਼ ਦੀ ਗੂੰਜ ਦੁਨੀਆਂ ਵਿਚ ਗੂੰਜੀ।

ਇਸ ਮੋਰਚੇ ਦੀਆਂ ਪ੍ਰਾਪਤੀਆਂ ਗਿਣੀਆਂ ਨਹੀਂ ਜਾ ਸਕਦੀਆਂ। ਸਭ ਤੋਂ ਪਹਿਲੀ ਪ੍ਰਾਪਤੀ ਇਹ ਮੋਰਚਾ ਇਕ ਜਾਬਤੇ ਵਿਚ ਰਿਹਾ ਹੈ। ਥੋੜੇ ਸਮੇਂ ਵਿਚ ਹੀ ਕਈ ਵਾਰੀ ਲੋਕ ਅੱਕ ਜਾਂਦੇ ਹਨ ਪਰ ਏਥੇ ਅੱਕੇ ਨਹੀਂ ਸਗੋਂ ਸਿਦਕ ਵਲੋਂ ਪੱਕੇ ਹੋਏ ਹਨ। ਕਿਰਸਾਨਾਂ ਨੇ ਆਪਣੀ ਵਿਰਾਸਤ ਨੂੰ ਸੰਭਾਲਦਿਆਂ ਬਹੁਤ ਸੰਤੋਖ ਵਿਚ ਰਹਿ ਕੇ ਪੱਕੇ ਤੌਰ ’ਤੇ ਬੈਠ ਗਏ ਕਿ ਬਿਨਾ ਆਪਣੇ ਹੱਕ ਲਿਆਂ ਅਸੀਂ ਕਦੀ ਵੀ ਪਿੱਛੇ ਨਹੀਂ ਪਰਤਾਂਗੇ।

ਇਸ ਮੋਰਚੇ ਨੇ ਸ਼ਾਤਮਈ ਰਹਿ ਕੇ ਨਵਾਂ ਇਤਿਹਾਸ ਸਿਰਜਿਆ ਹੈ। ਇਹ ਵੀ ਇਕ ਸੱਚ ਹੈ ਕਿ ਇਤਿਹਾਸ ਵਿਚ ਏਨਾ ਲੰਮਾ ਸਮਾਂ ਕੋਈ ਮੋਰਚਾ ਨਹੀਂ ਚੱਲਿਆ ਹੋਵੇ।

ਕਿਰਸਾਨੀ ਮੋਰਚੇ ਨੇ ਵੱਖਵਾਦ, ਭਰਮ, ਭੇਦ, ਨਸਲਵਾਦ ਦੇ ਕੋਹੜ ਨੂੰ ਸਾਫ਼ ਕਰਦਿਆਂ ਮਨੁੱਖੀ ਭਾਈਚਾਰੇ ਨੂੰ ਆਪਣੀ ਪਿਆਰ ਭਰੀ ਗਲਵੱਕੜੀ ਵਿਚ ਲਿਆ ਹੈ।

ਕੇਂਦਰੀ ਸਰਕਾਰ ਦੇ ਹੰਕਾਰੀ ਹਾਕਮਾਂ ਨਾਲ ਗਿਆਰਾਂ ਗੇੜ ਦੀ ਗੱਲਬਾਤ ਹੋਈ। ਹਰ ਵਾਰ ਸਰਕਾਰ ਕਿਰਸਾਨਾਂ ਤੇ ਦਬਾਅ ਦੀ ਨੀਤੀ ਹੀ ਵਰਤਦੀ ਰਹੀ। ਮੰਤ੍ਰੀ ਤੇ ਆਲ੍ਹਾ ਅਧਿਕਾਰੀ ਕਿਰਸਾਨਾਂ ਦੀਆਂ ਦਲੀਲਾਂ ਦਾ ਕੋਈ ਜੁਆਬ ਨਾ ਦੇ ਸਕੇ। ਕਿਰਸਾਨ ਇਕੋ ਮੰਗ 'ਤੇ ਅੜੇ ਰਹੇ ਕਿ ਪਹਿਲਾਂ ਕਾਨੂੰਨ ਰੱਦ ਕਰੋ ਪਰ ਸਰਕਾਰ ਦਾ ਪੂਰਾ ਜ਼ੋਰ ਲੱਗਿਆ ਸੀ ਕਿ ਰੱਦ ਨਾ ਕਰਾਓ ਇਸ ਸੋਧਾਂ ਜਿੰਨੀਆਂ ਮਰਜ਼ੀ ਕਰਾ ਲਓ।

ਸਰਕਾਰ ਪੱਖੀ ਮੀਡੀਆ ਨੇ ਕਿਰਸਾਨ ਨੂੰ ਬਦਨਾਮ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਏਦਾਂ ਕਹਿਆ ਜਾ ਸਕਦਾ ਹੈ ਕਿ ਹਰ ਝੂਠ ਨੂੰ ਸਰਕਾਰ ਦੇ ਪੱਖ ਵਿਚ ਭੁਗਤਾਉਣ ਲਈ ਰੱਜ ਕੇ ਕਿਰਸਾਨੀ ਮੋਰਚੇ ਨੂੰ ਭੰਡਿਆ। ਭਾਜਪਈ ਪੱਖੀ ਵਿਦਵਾਨਾਂ ਨੇ ਕਾਲੇ ਕਾਨੂੰਨਾਂ ਦੇ ਲਾਭ ਵਧਾ ਚੜ੍ਹਾ ਕਿ ਪੇਸ਼ ਕੀਤੇ। ਸਰਕਾਰੀ ਵਿਦਵਾਨਾਂ ਨੇ ਸਰਕਾਰ ਦੇ ਪੱਖ ਨੂੰ ਸਾਹਮਣੇ ਰੱਖ ਕੇ ਕਿਰਸਾਨੀ ਮੋਰਚੇ ਨੂੰ ਗਲਤ ਸਾਬਤ ਕਰਨ ਦਾ ਪੂਰਾ ਯਤਨ ਕੀਤਾ।

ਜੇ ਬੂਥਾ ਮੁਖੀ (ਫੇਸ-ਬੁਕ) ਟੀਵੀ ਚੈਨਲ ਨਾ ਹੁੰਦੇ ਤਾਂ ਸਰਕਾਰੀ ਪ੍ਰੈਸ ਰਿਪੋਰਟਾਂ ਨੇ ਮੋਰਚੇ ਨੂੰ ਪੂਰੀ ਤਰ੍ਹਾਂ ਬਦਨਾਮ ਕਰ ਦੇਣਾ ਸੀ। ਫੇਸ ਬੁਕੀ ਚੈਨਲਾਂ ਨੇ ਕਿਰਸਾਨਾਂ ਦੇ ਪੱਖ ਨੂੰ ਪੁੱਖਤਾ ਤੇ ਪੇਸ਼ੇਵਰ ਤਰੀਕੇ ਨਾਲ ਦੁਨੀਆਂ ਦੇ ਸਾਹਮਣੇ ਰੱਖਿਆ। ਕਿਰਸਾਨੀ ਮੋਰਚੇ ਤੋਂ ਸਮਝ ਪੈਂਦੀ ਹੈ ਕਿ ਸਰਕਾਰ ਆਪਣੀ ਗੱਲ ਮਨਾਉਣ ਲਈ ਨੀਵੇਂ ਪੱਧਰ ਤੇ ਵੀ ਜਾ ਸਕਦੀ ਹੈ।

ਦੁਨੀਆਂ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਕਿ ਪਾਰਲੀਮੈਂਟ ਸ਼ੈਸ਼ਨ ਦੀ ਤਰ੍ਹਾਂ ਕਿਰਸਾਨਾਂ ਨੇ ਆਪਣੀ ਸੰਸਦ ਚਲਾਈ। ਦੁਨੀਆਂ ਨੇ ਸ਼ੋਸ਼ਲ ਮੀਡੀਏ ’ਤੇ ਇਹ ਸਾਰਾ ਕੁਝ ਦੇਖਿਆ ਪਰ ਨੈਸ਼ਨਲ ਪੱਧਰ ਦੇ ਮੀਡੀਏ ਨੇ ਕਿਸਾਨਾਂ ਦੇ ਵਿਰੁੱਧ ਅਤੇ ਸਰਕਾਰ ਦੇ ਹੱਕ ਵਿਚ ਵੱਡੇ ਪੱਧਰ ਦੇ ਪ੍ਰਾਪੇਗੰਡਾ ਚਲਾਇਆ।

ਦੇਸ਼ ਦਾ ਪ੍ਰਧਾਨ ਮੰਤ੍ਰੀ ਜਦੋਂ ਯੂ.ਐੱਨ.ਓ ਵਿਚ ਗਿਆ ਤਾਂ ਉਸ ਦਾ ਜ਼ਬਰਦਸਤ ਵਿਰੋਧ ਹੋਇਆ ਇੱਥੋਂ ਤਕ ਕਿ ਜਿੱਥੇ ਪ੍ਰਧਾਨ ਮੰਤ੍ਰੀ ਠਹਿਰਿਆ ਹੋਇਆ ਸੀ ਕਿਰਸਾਨਾਂ ਨਾਲ ਸਬੰਧ ਰੱਖਣ ਵਾਲੇ ਵੀਰਾਂ ਭੈਣਾਂ ਨੇ ਉਸ ਥਾਂ ਨੂੰ ਵੀ ਘੇਰ ਕੇ ਰੋਸ ਪ੍ਰਗਟ ਕੀਤਾ।

ਕਿਰਸਾਨੀ ਸੰਘਰਸ਼ ਨੂੰ ਐੱਨ.ਆਰ.ਆਈ ਵੀਰਾਂ-ਭੈਣਾਂ ਨੇ ਹਰ ਪ੍ਰਕਾਰ ਦੀ ਸਹਾਇਤਾ ਭੇਜੀ ਹੈ। ਸਟੀਲ ਦੇ ਰੈਣ ਬਸੇਰੇ, ਕੂਲਰ, ਪੱਖੇ, ਏ.ਸੀ, ਕੱਪੜੇ ਧੋਣ ਵਾਲੀਆਂ ਮਸ਼ੀਨਾਂ, ਦਵਾਈਆਂ ਤੇ ਰੋਜ਼ਮਰਾ ਦੀਆਂ ਸਾਰੀਆਂ ਵਸਤੂਆਂ ਉਹਨਾਂ ਨੇ ਮਹੱਈਆ ਕਰਾਈਆਂ। ਮੁਲਕ ਵਿਚੋਂ ਵੀ ਹਰੇਕ ਕਿਸੇ ਕਿਸੇ ਕਿਸਮ ਦਾ ਆਪਣਾ ਭਰਵਾਂ ਸਹਿਯੋਗ ਦਿੱਤਾ।

ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧ ਰੱਖਦਾ ਇਕ ਨੌਜਵਾਨ ਜੁੱਤੀਆਂ ਗੰਢਣ ਦੀਆਂ ਸੇਵਾਵਾਂ ਨਿਭਾਉਂਦਾ ਰਿਹਾ। ਗੁਰੂ ਨਾਨਕ ਸਾਹਿਬ ਜੀ ਨੇ ਜੋ ਸੇਵਾ ਦਾ ਸੰਕਲਪ ਦਿੱਤਾ ਸੀ ਉਹ ਇਸ ਮੋਰਚੇ ਵਿਚੋਂ ਸੰਸਾਰ ਭਰ ਦੇ ਲੋਕਾਂ ਨੇ ਅੱਖੀਂ ਦੇਖਿਆ। ਗੈਰ ਸਿੱਖ ਪ੍ਰਵਾਰਾਂ ਅਤੇ ਉਹਨਾਂ ਦੀਆਂ ਬੱਚੀਆਂ ਨੇ ਵੱਖ ਵੱਖ ਸੇਵਾਂਵਾਂ ਵਿਚ ਆਪਣਾ ਯੋਗਦਾਨ ਪਾਇਆ।

**ਕਿਰਸਾਨ ਨੀਤੀਵਾਨ ਹੋ ਕੇ ਚੱਲੇ**

ਕਿਰਸਾਨੀ ਸੰਘਰਸ਼ ਦੇ ਆਗੂਆਂ ਨੇ ਬਹੁਤ ਹੀ ਸੂਝ ਬੂਝ ਤੋਂ ਕੰਮ ਲਿਆ ਹੈ। ਹਰੇਕ ਮਸਲਾ ਆਪਸੀ ਸਹਿਮਤੀ ਨਾਲ ਲਿਆ ਗਿਆ। ਕਿਰਸਾਨ ਜਦੋਂ ਵੀ ਕੇਂਦਰ ਦੇ ਪ੍ਰਭੂਆਂ ਨਾਲ ਗੱਲ ਕਰਨ ਗਏ ਹਨ ਤਾਂ ਉਹਨਾਂ ਨੇ ਸਰਕਾਰੀ ਚਾਹ ਪਾਣੀ ਨਹੀਂ ਪੀਤਾ ਤੇ ਨਾ ਹੀ ਉਹਨਾਂ ਵਲੋਂ ਪ੍ਰਸ਼ਾਦਾ ਪਾਣੀ ਛੱਕਿਆ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਮੀਟਿੰਗ ਦੌਰਾਨ ਲੰਗਰ ਦਾ ਪ੍ਰਬੰਧ ਕੀਤਾ ਗਿਆ। ਜ਼ਮੀਨ ਨਾਲ ਜੁੜੇ ਕਿਰਸਾਨਾਂ ਨੇ ਜ਼ਮੀਨ 'ਤੇ ਬੈਠ ਕੇ ਹੀ ਪ੍ਰਸ਼ਾਦਾ ਛੱਕਿਆ। ਹੈਰਾਨਗੀ ਦੀ ਗੱਲ ਦੇਖੋ ਸਰਕਾਰ ਕੋਲ ਬਹੁਤ ਹੀ ਉੱਚ ਪੱਧਰ ਦੇ ਕਾਨੂੰਨੀ ਮਾਹਰ ਖੇਤੀ ਨਾਲ ਸਬੰਧਿਤ ਮਾਹਰਬੈਠੇ ਹੋਣ ਦੇ ਬਾਵਜੂਦ ਵੀ ਸਰਕਾਰ ਕਿਰਸਾਨਾਂ ਦੇ ਉੱਤਰ ਦੇਣ ਤੋਂ ਅਸਮਰੱਥ ਰਹੀ। ਮੰਤ੍ਰੀ ਹੌਲੀ ਹੌਲੀ ਮੰਨਣ ਲੱਗ ਪਏ ਇਹਨਾਂ ਕਾਨੂੰਨਾਂ ਵਿਚ ਕਮੀਆਂ ਰਹਿ ਗਈਆਂ ਹਨ।

ਕਿਰਸਾਨੀ ਅੰਦੋਲਨ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਲੋਕ ਰਾਜ ਵਿਚ ਵਜ਼ੀਰ ਵੱਡਾ ਨਹੀਂ ਹੁੰਦਾ ਸਗੋਂ ਲੋਕ ਰਾਇ ਵੱਡੀ ਹੁੰਦੀ ਹੈ।

ਸਰਕਾਰੀ ਮੀਡੀਆ ਪਹਿਲਾਂ ਇਹ ਵਿਚਾਰ ਦਿੰਦਾ ਰਿਹਾ ਹੈ ਕਿ ਤਿੰਨ ਖੇਤੀ ਕਾਨੂੰਨਾਂ ਨਾਲ ਕਿਰਸਾਨਾਂ ਦੀ ਆਮਦਨ ਦੂਗਣੀ ਹੋ ਜਾਏਗੀ। ਫਿਰ ਇਹ ਕਹਿਣਾ ਸ਼ੁਰੂ ਕੀਤਾ ਕਿ ਇਹ ਅੰਦੋਲਨ ਨੂੰ ਕੁਝ ਲੋਕ ਚਲਾ ਰਹੇ ਹਨ। ਧਰਤੀ ਦੀ ਹਿੱਕ ਫੋਲਣ ਵਾਲਿਆਂ ਨੂੰ ਕਦੇ ਖਾਲਿਸਤਾਨੀ, ਮਾਓਵਾਦੀ, ਅੱਤਕਵਾਦੀ ਤੇ ਕਦੇ ਦੇਸ਼ ਦੇ ਟੁਕੜੇ ਕਰਨ ਵਾਲੇ ਕਹਿਆ ਗਿਆ ਪਰ ਕਿਰਸਾਨਾਂ ਜਾਬਤੇ ਵਿਚ ਹੀ ਰਹਿ ਕੇ ਸਾਬਤ ਕੀਤਾ ਕਿ ਅਸੀਂ ਆਪਣੇ ਹੱਕ ਲੈਣ ਲਈ ਆਏ ਹਾਂ। ਕਿਸਾਨ ਕਦੇ ਵੀ ਉਕਸਾਊ ਨਹੀਂ ਹੋਏ।

ਕੇਵਲ ਮੋਦੀ ਸਰਕਾਰ ਦਾ ਪੱਖ ਪੂਰਨ ਵਾਲੇ ਮੀਡੀਏ ਦਾ ਨਾਂ ਹੀ ਗੋਦੀ ਮੀਡੀਆ ਰੱਖ ਦਿੱਤਾ। ਇਸ ਮੀਡੀਏ ਨੇ ਮੋਦੀ ਸਬੰਧੀ ਇਹ ਸ਼ਬਦ ਵੀ ਕਹੇ ਕਿ ਮੋਦੀ ਆਪਣੇ ਬਚਨਾਂ ਤੋਂ ਕਦੇ ਵੀ ਪਿੱਛੇ ਨਹੀਂ ਹੱਟਦਾ ਪਰ ਕਿਰਸਾਨਾਂ ਦੇ ਸਬਰ, ਸਿਦਕ ਅਤੇ ਸੰਤੋਖ ਅੱਗੇ ਉਸ ਨੂੰ ਗੋਡੇ ਟੇਕਣੇ ਪਏ। ਦੇਸ਼ ਦਾ ਪ੍ਰਧਾਨ ਮੰਤ੍ਰੀ ਇਸ ਦੇ ਵਜ਼ੀਰ ਉੱਚ ਅਫਸਰ ਭਾਂਵੇਂ ਪਿੰਡਾਂ ਵਿਚੋਂ ਆਏ ਹੋਣਗੇ ਪਰ ਪਿੰਡਾਂ ਦੀ ਅਸਲੀਅਤ ਨੂੰ ਭੁੱਲ ਚੁੱਕੇ ਹਨ ਕਰਤਾਰ ਸਿੰਘ ਬਲੱਗਣ ਦੀਆਂ ਚੰਦ ਸਤਰਾਂ ਹਨ—

ਉਹ ਕਿਹੜੀ ਦੁਨੀਆਂ ਏ ਜਿੱਥੇ ਦੁਨੀਆਂ ਪਲ਼ਦੀ ਏ,

ਜਿੱਥੋਂ ਦੇ ਭੁੱਖੇ ਵੀ ਦੁਨੀਆਂ ਦੇ ਰਾਜ਼ਕ ਨੇ।

ਦੁਨੀਆਂ ਦੀਆਂ ਮੰਡੀਆਂ ਵਿਚ ਜਿਦ੍ਹੀ ਧਾਰਨਾ ਭਾਰੀ ਏ,

ਪੁੱਤ ਜਿਦ੍ਹੇ ਭੁੱਖੇ ਨੇ ਪਰ ਆਪ ਭੰਡਾਰੀ ਏ।

ਤੱਖਤਾਂ ਦੇ ਪਾਵੇ ਨੇ ਪਰ ਭੁੰਜੇ ਬਹਿੰਦੇ ਨੇ,

ਕਿਰਸਾਨੀ ਮੋਰਚੇ ਦੀ ਜਿੱਤ ਨੇ ਕੇਂਦਰ ਦੀ ਸਰਕਾਰ ਨੂੰ ਇਹ ਅਹਿਸਾਸ ਕਰਾ ਦਿੱਤਾ ਹੈ ਕਿ ਆਉਣ ਵਾਲੇ ਸਮੇਂ ਮਨਮਾਨੀ ਨਹੀਂ ਚਲ ਸਕੇਗੀ। ਅਸਲ ਵਿਚ ਨੋਟਬੰਦੀ ਕਰਨੀ, ਧਾਰਾ 370 ਰੱਦ ਕਰਨੀ, ਜੀ.ਐੱਸ.ਟੀ. ਪਾਸ ਕਰਨ ਨਾਲ ਕੇਂਦਰ ਸਰਕਾਰ ਦੇ ਝਾਕ੍ਰੇ ਖੁੱਲ੍ਹ ਚੁੱਕੇ ਸਨ। ਅਗਾਂਹ ਕਾਨੂੰਨ ਬਣਾਉਣ ਲੱਗਿਆਂ ਸਰਕਾਰ ਨੂੰ ਸੋਚ ਸਮਝ ਕੇ ਕਦਮ ਚੁੱਕਣਾ ਚਾਹੀਦਾ ਹੈ।

ਕਿਸਾਨ ਮਜਦੂਰ ਏਕਤਾ ਜਿੰਦਾਬਾਦ

ਸੰਯੁਕਤ ਕਿਸਾਨ ਮੋਰਚਾ ਅਸਲੀ ਹੱਕਦਾਰ ਐਨ. ਆਰ. ਆਈ. ਨੌਜਵਾਨ ਵੀਰਾਂ, ਕਲਾਕਾਰ ਬੁੱਧੀਜੀਵੀ ਕੁਝ ਮੀਡੀਏ ਦੇ ਪੱਤਰਕਾਰ ਤੇ ਸਮੁੱਚੇ ਵਰਗਾਂ ਦੇ ਲੋਕਾਂ ਦੀ ਜਿੱਤ ਹੈ।-0-

# ਪਾਠਕਾਂ ਦੇ ਸਵਾਲਾਂ ਦੇ ਜਵਾਬ

-ਗੁਰਮਤਿ ਵਿਰਸਾ ਬਿਊਰੋ

**1. ਸਵਾਲ—ਯੁੱਗਾਂ ਵਿੱਚ ਮਨੁੱਖ ਦੀ ਉਮਰ ਕਿੰਨੀ ਲਿਖੀ ਹੋਈ ਹੈ?**

**ਜਵਾਬ**—ਹਿੰਦੂ ਮਿਥਿਹਾਸ ਅਨੁਸਾਰ ਸਤਯੁੱਗ ਦੀ ਉਮਰ ਚਾਰ ਹਜ਼ਾਰ ਸਾਲ ਲਿਖੀ ਹੈ। ਤ੍ਰੇਤੇ ਵਿੱਚ ਤਿੰਨ ਹਜ਼ਾਰ ਸਾਲ, ਦੁਆਪਰ ਵਿੱਚ ਦੋ ਹਜ਼ਾਰ ਸਾਲ ਲਿਖੀ ਮਿਲਦੀ ਹੈ ਜਦ ਕਿ ਕਲਯੁੱਗ ਵਿੱਚ ਉਮਰ ਦਾ ਕੋਈ ਬੰਧਾਨ ਨਹੀਂ ਰਿਹਾ ਹੈ। ਉਂਝ ਮਨੂੰ ਸਿਮ੍ਰਿਤੀ ਦੇ ਪਹਿਲੇ ਅਧਿਆਏ ਤੇ ਸਲੋਕ 83 ਅਨੁਸਾਰ ਸਤਯੁੱਗ ਦੀ ਉਮਰ ਚਾਰ ਸੌ ਸਾਲ, ਤ੍ਰੇਤੇ ਵਿੱਚ ਤਿੰਨ ਸੌ, ਦੁਆਪਰ ਵਿੱਚ ਦੌ ਸਾਲ ਅਤੇ ਕਲਯੁੱਗ ਵਿੱਚ ਮਨੁੱਖ ਦੀ ਸੌ ਸਾਲ ਉਮਰ ਲਿਖੀ ਮਿਲਦੀ ਹੈ। ਸਿਧਾਂਤਿਕ ਤੌਰ 'ਤੇ ਇਹ ਪਰਖ ਦੀ ਕਸਵੱਟੀ 'ਤੇ ਪੂਰੀਆਂ ਨਹੀਂ ਉਤਰਦੀਆਂ। ਇਹ ਸਾਰੀਆਂ ਵਿਚਾਰਾਂ ਗੈਰ-ਕੁਦਰਤੀ ਹਨ। ਸਿੱਖ ਸਿਧਾਂਤ ਵਿੱਚ ਇਹਨਾਂ ਯੁੱਗਾਂ ਦੀ ਕੋਈ ਥਾਂ ਨਹੀਂ ਹੈ।

**2. ਸਵਾਲ—ਨਾਨਕਈ ਫਲਸਫੇ ਅਨੁਸਾਰ ਯੁੱਗਾਂ ਦਾ ਕੀ ਮਹੱਤਵ ਹੈ?**

**ਜਵਾਬ**- ਨਾਨਕਈ ਫਲਸਫੇ ਅਨੁਸਾਰ ਯੁੱਗਾਂ ਦਾ ਕੋਈ ਮਹੱਤਵ ਨਹੀਂ ਹੈ। ਗੁਰੂ ਨਾਨਕ ਸਾਹਿਬ ਜੀ ਨੇ ਯੁਗਾਂ ਦੀ ਵੰਡ ਪੁਰਾਣਾ ਅਨੁਸਾਰ ਨਹੀਂ ਮੰਨੀ ਅਰ ਨਾ ਹੀ ਯੁਗਾਂ ਨੂੰ ਕਰਮਾਂ ਦਾ ਕਾਰਣ ਮੰਨਿਆ ਹੈ। ਗੁਰਮਤਿ ਜੀਵਾਂ ਦੇ ਕੀਤੇ ਕਰਮ ਅਨੁਸਾਰ ਹੀ ਯੁਗ (ਸਮਾਂ) ਹੁੰਦਾ ਹੈ। ਇਸ ਦਾ ਭਾਵ ਅਰਥ ਹੈ ਕਿ ਜਿਸ ਦੇਸ਼ ਵਿੱਚ ਨੇਕ ਆਦਮੀ ਜਿਸ ਸਮੇਂ ਵਿਚ ਹੁੰਦੇ ਹਨ, ਉਸ ਵੇਲੇ ਸਤਯੁਗ ਵਰਤਦਾ ਹੈ ਅਰ ਜਿਸ ਦੇਸ਼ ਤਥਾ ਸਮੇਂ ਵਿੱਚ ਨੀਚ ਕਰਮਾਂ ਦੇ ਕਾਰਨ ਵਾਲੇ ਹੁੰਦੇ ਹਨ, ਉਸ ਸਮੇਂ ਕਲਿਯੁਗ ਕਿਹਾ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਇਸ ਸਬੰਧੀ ਬੜਾ ਪਿਆਰਾ ਸਮਝਾਉਂਦੇ ਹਨ ਕਿ ਕਲਯੁਗ, ਤ੍ਰੇਤਾ, ਦੁਆਪਰ ਅਤੇ ਸਤਯੁਗ ਮਨੁੱਖੀ ਮਨ ਦੀ ਖੇਡ ਹੀ ਹਨ। ਭਾਵ ਇਸ ਦੀ ਸੋਚ ਤੇ ਇਸ ਦੇ ਕਰਮ ਹੀ ਇਸ ਤਰ੍ਹਾਂ ਦੇ ਹਨ। ਉਂਝ ਹਰੇਕ ਯੁੱਗ ਵਿੱਚ ਸੂਰਜ ਚੰਦ ਤਾਰੇ ਤਾਂ ਸਾਰੇ ਇਕ ਬੱਝਵੇਂ ਨਿਯਮ ਵਿੱਚ ਹੀ ਚੱਲ ਰਹੇ ਹਨ—

**ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ॥ ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ॥ ਜੀਵਨ ਤਲਬ ਨਿਵਾਰਿ॥ ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ॥ ਰਹਾਉ॥ (902)**

**ਅਰਥ--** (ਹੇ ਪੰਡਿਤ! ਆਪਣੇ ਮਨ ਵਿਚੋਂ) ਖ਼ੁਦ-ਗ਼ਰਜ਼ੀ ਦੂਰ ਕਰ (ਇਹ ਖ਼ੁਦ-ਗ਼ਰਜ਼ੀ ਕਲਿਯੁਗ ਹੈ। ਇਸ ਖ਼ੁਦ-ਗ਼ਰਜ਼ੀ ਦੇ ਅਸਰ ਹੇਠ ਜਰਵਾਣੇ ਲੋਕ ਕਮਜ਼ੋਰਾਂ ਉਤੇ) ਧੱਕਾ ਕਰਦੇ ਹਨ ਤੇ (ਉਹਨਾਂ ਦੀਆਂ ਨਜ਼ਰਾਂ ਵਿੱਚ) ਇਹ ਧੱਕਾ ਜਾਇਜ਼ ਸਮਝਿਆ ਜਾਂਦਾ ਹੈ। ਖ਼ੁਦ-ਗ਼ਰਜ਼ੀ ਤੇ ਦੂਜਿਆਂ ਉਤੇ ਧੱਕਾ - ਹੇ ਪੰਡਿਤ ! ਇਹਨਾਂ ਨੂੰ) ਕਲਿਜੁਗ ਦੇ ਲੱਛਣ ਸਮਝ।1। ਰਹਾਉ।

(ਜਿਸ ਅਸਲ ਕਲਿਯੁੱਗ ਦਾ ਜ਼ਿਕਰ ਅਸਾਂ ਕੀਤਾ ਹੈ ਉਸ) ਕਲਿਯੁੱਗ ਦਾ ਪ੍ਰਭਾਵ ਹੀ ਜੀਵਾਂ ਦੇ ਮਨਾਂ ਵਿੱਚ (ਖੇਡਾਂ) ਖੇਡਦਾ ਹੈ ਕਿਸੇ ਖ਼ਾਸ ਥਾਵਾਂ ਵਿੱਚ ਨਹੀਂ ਖੇਡ ਸਕਦਾ (ਕਿਉਂਕਿ ਸਤਜੁਗ, ਤ੍ਰੇਤਾ, ਦੁਆਪੁਰ ਆਦਿਕ ਸਾਰੇ ਹੀ ਸਮਿਆਂ ਵਿੱਚ) ਉਹੀ ਚੰਦ੍ਰਮਾ ਚੜ੍ਹਦਾ ਆਇਆ ਹੈ, ਉਹੀ ਤਾਰੇ ਚੜ੍ਹਦੇ ਆ ਰਹੇ ਹਨ, ਉਹੀ ਸੂਰਜ ਚਮਕਦਾ ਆ ਰਿਹਾ ਹੈ, ਉਹੀ ਧਰਤੀ ਹੈ ਤੇ ਉਹੀ ਹਵਾ ਝੁਲਦੀ ਆ ਰਹੀ ਹੈ।1।

ਕਿਸੇ ਨੇ ਕਦੇ ਨਹੀਂ ਸੁਣਿਆ ਕਿ ਕਲਿਯੁਗ ਕਿਸੇ ਖ਼ਾਸ ਦੇਸ਼ ਵਿੱਚ ਆਇਆ ਹੋਇਆ ਹੈ, ਕਿਸੇ ਖ਼ਾਸ ਤੀਰਥ ਕੋਲ ਬੈਠਾ ਹੋਇਆ ਹੈ। ਜਿਥੇ ਕੋਈ ਦਾਨੀ ਦਾਨ ਕਰਦਾ ਹੈ ਉਥੇ ਭੀ ਬੈਠਾ ਹੋਇਆ ਕਿਸੇ ਨਹੀਂ ਸੁਣਿਆ, ਕਿਸੇ ਥਾਂ ਕਲਿਯੁਗ ਮਹਲ ਉਸਾਰ ਕੇ ਨਹੀਂ ਬੈਠ ਰਿਹਾ।2।

**3. ਸਵਾਲ- ਕੀ ਕਲਯੁੱਗ ਦਾ ਪ੍ਰਭਾਵ ਸਾਡੇ ਮਨਾਂ ਵਿੱਚ ਹੈ?**

**ਜਵਾਬ**— ਜਿਵੇਂ ਕਿ ਪਹਿਲਾਂ ਵਿਚਾਰਿਆ ਗਿਆ ਹੈ ਕਿ ਗੁਰਮਤਿ ਕਿਸੇ ਯੁੱਗ ਨੂੰ ਨਹੀਂ ਮੰਨਦੀ। ਇਹ ਤੇ ਮਨੁੱਖੀ ਸੁਭਾਅ ਵਿੱਚ ਹੀ ਸਤਯੁਗ ਤੇ ਕਲਯੁੱਗ ਦਾ ਪਹਿਰਾ ਹੈ। ਸੰਸਾਰ ਦੀ ਸਾਰੀ ਕਾਰ ਇਕ ਬੱਝਵੇਂ ਨਿਯਮ ਵਿੱਚ ਚੱਲ ਰਹੀ ਹੈ। ਹਿੰਦੂ ਮਿਥਿਹਾਸ ਅਨੁਸਾਰ ਯੁੱਗਾਂ ਦਾ ਚੱਕਰ ਬਣਿਆ ਰਹਿੰਦਾ ਹੈ ਅਤੇ ਲੋਕਾਂ ਦੀ ਉਮਰ, ਕੱਦ ਅਤੇ ਸੁਭਾਉ ਬਦਲਦੇ ਰਹਿੰਦੇ ਹਨ ਜੋ ਇਕ ਗਪੋੜ ਹੀ ਹੈ। ਗੁਰਮਤਿ ਕਲਯੁੱਗ ਵਿੱਚ ਵਿਸ਼ਵਾਸ ਨਹੀਂ ਕਰਦਾ। ਗੁਰਮਤਿ ਅਨੁਸਾਰ ਲੋਕਾਂ ਦੇ ਸੁਕਰਮੀ ਅਤੇ ਕੁਕਰਮੀ ਹੋਣ ਕਰਕੇ ਇਸ ਸਮੇਂ ਵਿੱਚ ਹੀ ਸਤਯੁਗ ਅਤੇ ਕਲਯੁੱਗ ਵਰਤ ਰਿਹਾ ਹੈ।

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥ ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥1॥ (145)**

**4. ਸਵਾਲ—ਕਾਮਧੇਨ, ਚਿੰਤਾਮਣ ਜਾਂ ਕਲਪ ਬ੍ਰਿਛ ਤੋਂ ਕੀ ਭਾਵ ਹੈ?**

**ਜਵਾਬ**—ਪੁਰਾਣਾਂ ਅਨੁਸਾਰ ਸਵਰਗ ਦੀ ਗਊ, ਜੋ ਸੁਮੰਦਰ ਰਿੜਕਣ ਸਮੇਂ ਨਿਕਲੀ, ਇਹ ਮਨ ਚਿਤਵੇ ਪਦਾਰਥ ਦੇਣ ਕਰਕੇ ਕਾਮਧੇਨ ਸਦਾਉਂਦੀ ਹੈ।

ਕਪਿਲ ਗਊ—ਭੂਰੇ ਅਥਵਾ ਚਿੱਟੇ ਰੰਗ ਦੀ ਗਾਂ, ਜਿਸ ਦੇ ਥਣ ਕਾਲ਼ੇ ਹੋਣ ਹਿੰਦੂ ਮੱਤ ਵਿੱਚ ਇਹ ਬਹੁਤ ਪਵਿੱਤਰ ਮੰਨੀ ਗਈ ਹੈ।

ਚਿੰਤਾਮਣਿ—ਪੁਰਾਣਾ ਅਨੁਸਾਰ ਇਕ ਮਣੀ (ਰਤਨ) ਜੋ ਮਨ ਚਿਤਵੇ ਪਦਾਰਥ ਦਿੰਦੀ ਹੈ। ਗੁਰਬਾਣੀ ਅਨੁਸਾਰ ਪਾਰਬ੍ਰਹਮ, ਕਲਪ ਬ੍ਰਿਛ—ਦੇਵਤਿਆਂ ਦਾ ਬਿਰਛ ਸੰਸਕ੍ਰਿਤ ਗ੍ਰੰਥਾਂ ਵਿੱਚ ਪੰਜ ਸੁਰਤਰੁ ਲਿਖੇ ਹਨ—ਮੰਦਾਰ, ਪਾਰਜਾਤ, ਸੰਤਨ, ਕਲਪ ਬ੍ਰਿਛ, ਹਰਿ ਚੰਦਨ। ਮੁਸਲਮਾਨੀ ਮੱਤ ਵਿੱਚ ਇਨ੍ਹਾਂ ਬ੍ਰਿਛਾਂ ਦੇ ਨਾਲ ਦਾ ਇੱਕ ਸਿਦਰਤੁਲ ਮੁੰਤਹਾ ਬ੍ਰਿਛ ਹੈ, ਜੋ ਸਤਵੇਂ ਅਸਮਾਨ ਖ਼ੁਦਾ ਦੇ ਬਾਗ ਵਿੱਚ ਰਹਿੰਦਾ ਹੈ। ਹਜ਼ਰਤ ਮੁਹੰਮਦ ਸਾਹਿਬ ਜਦ ਬੁੱਰਾਕ ਤੇ ਚੜ੍ਹ ਕੇ ਉਸ ਥਾਂ ਪੁੱਜੇ, ਤਦ ਉਨ੍ਹਾਂ ਨੇ ਦੇਖਿਆ ਕਿ ਉਸ ਬ੍ਰਿਛ ਦੇ ਪੱਤੇ ਹਾਥੀ ਦੇ ਕੰਨ ਵਰਗੇ ਅਤੇ ਫ਼ਲ਼ ਘੜੇ ਦੇ ਅਕਾਰ ਦੇ ਸਨ।

ਗੁਰਮਤਿ ਸਤਸੰਗ ਅਤੇ ਕਰਤਾਰ ਦੇ ਨਾਮ ਤੋਂ ਬਿਨਾਂ ਹੋਰ ਕਿਸੇ ਵਸਤੂ ਨੂੰ ਕਾਮਨਾ ਪੂਰਕ ਨਹੀਂ ਜਾਣਦੀ। ਜਿਹਾ ਕਿ ਗੁਰਵਾਕ ਹਨ—

**ਭਾਈ ਰੇ ਸੰਤ ਜਨਾ ਕੀ ਰੇਣੁ॥ ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥ ਧੇਣੁ॥ (18)**

ਅਤੇ

**ਪਾਰਜਾਤੁ ਇਹੁ ਹਰਿ ਕੋ ਨਾਮ॥**
**ਕਾਮਧੇਨ ਹਰਿ ਹਰਿ ਗੁਣ ਗਾਮ॥ (265)**

**5. ਸਵਾਲ—ਕੀਰਤਨ ਤੋਂ ਕੀ ਭਾਵ ਹੈ?**

**ਜਵਾਬ**—ਸਿੱਖ ਧਰਮ ਵਿਚ ਸੁਰ ਤਾਲ ਨਾਲ ਗੁਰਬਾਣੀ ਦਾ ਸਮੇਂ ਸਮੇਂ ਰਾਗਾਂ ਵਿੱਚ ਗਾਉਣਾ **ਕੀਰਤਨ** ਪ੍ਰਸਿੱਧ ਹੈ। ਜਗਤ ਗੁਰੂ ਨਾਨਕ ਸਾਹਿਬ ਨੇ ਆਪਣੇ ਸਿੱਖ ਭਾਈ ਮਰਦਾਨਾ ਜੀ ਨੂੰ ਸਭ ਤੋਂ ਪਹਿਲਾਂ ਕੀਰਤਨ ਦੀ ਜਾਚ ਸਿਖਾਈ ਉਸ ਪਿੱਛੋਂ ਭਾਈ ਮਰਦਾਨੇ ਦੀ ਸੰਤਾਨ ਅਤੇ ਹੋਰ ਰਬਾਬੀ ਤਥਾ ਪ੍ਰੇਮੀ ਸਿੱਖ ਰਾਗੀ ਕੀਰਤਨ ਦਾ ਪ੍ਰਚਾਰ ਕਰਦੇ ਰਹੇ। ਸਿੱਖ ਰਹਿਤ ਮਰਿਯਾਦਾ ਦੇ ਪੰਨਾ 15 **ਕੀਰਤਨ** ਦੇ ਸਿਰਲੇਖ ਹੇਠ ਲਿਖਿਆ ਹੈ-

ੳ) ਸੰਗਤ ਵਿੱਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ।

ਅ) ਕੀਰਤਨ ਗੁਰਬਾਣੀ ਨੂੰ ਰਾਗਾਂ ਵਿੱਚ ਉਚਾਰਨ ਕਰਨ ਨੂੰ ਕਹਿੰਦੇ ਹਨ।

ੲ) ਸੰਗਤ ਵਿੱਚ ਕੀਰਤਨ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ-ਸਰੂਪ ਰਚਨਾ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ।

ਸ) ਸ਼ਬਦਾਂ ਨੂੰ ਜੋਟੀਆਂ ਦੀ ਧਾਰਨਾ ਜਾਂ ਰਾਗ ਨਾਲ ਪੜ੍ਹਦਿਆਂ ਬਾਹਰ ਦੀਆਂ ਮਨਘੜਤ ਤੇ ਵਾਧੂ ਤੁਕਾਂ ਲਾ ਕੇ ਧਾਰਨਾ ਲਾਉਣੀ ਜਾਂ ਗਾਉਣਾ ਅਯੋਗ ਹੈ। ਸ਼ਬਦ ਦੀ ਤੁੱਕ ਹੀ ਧਾਰਨਾ ਬਣਾਈ ਜਾਵੇ।0-



# ਸ਼ਬਦ ਵਿਚਾਰ

## ਤੇਹ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਜਦੋਂ ਮਨੁੱਖ ਨੂੰ ਪਿਆਸ ਲਗਦੀ ਹੈ ਤਾਂ ਉਹ ਪਾਣੀ ਲੱਭਦਾ ਹੈ। ਪਾਣੀ ਮਿਲਦਿਆਂ ਸਾਰ ਹੀ ਬੰਦਾ ਪਾਣੀ ਪੀਣ ਦਾ ਯਤਨ ਕਰਦਾ ਹੈ। ਵਿਕਸਤ ਹੋਇਆ ਸਮਾਜ ਰਾਹਾਂ ਵਿੱਚ ਛਬੀਲਾਂ ਲਗਾ ਕੇ ਪਿਆਸਿਆਂ ਦੀ ਪਿਆਸ ਬੁਝਾਉਣ ਦਾ ਹਮੇਸ਼ਾਂ ਯਤਨ ਕਰਦਾ ਰਹਿੰਦਾ ਹੈ। ਅੱਜ ਕਲ੍ਹ ਮਨੁੱਖ ਘਰੋਂ ਤੁਰਨ ਲੱਗਾ ਪਾਣੀ ਵਾਲੀ ਬੋਤਲ ਨਾਲ ਹੀ ਲੈ ਲੈਂਦਾ ਹੈ। ਮਨੁੱਖ ਦੀ ਪਿਆਸ ਬੁਝਾਉਣ ਲਈ ਵਪਾਰੀ ਤਬਕੇ ਨੇ ਪਾਣੀ ਦੇ ਕਈ ਰੂਪ ਤਿਆਰ ਕਰ ਦਿੱਤੇ ਹਨ। ਪਾਣੀ ਅਤੇ ਪਾਣੀ ਦੇ ਕਈ ਰੂਪ ਬਜ਼ਾਰਾਂ ਵਿੱਚ ਮੁੱਲ ਮਿਲਦੇ ਹਨ। ਪਾਣੀ ਸਬੰਧੀ ਜਾਣਕਾਰੀ ਰੱਖਣ ਵਾਲੇ ਸੂਝਵਾਨਾਂ ਨੂੰ ਹਮੇਸ਼ਾਂ ਖਦਸ਼ਾ ਬਣਿਆ ਰਹਿੰਦਾ ਹੈ ਕਿ ਜੇ ਪਾਣੀ ਦੀ ਸੰਭਾਲ ਨਾ ਕੀਤੀ ਗਈ ਤਾਂ ਹੋ ਸਕਦਾ ਹੈ ਸੰਸਾਰ ਦੀ ਤੀਜੀ ਲੜ੍ਹਾਈ ਪਾਣੀ ਦੀ ਵੰਡ ਕਰਕੇ ਹੀ ਹੋਵੇ। ਸਰੀਰ ਦੀ ਪਿਆਸ ਇੱਕ ਵਾਰ ਪਾਣੀ ਪੀਣ ਨਾਲ ਬੁੱਝ ਜਾਂਦੀ ਹੈ ਜੇ ਮਨੁੱਖ ਨੂੰ ਅੰਦਰੋਂ ਸੱਚ ਸਮਝਣ ਦੀ ਪਿਆਸ ਲੱਗ ਜਾਏ ਤਾਂ ਉਹ ਬੁੱਝਦੀ ਨਹੀਂ ਹੈ ਸਗੋਂ ਹੋਰ ਚੇਟਕ ਵਧਦੀ ਹੈ। ਏਸੇ ਚੇਟਕ ਸਦਕਾ ਹੀ ਵਿਗਿਆਨ ਨੇ ਬੇ-ਓੜਕਾ ਤਰੱਕੀਆਂ ਦੇ ਪੰਧ ਹਾਸਲ ਕੀਤੇ ਹਨ---

**ਰਮਣੰ ਕੇਵਲੰ ਕੀਰਤਨੰ ਸੁਧਰਮੰ ਦੇਹ ਧਾਰਣਹ॥ ਅੰਮ੍ਰਿਤ ਨਾਮੁ ਨਾਰਾਇਣ ਨਾਨਕ ਪੀਵਤੰ ਸੰਤ ਨ ਤ੍ਰਿਪ੍ਰਤੇ॥ ੨੯॥**

**ਅੱਖਰੀਂ ਅਰਥ**-- ਕੇਵਲ ਸਿਫ਼ਤਿ-ਸਾਲਾਹ ਕਰਨੀ ਮਨੁੱਖਾਂ ਦਾ ਸ੍ਰੇਸ਼ਟ ਧਰਮ ਹੈ। ਹੇ ਨਾਨਕ! ਸੰਤ ਜਨ ਪਰਮਾਤਮਾ ਦਾ ਆਤਮਿਕ ਜੀਵਨ ਦੇਣ ਵਾਲਾ ਨਾਮ ਜਲ ਪੀਂਦਿਆਂ ਰਜਦੇ ਨਹੀਂ।

**ਵਿਚਾਰ ਚਰਚਾ—**

1. ਪ੍ਰਭੂ ਦਾ ਕੀਰਤਨ ਕਰਕੇ ਮਨੁੱਖ ਹਮੇਸ਼ਾਂ ਸੁਖੀ ਰਹਿ ਸਕਦਾ ਹੈ। ਭਾਵ ਸ਼ੁੱਭ ਗੁਣਾਂ ਦਾ ਧਾਰਨੀ ਹੋਣ ਨਾਲ ਸੁਖੀ ਜੀਵਨ ਬਤੀਤ ਕਰਦਾ ਹੈ।

2. ਸਾਰੀ ਦੁਨੀਆਂ ਕੀਰਤਨ ਨਹੀਂ ਕਰ ਸਕਦੀ ਹੈ। ਇਸ ਦਾ ਭਾਵ ਹੈ ਰੱਬੀ ਨਿਯਮਾਵਲੀ ਵਿੱਚ ਤੁਰਨ ਵਾਲਾ ਰੱਬੀ ਕੀਰਤਨ ਕਰ ਰਿਹਾ ਹੈ।

3. ਜਿਹੜੇ ਕੀਰਤਨ ਨਹੀਂ ਕਰਦੇ ਉਹ ਕੀਰਤਨ, ਸ਼ਬਦ-ਵੀਚਾਰ ਸੁਣ ਕੇ ਆਤਮਿਕ ਸੂਝ ਪੈਦਾ ਕਰ ਸਕਦੇ ਹਨ।

4. ਰਹਿਤ ਮਰਿਯਾਦਾ ਅਨੁਸਾਰ ਗੁਰਬਾਣੀ ਨੂੰ ਰਾਗਾਂ ਅਨੁਸਾਰ ਗਾਉਣ ਨੂੰ ਕੀਰਤਨ ਕਿਹਾ ਗਿਆ ਹੈ।

5. ਕੀਰਤਨ, ਕੀਰਤੀ ਸ਼ਬਦ ਤੋਂ ਬਣਿਆ ਹੈ ਤੇ ਇਸ ਦਾ ਅਰਥ ਹੈ ਰੱਬ ਦੀ ਸਿਫਤ ਸਲਾਹ ਕਰਨੀ। ਗੁਰਬਾਣੀ ਨੂੰ ਸਮਝਣ ਲਈ ਸ਼ਬਦ ਕੀਰਤਨ ਅਤੇ ਸ਼ਬਦ ਦੀ ਵਿਚਾਰ ਦੋ ਮਾਧਿਅਮ ਵਿੱਚ ਆਉਂਦੀ ਹੈ।

6. ਰੱਬ ਜੀ ਦੀ ਸਿਫਤ ਸਲਾਹ ਕਰਨੀ ਹੀ ਮਨੁੱਖਾਂ ਦਾ ਸ੍ਰੇਸ਼ਟ ਧਰਮ ਹੈ।

7. ਰੱਬੀ ਸੱਚ ਅਨੁਸਾਰ, ਰੱਬੀ ਹੁਕਮ ਵਿੱਚ ਤੁਰਨਾ, ਇਮਾਨਦਾਰੀ ਰੱਖਣੀ, ਜੀਵਨ ਵਿੱਚ ਮਿਹਨਤ ਕਰਨੀ, ਸਮਾਜ ਦੀ ਸੇਵਾ ਵਿੱਚ ਜੁੜੇ ਰਹਿਣਾ ਅਤੇ ਆਪਣੀ ਜ਼ਿੰਮੇਵਾਰੀ ਨੂੰ ਸੰਭਾਲਣਾ ਹੀ ਅਸਲੀ ਰੱਬ ਜੀ ਦਾ ਕੀਰਤਨ ਹੈ ਤੇ ਇਸ ਕੀਰਤਨ ਨੂੰ ਹਰ ਵੇਲੇ ਕਰਨ ਦੀ ਤਾਗੀਦ ਕੀਤੀ ਗਈ ਹੈ।

8. ਕੀਰਤਨ ਰਾਗ ਤਾਲ ਵਿੱਚ ਹੁੰਦਾ ਹੈ ਤੇ ਮਨੁੱਖ ਨੇ ਵੀ ਆਪਣੇ ਆਪ ਵਿੱਚ ਤਾਲ ਅਤੇ ਪਿਆਰ ਦੀ ਭਾਵਨਾ ਨੂੰ ਪੈਦਾ ਕਰਨਾ ਚਾਹੀਦਾ ਹੈ।

9. ਹਾਂ ਸੱਚਾਈ ਦੇ ਰਸਤੇ 'ਤੇ ਤੁਰਨ ਦੀ ਜਿਸ ਨੂੰ ਸਮਝ ਆ ਜਾਂਦੀ ਹੈ ਉਸ ਦੀ ਤਾਂਘ ਤਥਾ ਪਿਆਸ ਹਰ ਰੋਜ਼ ਵਧਦੀ ਹੀ ਜਾਂਦੀ ਹੈ ਜੋ ਕਦੇ ਵੀ ਨਹੀਂ ਘਟਦੀ ਹੈ।

10. ਜਿਵੇਂ ਜਿਵੇਂ ਸੱਚਾਈ ਦੇ ਰਸਤੇ 'ਤੇ ਮਨੁੱਖ ਤੁਰਦਾ ਹੈ ਤਿਵੇਂ ਤਿਵੇਂ ਆਤਮਿਕ ਅਨੰਦ ਮਿਲਦਾ ਜਾਂਦਾ ਹੈ।

11. ਕਹਿ ਸਕਦੇ ਹਾਂ ਕਿ ਜਿਸ ਮਨੁੱਖ ਨੇ ਵੀ ਮਨੁੱਖੀ ਕਰਤੱਵ ਦੇ ਮਹੱਤਵ ਅਤੇ ਰੱਬੀ ਹੁਕਮ ਦੀ ਕਾਰ ਸਮਝ ਲਈ ਹੈ ਉਹ ਮਨੁੱਖ ਆਤਮਿਕ ਖੇੜੇ ਵਿੱਚ ਰਹਿੰਦਾ ਹੈ ਤੇ ਇਸੇ ਨੂੰ ਨਾਮ ਰਸ ਕਿਹਾ ਹੈ-

**ਸਤਿਗੁਰੁ ਸੇਵਨਿ ਸੇ ਵਡਭਾਗੀ॥**
**ਸਚੈ ਸਬਦਿ ਜਿਨ੍ਾ ਏਕ ਲਿਵ ਲਾਗੀ॥**
**ਗਿਰਹ ਕੁਟੰਬ ਮਹਿ ਸਹਜਿ ਸਮਾਧੀ॥**
**ਨਾਨਕ ਨਾਮਿ ਰਤੇ ਸੇ ਸਚੇ ਬੈਰਾਗੀ॥੧॥**
**(੧੨੪੯)**

-0-

## ਬਰਟਰਾਂਡ ਰੱਸਲ, ਨੋਬਲ ਜੇਤੂ 1950

ਇਹ ਮਹਾਨ ਫਿਲਾਸਫਰ ਤੇ ਆਜ਼ਾਦ ਖਿਆਲ ਦੇ ਸਨ। ਇਹ ਈਸਾਈ ਮੱਤ, ਇਸਲਾਮ ਮੱਤ ਤੇ ਯਹੂਦੀ ਮੱਤ 'ਤੇ ਸੱਟ ਮਾਰਨ ਜਾਂ ਵਾਰ ਕਰਨੋਂ ਨਹੀ ਰਹਿੰਦੇ ਤੇ ਉਹਨਾਂ ਦੀਆਂ ਫਜ਼ੂਲ ਬੇਤੁਕਾਪਨ ਨੂੰ ਕਾਫੀ ਉਘਾੜਦਾ ਹੈ। ਪਰ ਇਹ ਸਿੱਖ ਧਰਮ 'ਤੇ ਆ ਕੇ ਬਿਲਕੁਲ ਰੁਕ ਜਾਂਦਾ ਹੈ ਤੇ ਕਹਿੰਦਾ ਹੈ ਕਿ ਅਸੀਂ ਬੜੇ ਚਿਰ ਤੋਂ ਇਮਾਨਦਾਰੀ ਨਾਲ ਤਰਕ ਕਰਨ ਲਈ ਨੁਕਸ ਲੱਭ ਰਹੇ ਹਾਂ ਪਰ ਅਸੀਂ ਕਾਮਯਾਬ ਨਹੀਂ ਹੋ ਸਕੇ। "ਬਲਕਿ ਅਸੀ ਤਾਂ ਦੇਖਿਆ ਹੈ ਕਿ ਬਹੁਤ ਸਾਰੇ ਚੰਗੇ ਪੜ੍ਹੇ ਲਿਖੇ ਤੇ ਧਨਵਾਨ ਲੋਕ ਯੂਰਪ, ਰੂਸ ਤੇ ਅਮਰੀਕਾ ਵਿੱਚ ਸਿੱਖੀ ਗ੍ਰਹਿਣ ਕਰ ਰਹੇ ਹਨ।" ਬੇਸ਼ਕ ਇਨ੍ਹਾਂ ਦੇ ਦੂਜੀਆਂ ਜ਼ੁਬਾਨਾਂ ਦੇ ਪ੍ਰਚਾਰਕ ਨਹੀਂ ਮਿਲਦੇ। ਲੋਕ ਸੰਜੋਗ ਨਾਲ ਹੀ ਪੜ੍ਹ ਕੇ ਜਾਂ ਸਿੱਖ ਕੇ ਹੀ ਸਿੱਖੀ ਧਾਰਨ ਕਰਦੇ ਹਨ। ਇਹ ਇਸ ਵੇਲੇ ਦੁਨੀਆਂ ਦਾ ਪੰਜਵਾਂ ਵੱਡਾ ਧਰਮ ਹੈ, ਜੋ ਬੜੀ ਤੇਜ਼ੀ ਨਾਲ ਪੱਛਮ ਤੇ ਰੂਸ ਵਿੱਚ ਫੈਲ ਰਿਹਾ ਹੈ। ਉਹ ਇਹ ਵੀ ਕਹਿੰਦਾ ਹੈ ਕਿ ਜੇ ਕੋਈ ਖੁਸ਼ਕਿਸਮਤੀ ਤੀਜੇ ਯੁੱਧ ਦੀ ਐਟਮੀ ਲੜਾਈ ਵਿਚੋਂ ਬੱਚ ਗਿਆ ਤੇ ਪਿਛੋਂ ਦੀ ਗੱਲ ਕਰਦੇ ਹੋ ਕੀ ਤੀਸਰੀ ਲੜਾਈ ਤੋਂ ਪਹਿਲਾਂ ਇਹ ਅਗਵਾਈ ਨਹੀ ਕਰ ਸਕਦਾ। ਤਾਂ ਉਸ ਦਾ ਜਵਾਬ ਸੀ ਕਿ *ਹਾਂ ਇਸ ਵਿਚ ਇਹ ਯੋਗਤਾ ਹੈ। ਪਰ ਸਿੱਖਾਂ ਨੇ ਇਸ ਦੇ ਸ਼ਾਨਦਾਰ ਸਿਧਾਂਤ ਨੂੰ ਪ੍ਰਚਾਰਿਆ ਹੀ ਨਹੀਂ ਹੈ। ਜਿਹੜਾ ਕਿ ਦੁਨੀਆਂ ਦੇ ਭਲੇ ਲਈ ਸਿਰਜਿਆ ਗਿਆ ਹੈ*। ਇਹ ਸਿੱਖਾਂ ਦਾ ਇਕ ਵੱਡਾ ਗੁਨਾਹ ਹੈ ਜਿਸ ਤੋਂ ਇਹ ਬਖਸ਼ੇ ਨਹੀਂ ਜਾ ਸਕਦੇ। ਬਰਟਰਾਂਡ ਇਸ ਗੱਲ ਤੋਂ ਬਹੁਤ ਪ੍ਰਭਾਵਤ ਹੈ ਕਿ ਸਿੱਖ ਧਰਮ ਵਿਚ ਦੂਜੇ ਨੂੰ ਵਿਨਾਸ਼ ਕਰਨ ਦੀ ਜਾਂ ਤਬਦੀਲ ਕਰਨ ਲਈ ਕੋਈ ਗੱਲ ਨਹੀਂ ਹੈ।

**(ਗੈਰ ਸਿੱਖਾਂ ਦੇ ਸਿੱਖ ਧਰਮ ਪ੍ਰਤੀ ਵਿਚਾਰ)**

# ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ

## ਕਦੀ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਪਹਿਲਾਂ, ਕਦੀ ਇਕੱਠੇ ਇੱਕੋ ਦਿਨ ਅਤੇ ਕਦੀ ਕਈ ਦਿਨ ਪਿੱਛੋਂ ਕਿਉਂ ਆ ਜਾਂਦਾ ਹੈ?

**-ਕਿਰਪਾਲ ਸਿੰਘ ਬਠਿੰਡਾ # 88378-13661**

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀ ਅਸਲ ਤਾਰੀਖ਼ ਪੋਹ ਸੁਦੀ 7, 23 ਪੋਹ ਬਿਕ੍ਰਮੀ ਸੰਮਤ 1723, ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਪੋਹ ਵਦੀ 7/ਪੋਹ 8 ਬਿਕ੍ਰਮੀ ਸੰਮਤ 1761/7 ਦਸੰਬਰ 1704 ਜੂਲੀਅਨ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਪੋਹ ਵਦੀ 12 ਬਿਕ੍ਰਮੀ ਸੰਮਤ 1761 /ਪੋਹ 13 ਬਿਕ੍ਰਮੀ ਸੰਮਤ 1761/12 ਦਸੰਬਰ 1704 ਜੂਲੀਅਨ ਸੀ। ਜੇ ਸਿੱਖ ਇਤਿਹਾਸ ਦੇ ਸਾਰੇ ਦਿਹਾੜੇ ਚੰਦ੍ਰਮਾਂ ਦੀਆਂ ਕ੍ਰਮਵਾਰ ਤਿੱਥਾਂ ਪੋਹ ਵਦੀ 7, ਪੋਹ ਵਦੀ 12 ਅਤੇ ਪੋਹ ਸੁਦੀ 7 ਮੁਤਾਬਿਕ ਨਿਸਚਤ ਕੀਤੇ ਜਾਣ ਜਾਂ ਫਿਰ ਸਾਰੇ ਹੀ ਦਿਹਾੜੇ ਸੂਰਜੀ ਪ੍ਰਵਿਸ਼ਟਿਆਂ (ਸੂਰਜ ਰਾਸ਼ੀ ਪ੍ਰਵੇਸ਼ ਮੁਤਾਬਿਕ ਭਾਵ ਸੰਗਰਾਂਦਾਂ) ਦੀਆਂ ਤਾਰੀਖ਼ਾਂ ਮੁਤਾਬਿਕ 8 ਪੋਹ, 13 ਪੋਹ ਅਤੇ 23 ਨੂੰ ਮਨਾਏ ਜਾਣ ਜਾਂ ਫਿਰ ਸਾਰੇ ਹੀ ਦਿਹਾੜੇ ਅੰਗਰੇਜ਼ੀ ਤਾਰੀਖ਼ਾਂ ਕ੍ਰਮਵਾਰ 7 ਦਸੰਬਰ, 12 ਦਸੰਬਰ ਅਤੇ 22 ਦਸੰਬਰ ਨੂੰ ਮਨਾਏ ਜਾਣ ਤਾਂ ਹਰ ਸਾਲ ਇੱਕ ਹੀ ਤਰਤੀਬ ਮੁਤਾਬਿਕ ਹਮੇਸ਼ਾਂ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ 5 ਦਿਨ ਬਾਅਦ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਇਸ ਤੋਂ 10 ਦਿਨ ਬਾਅਦ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਗੁਰਪੁਰਬ ਆਇਆ ਕਰੇਗਾ। ਪਰ ਪਤਾ ਨਹੀਂ ਹਿੰਦੂ ਮੱਤ ਤੋਂ ਉਧਾਰੀ ਲਈ ਵਹਿਮ ਪ੍ਰਸ਼ਤੀ ਵਾਲੀ ਵੀਚਾਰਧਾਰਾ ਕਿ ਅਵਤਾਰੀ ਪੁਰਸ਼ਾਂ ਦੇ ਦਿਨ ਚੰਦ੍ਰਮਾਂ ਦੀਆਂ ਤਿੱਥਾਂ ਅਤੇ ਸਾਹਿਬਜ਼ਾਦਿਆਂ ਸਮੇਤ ਬਾਕੀ ਦੇ ਸਾਰੇ ਇਤਿਹਾਸਕ ਦਿਹਾੜੇ ਸੂਰਜੀ ਪ੍ਰਵਿਸ਼ਟਿਆ ਮੁਤਾਬਕ ਮਨਾਉਣ 'ਤੇ ਸਾਡਾ ਸੰਤ ਸਮਾਜ ਕਿਉਂ ਸਖਤੀ ਨਾਲ ਪਹਿਰ ਦੇ ਰਿਹਾ ਹੈ? ਇਨ੍ਹਾਂ ਦੀ ਜ਼ਿਦ ਕਾਰਨ ਅਤੇ ਬਾਦਲ ਦਲ ਦੀ ਵੋਟਾਂ ਦੀ ਲਾਲਸਾ ਕਾਰਨ 2003 ਦੀ ਵੈਸਾਖੀ ਤੋਂ ਲਾਗੂ ਹੋਏ ਨਾਨਕਸ਼ਾਹੀ ਕੈਲੰਡਰ ਨੂੰ 2010 'ਚ ਰੱਦ ਕਰਕੇ ਮੁੜ ਬਿਕ੍ਰਮੀ ਕੈਲੰਡਰ ਸਿੱਖਾਂ ਦੇ ਸਿਰ ਮੜ੍ਹ ਦਿੱਤਾ ਹਾਲਾਂ ਕਿ ਸੰਤ ਸਮਾਜ ਅਤੇ ਸ਼੍ਰੋਮਣੀ ਕਮੇਟੀ ਨੂੰ ਜਦੋਂ ਪੁੱਛਿਆ ਜਾਂਦਾ ਹੈ ਕਿ ਗੁਰਬਾਣੀ ਵਿੱਚ ਨਾ ਤਾਂ ਕਿਧਰੇ ਇਹ ਦਰਜ ਹੈ ਕਿ ਗੁਰੂ ਸਾਹਿਬਾਨਾਂ ਦੇ ਦਿਹਾੜੇ ਸੁਦੀਆਂ ਵਦੀਆਂ ਦੀਆਂ ਤਿੱਥਾਂ ਅਤੇ ਸਿੱਖ ਇਤਿਹਾਸ ਦੇ ਬਾਕੀ ਇਤਿਹਾਸਕ ਦਿਹਾੜੇ ਸੂਰਜੀ ਪ੍ਰਵਿਸ਼ਟਿਆਂ ਮੁਤਾਬਕ ਮਨਾਏ ਜਾਣ ਅਤੇ ਨਾਂ ਹੀ ਇੱਕ ਰਾਸ਼ੀ ਤੋਂ ਦੂਜੀ ਰਾਸ਼ੀ 'ਚ ਪ੍ਰਵੇਸ਼ ਕਰਨ ਸਮੇਂ ਸੰਗਰਾਂਦ ਹੋਣ ਸਬੰਧੀ ਲਿਖਿਆ ਹੈ। ਇੱਥੋਂ ਤੱਕ ਕਿ ਬਿਕ੍ਰਮੀ ਕੈਲੰਡਰ 'ਚ ਵਰਤੀਆਂ ਜਾਂਦੀਆਂ ਰਾਸ਼ੀਆਂ, ਸੰਗਰਾਂਦਾਂ ਅਤੇ ਸੁਦੀ ਅਤੇ ਵਦੀ ਦਾ ਨਾਮ ਤੱਕ ਗੁਰਬਾਣੀ 'ਚ ਦਰਜ ਨਹੀਂ ਹੈ ਤਾਂ ਬ੍ਰਹਮਣ ਮੱਤ ਤੋਂ ਉਧਾਰੀਆਂ ਲੈ ਕੇ ਇਹ ਸਿੱਖਾਂ ਦੇ ਸਿਰ ਕਿਉਂ ਮੜ੍ਹੀਆਂ ਜਾ ਰਹੀਆਂ ਹਨ? ਤਾਂ ਉਨ੍ਹਾਂ ਦਾ ਇੱਕੋ ਜਵਾਬ ਹੁੰਦਾ ਹੈ ਕਿ ਇੰਨੇ ਸਾਲਾਂ ਤੋਂ ਚੱਲੀ ਆ ਰਹੀ ਰਵਾਇਤ ਨੂੰ ਅਸੀਂ ਕਿਉਂ ਤੋੜੀਏ? ਸਵਾਲ ਪੈਦਾ ਹੁੰਦਾ ਹੈ ਕਿ ਜੇ ਗੁਰੂ ਸਾਹਿਬ ਜੀ ਦੇ ਫਲਸਫੇ ਨੂੰ ਨਜ਼ਰ ਅੰਦਾਜ਼ ਕਰਕੇ ਕੇਵਲ ਰਵਾਇਤਾਂ 'ਤੇ ਹੀ ਪਹਿਰਾ ਦੇਣਾ ਹੈ ਤਾਂ ਗੁਰਬਾਣੀ ਅਤੇ ਸਿੱਖ ਇਤਿਹਾਸ 'ਤੇ ਸਰਸਰੀ ਨਜ਼ਰ ਮਾਰਨ 'ਤੇ ਸਾਨੂੰ ਝਟ ਸਮਝ ਆ ਜਾਂਦੀ ਹੈ ਕਿ ਕਿਹੜੀ ਉਹ ਫੋਕਟ ਰਵਾਇਤ ਹੈ ਜਿਹੜੀ ਗੁਰੂ ਨਾਨਕ ਸਾਹਿਬ ਜੀ ਨੇ ਨਹੀਂ ਤੋੜੀ? ਸਭ ਤੋਂ ਪਹਿਲਾਂ ਤਾਂ ਉਨ੍ਹਾਂ ਆਪਣੇ ਪਰਿਵਾਰ ਦੀ ਚੱਲੀ ਆ ਰਹੀ ਜਨੇਊ ਪਾਉਣ ਦੀ ਰਵਾਇਤ ਹੀ ਭਰੀ ਸਭਾ 'ਚ ਤੋੜ ਸੁੱਟੀ। ਭਰਮੀ ਲੋਕਾਂ ਵੱਲੋਂ ਨੀਵੀਆਂ ਸਮਝੀਆਂ ਜਾਂਦੀਆਂ ਜਾਤੀਆਂ ਨਾਲ ਸਮਾਜਿਕ ਵਰਤੋਂ ਵਿਹਾਰ ਕਰਨ ਅਤੇ ਛੂਹ ਤੋਂ ਦੂਰ ਰਹਿਣ ਦੀ ਰਵਾਇਤ ਤੋੜਦਿਆਂ ਮਿਰਾਸੀ ਜਾਤ 'ਚ ਜਨਮ ਲੈਣ ਵਾਲੇ ਮਰਦਾਨੇ ਨੂੰ ਆਪਣਾ ਸਾਥੀ ਚੁਣਿਆ ਅਤੇ ਉਨ੍ਹਾਂ ਨੂੰ ਸਿਰਫ ਭਾਈ ਕਿਹਾ ਹੀ ਨਹੀਂ ਬਲਕਿ ਸਾਰੀ ਜੰਦਗੀ ਉਨ੍ਹਾਂ ਨੂੰ ਆਪਣਾ ਭਰਾ ਬਣਾ ਕੇ ਪੂਰਾ ਆਦਰ ਸਨਮਾਨ ਦਿੱਤਾ। ਹਿੰਦੂ ਸਮਾਜ 'ਚ ਪੈਰ ਦੀ ਜੁੱਤੀ ਸਮਝੀ ਜਾਣ ਵਾਲੀ ਔਰਤ ਨੂੰ **ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥** (ਆਸਾ ਕੀ ਵਾਰ) ਵਰਗੇ ਸ਼ਬਦ ਸਾਡੀ ਅਗਵਾਈ ਲਈ ਉਚਾਰਨ ਕੀਤੇ। ਹਿੰਦੂ ਧਰਮ ਵੱਲੋਂ ਪਿੱਤਰਾਂ ਨੂੰ ਪਾਣੀ ਦੇਣ ਅਤੇ ਅਤੇ ਉਨ੍ਹਾਂ ਦੇ ਸ਼ਰਾਧ ਕਰਵਾਉਣ ਦਾ ਖੰਡਨ ਕਰਨ ਲਈ ਭਗਤ ਕਬੀਰ ਸਾਹਿਬ ਜੀ ਦਾ ਸ਼ਬਦ **ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥** ਦਰਜ ਕੀਤਾ ਜਗਨ ਨਾਥ ਪੁਰੀ ਵਿਖੇ ਪਾਂਡਿਆਂ ਵੱਲੋਂ ਕੀਤੀ ਜਾ ਰਹੀ ਆਰਤੀ 'ਚ ਸ਼ਾਮਲ ਹੋਣ ਦੀ ਬਜਾਏ ਮੰਦਰ ਦੇ ਬਾਹਰ ਬੈਠ ਕੇ **ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥** ਸੋਹਿਲਾ ਧਨਾਸਰੀ ਦਾ ਗਾਇਨ ਕਰਕੇ ਆਰਤੀ ਦਾ ਭਰਵਾਂ ਖੰਡਨ ਕੀਤਾ। ਮੱਕੇ ਵਿਖੇ ਜਾ ਕੇ ਮੁਸਲਮਾਨਾਂ ਦੇ ਇਸ ਵਿਸ਼ਵਾਸ਼ ਕੇ ਅੱਲਾ ਕੇਵਲ ਉਸ ਮਸਜ਼ਿਦ 'ਚ ਬਣੀ ਮਹਿਰਾਬ 'ਚ ਹੀ ਵਸਦਾ ਹੈ ਦਾ ਖੰਡਨ ਕਰਨ ਲਈ ਉਨ੍ਹਾਂ ਨੂੰ ਕਿਹਾ ਕਿ ਜਿਸ ਪਾਸੇ ਅੱਲਾ ਨਹੀਂ ਮੇਰੇ ਪੈਰ ਉਸ ਪਾਸੇ ਕਰ ਦੇਵੋ। ਹੋਰ ਕਿਹੜੇ ਫੋਕਟ ਵਿਸ਼ਵਾਸ਼ ਹਨ ਜਿਨ੍ਹਾਂ 'ਤੇ ਗੁਰੂ ਨਾਨਕ ਸਾਹਿਬ ਸਮੇਤ ਸਾਰੇ ਗੁਰੂ ਸਾਹਿਬਾਨ ਅਤੇ ਉਨ੍ਹਾਂ ਭਗਤ ਸਾਹਿਬਾਨ ਜਿਨ੍ਹਾਂ ਦੀ ਬਾਣੀ ਗੁਰੂ ਗਰੰਥ ਵਿੱਚ ਦਰਜ ਹੈ ਨੇ ਭਰਵਾਂ ਖੰਡਨ ਨਹੀਂ ਕੀਤਾ? ਫਿਰ ਅਸੀਂ ਕਿਉਂ ਵਦੀਆਂ ਸੁਦੀਆਂ ਅਤੇ ਸੰਗਰਾਂਦਾਂ ਦੇ ਵਹਿਮ 'ਚੋਂ ਨਿਕਲਣ ਵਾਸਤੇ ਤਿਆਰ ਨਹੀਂ ਹਾਂ?

2003 'ਚ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਲਈ ਪੰਥ ਸਾਹਮਣੇ ਪੋਹ ਸੁਦੀ 7, 23 ਪੋਹ ਅਤੇ 22 ਦਸੰਬਰ ਤਿੰਨਾਂ ਤਾਰੀਖ਼ਾਂ ਵਿੱਚੋਂ ਕਿਸੇ ਇੱਕ ਦੀ ਚੋਣ ਕਰਨੀ ਸੀ। ਕੈਲੰਡਰ ਕਮੇਟੀ ਦਾ ਫੈਸਲਾ ਸੀ ਕਿ ਜੇ 22 ਦਸੰਬਰ ਰੱਖ ਲਈ ਜਾਵੇ ਤਾਂ ਇਹ ਤਾਰੀਖ਼ ਸਾਡੇ ਮੁੱਢਲੇ ਪੁਰਾਤਨ ਇਤਿਹਾਸ ਦੇ ਕਿਸੇ ਵੀ ਸੋਮੇ 'ਚ ਉਪਲਬਧ ਨਹੀਂ ਹੈ ਕਿਉਂਕਿ ਇਹ ਤਾਰੀਖ਼ ਸੰਨ 1850 ਸੀਈ ਤੋਂ ਪਿੱਛੋਂ ਅੰਗਰੇਜ਼ ਸਰਕਾਰ ਵੱਲੋਂ ਲਿਖਵਾਏ ਇਤਿਹਾਸ 'ਚ 23 ਪੋਹ ਨੂੰ ਸਾਂਝੇ ਸਾਲ ਦੀ ਤਬਦੀਲ ਕੀਤੀ ਤਾਰੀਖ਼ ਹੈ, ਜਿਸ ਨੂੰ ਕਿਸੇ ਵੀ ਹਾਲਤ 'ਚ ਮੁਢਲਾ ਇਤਿਹਾਸਕ ਸੋਮਾ ਨਹੀਂ ਮੰਨਿਆ ਜਾ ਸਕਦਾ। ਜੇ ਪੋਹ ਸੁਦੀ 7 ਰੱਖ ਲਈ ਜਾਵੇ ਤਾਂ ਇਸ ਦੇ ਸਾਲ ਦੀ ਲੰਬਾਈ ਰੁੱਤੀ ਸਾਲ ਨਾਲੋਂ ਤਕਰੀਬਨ 11 ਦਿਨ ਘੱਟ ਹੋਣ ਅਤੇ 2 ਜਾਂ 3 ਸਾਲ ਪਿੱਛੋਂ ਇੱਕ ਲੋਂਦ ਦਾ ਵਾਧੂ ਮਹੀਨਾ ਜੁੜ ਜਾਣ ਕਾਰਨ ਹਮੇਸ਼ਾਂ ਹੀ ਅੱਗੇ ਪਿੱਛੇ ਹੁੰਦੀ ਰਹਿੰਦੀ ਹੈ। ਦੁਨੀਆਂ ਭਰ 'ਚ ਵਸ ਰਹੇ ਸਿੱਖਾਂ ਨੂੰ ਕੁਝ ਪਤਾ ਨਹੀਂ ਲਗਦਾ ਕਿ ਗੁਰਪੁਰਬ ਕਿਸ ਤਾਰੀਖ਼ ਦਾ ਹੈ ਅਤੇ ਕੀ ਇਸ ਸਾਲ ਗੁਰੂ ਸਾਹਿਬ ਜੀ ਦਾ ਗੁਰਪੁਰਬ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਪਹਿਲਾਂ ਆਵੇਗਾ ਜਾਂ ਪਿੱਛੋਂ? ਇਸ ਲਈ ਸਭ ਤੋਂ ਯੋਗ ਇਹੀ ਹੈ ਕਿ ਚੰਦਰ ਤਿੱਥਾਂ ਦਾ ਤਿਆਗ ਕਰਕੇ ਸਾਰੇ ਗੁਰਪੁਰਬ ਅਤੇ ਇਤਿਹਾਸਕ ਦਿਹਾੜੇ ਸੂਰਜੀ ਮਹੀਨਿਆਂ ਦੀਆਂ ਤਾਰੀਖ਼ਾਂ ਅਨੁਸਾਰ ਨਿਸਚਤ ਕਰ ਦਿੱਤੇ ਜਾਣ। ਇਸ ਦੇ ਨਾਲ ਹੀ ਸ: ਪਾਲ ਸਿੰਘ ਪੁਰੇਵਾਲ ਦਾ ਸੁਝਾਉ ਸੀ ਕਿ ਜਦੋਂ ਆਪਾਂ ਸੋਧ ਕਰਨ ਹੀ ਲੱਗੇ ਹਾਂ ਤਾਂ ਇੱਕੋ ਵਾਰ ਹੋ ਜਾਣੀ ਚਾਹੀਦੀ ਹੈ। ਜਿਸ ਤਰ੍ਹਾਂ ਜੂਲੀਅਨ ਕੈਲੰਡਰ ਦੇ ਸਾਲ ਦੀ ਲੰਬਾਈ ਰੁੱਤੀ ਸਾਲ ਨਾਲੋਂ ਕੇਵਲ 11 ਕੁ ਮਿੰਟ ਵੱਧ ਹੋਣ ਕਰਕੇ ਉਨ੍ਹਾਂ ਨੂੰ 1582 'ਚ 10 ਦਿਨਾਂ ਦੀ ਸੋਧ ਕਰਨੀ ਪਈ ਸੀ ਤਾਂ ਸਾਡੇ ਬਿਕ੍ਰਮੀ ਸਾਲ ਦੀ ਲੰਬਾਈ ਤਾਂ ਰੁੱਤੀ ਸਾਲ ਨਾਲੋਂ ਲਗਭਗ ਸਾਢੇ 20

**ਬਾਕੀ ਸਫਾ 13 'ਤੇ**

# ਅਦੁੱਤੀ ਅਤੇ ਅਜ਼ੀਮ ਸ਼ਖ਼ਸੀਅਤ ਦੇ ਮਾਲਕ ਗੁਰੂ ਗੋਬਿੰਦ ਸਿੰਘ ਜੀ

**ਡਾ: ਜਸਪਾਲ ਸਿੰਘ (ਉਪ-ਕੁਲਪਤੀ, ਪੰਜਾਬੀ ਯੂਨੀਵਰਸਿਟੀ ਪਟਿਆਲਾ)**

ਹਕੀਮ ਅੱਲਾ ਯਾਰ ਖਾਂ ਜੋਗੀ ਨੇ ਆਪਣੀ ਰਚਨਾ 'ਗੰਜਿ-ਸ਼ਹੀਦਾਂ' ਵਿੱਚ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੀ ਸ਼ਖ਼ਸੀਅਤ ਦਾ ਬਿਆਨ ਬੜੇ ਖੂਬਸੂਰਤ ਸ਼ਬਦਾਂ ਵਿੱਚ ਕੀਤਾ ਹੈ। ਉਨਾਂ ਦਾ ਕਹਿਣਾ ਹੈ: 'ਇਨਸਾਫ਼ ਕਰੇ ਜੀ ਮੇਂ ਜ਼ਮਾਨਾ ਤੋਂ ਯਕੀਂ ਹੈ। ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ। ਯਹ ਪਿਆਰ ਮੁਰੀਦੋਂ ਸੇ ਯੇਹ ਸ਼ਫ਼ਕਤ ਭੀ ਕਹੀਂ ਹੈ? ਭਗਤੀ ਮੇਂ ਗੁਰੂ ਅਰਸ਼, ਸੰਸਾਰ ਜ਼ਿਮੀਂ ਹੈ। ਉਲਫ਼ਤ ਕੇ ਯੇ ਜਜ਼ਬੇ ਨਹੀਂ ਦੇਖੇ ਕਹੀਂ ਹਮ ਨੇ। ਹੈ ਦੇਖਨਾ ਇਕ ਬਾਤ ਸੁਨੇ ਭੀ ਨਹੀਂ ਹਮ ਨੇ।'

ਇਕ ਹੋਰ ਥਾਂ ਪੀਰਾਂ-ਪੈਗੰਬਰਾਂ ਵਿੱਚ ਗੁਰੂ ਸਾਹਿਬ ਦੇ ਸਿਰਮੌਰ ਰੁਤਬੇ ਬਾਰੇ ਉਨਾਂ ਦਾ ਕਥਨ ਹੈ ਕਿ ਯਾਕੂਬ ਨੂੰ ਆਪਣੇ ਪੁੱਤਰ ਯੂਸਫ਼ ਦੀ ਜੁਦਾਈ ਵਿਚ ਉਮਰ ਭਰ ਰੋਣਾ ਪਿਆ ਸੀ ਪਰ ਸਾਰੇ ਰਸੂਲਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਵਰਗਾ ਸਬਰ-ਸਬੂਰੀ ਵਾਲਾ ਕੋਈ ਹੋਰ ਨਹੀਂ ਹੋਇਆ, ਜਿਸ ਨੇ ਚਾਰ ਬੇਟੇ ਕਟਵਾ ਕੇ ਇਕ ਹੰਝੂ ਵੀ ਨਹੀਂ ਕੇਰਿਆ। ਕੋਈ ਸ਼ੱਕ ਨਹੀਂ, ਗੁਰੂ ਜੀ ਨੇ ਰਿਸ਼ੀਆਂ ਦੇ ਮਰਤਬੇ ਨੂੰ ਹੋਰ ਉਚਾ ਕਰ ਦਿੱਤਾ ਸੀ: 'ਯਾਕੂਬ ਕੋ ਯੂਸਫ਼ ਕੇ ਬਿਛੜਨੇ ਨੇ ਰੁਲਾਯਾ। ਸਾਬਰ ਕੋਈ ਕਮ ਐਸਾ ਰਸੂਲੋਂ ਮੇਂ ਹੈ ਆਯਾ। ਕਟਵਾ ਕੇ ਪਿਸਰ ਚਾਰ ਇਕ ਆਂਸੂ ਨਾ ਗਿਰਾਯਾ। ਰੁਤਬਾ ਗੁਰੂ ਗੋਬਿੰਦ ਨੇ ਰਿਸ਼ੀਓਂ ਕਾ ਬੜਾਯਾ।'

ਅਦੁੱਤੀ ਸ਼ਖ਼ਸੀਅਤ ਦੇ ਮਾਲਕ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਕਿਸੇ ਵੀ ਪਹਿਲੂ ਦੀ ਗੱਲ ਕਰੀਏ ਤਾਂ ਕਲਮ ਜੁਆਬ ਦੇ ਜਾਂਦੀ ਹੈ। ਇਨਸਾਨੀ ਸਮਰੱਥਾ ਤੋਂ ਪਰੇ ਹੈ ਉਨਾਂ ਦੀ ਸ਼ਖ਼ਸੀਅਤ ਨੂੰ ਬਿਆਨ ਕਰਨਾ। ਇਕ ਧਰਮ-ਗੁਰੂ, ਇਕ ਵਿਚਾਰਕ, ਇਕ ਕ੍ਰਾਂਤੀਕਾਰੀ, ਇਕ ਯੋਧਾ-ਜਰਨੈਲ, ਇਕ ਸਰਬੰਸਦਾਨੀ, ਇਕ ਸ਼ਾਇਰ, ਇਕ ਸਾਹਿਤਕਾਰ ਅਤੇ ਸਾਹਿਤਕਾਰਾਂ ਦੀ ਸਰਪ੍ਰਸਤੀ ਕਰਨ ਵਾਲੇ ਯੁਗ ਪੁਰਸ਼ ਦੀ ਤਰਾਂ ਉਨਾਂ ਦੀ ਭੂਮਿਕਾ ਅਦੁੱਤੀ ਰਹੀ ਹੈ।

ਗੁਰੂ ਸਾਹਿਬ ਨੇ ਇਹ ਫ਼ੁਰਮਾਨ ਵੀ ਦਿੱਤਾ ਕਿ ਜਿੱਥੇ ਕਿਤੇ ਲੋੜ ਪਵੇ, ਧਰਮ ਦੇ ਪ੍ਰਸਾਰ ਵਿੱਚ ਰੁਕਾਵਟ ਬਣਨ ਵਾਲੇ ਦੋਖੀਆਂ ਤੇ ਦੁਸ਼ਟਾਂ ਨੂੰ ਸਬਕ ਸਿਖਾਓ। 'ਸ੍ਰੀ ਗੁਰੂ ਸੋਭਾ' ਦੇ ਰਚਨਾਕਾਰ ਕਵੀ ਸੈਨਾਪਤੀ ਦਾ ਗੁਰੂ ਸਾਹਿਬ ਦੇ ਜੀਵਨ ਉਦੇਸ਼ ਬਾਰੇ ਕਥਨ ਹੈ-'ਦੁਸ਼ਟ ਬਿਡਾਰਣ ਸੰਤ ਉਬਾਰਨ, ਸਭ ਜਗ ਤਾਰਣ ਭਵ ਹਰਣੰ।' ਅਰਥਾਤ ਧਰਮ ਦੇ ਪ੍ਰਚਾਰ ਲਈ, ਸੰਤਾਂ ਦੀ ਰੱਖਿਆ ਕਰਨੀ ਅਤੇ ਧਰਮੀ ਨਿਜਾਮ ਦੀ ਕਾਇਮੀ ਦੀ ਰਾਹ ਵਿਚ ਰੁਕਾਵਟ ਪਾਉਣ ਵਾਲੇ ਦੁਸ਼ਟਾਂ ਦਾ ਨਾਸ਼ ਕਰਨਾ ਗੁਰੂ ਸਾਹਿਬ ਦੇ ਜੀਵਨ ਦਾ ਮੁੱਖ ਉਦੇਸ਼ ਸੀ। ਪਰ ਇਹ ਵੀ ਜੱਗ ਜ਼ਾਹਿਰ ਹੈ ਕਿ ਇਸ ਮਹਾਨ-ਪਵਿੱਤਰ ਉਦੇਸ਼ ਦੀ ਪ੍ਰਾਪਤੀ ਲਈ ਗੁਰੂ ਸਾਹਿਬ ਨੂੰ ਸਾਰਾ ਜੀਵਨ ਸੰਘਰਸ਼ ਕਰਨਾ ਪਿਆ। ਅਤਿ ਦੀ ਅਡੋਲਤਾ, ਦ੍ਰਿੜਤਾ ਅਤੇ ਪਰਿਪੱਕਤਾ ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਜ਼ਰੂਰੀ ਸੀ। ਅਕਾਲ-ਪੁਰਖ ਨਾਲ ਕੀਤੇ ਅਹਿਦ ਉਂਪਰ ਕਿਸ ਤਰਾਂ ਪਰਵਾਨ ਚੜੇ ਹਨ ਗੁਰੂ ਗੋਬਿੰਦ ਸਿੰਘ ਜੀ, ਇਸ ਦੀ ਜਿਊਂਦੀ ਜਾਗਦੀ ਮਿਸਾਲ ਪਟਨੇ ਵਿੱਚ ਪ੍ਰਕਾਸ਼ ਤੋਂ ਲੈ ਕੇ ਅਨੰਦਪੁਰ ਤੱਕ ਅਤੇ ਅਨੰਦਪੁਰ ਤਿਆਗਣ ਤੋਂ ਲੈ ਕੇ ਹਜ਼ੂਰ ਸਾਹਿਬ ਤੱਕ ਦੀ ਉਨਾਂ ਦੀ ਜੀਵਨ ਯਾਤਰਾ ਹੈ।

ਇਤਿਹਾਸ ਗਵਾਹ ਹੈ ਕਿ ਅਨੰਦਪੁਰ ਦਾ ਉਜਾੜਾ, ਪਰਿਵਾਰ ਦਾ ਵਿਛੋੜਾ, ਸਾਹਿਬਜ਼ਾਦਿਆਂ ਦੀ ਸ਼ਹਾਦਤ ਆਦਿ ਘਟਨਾਵਾਂ ਗੁਰੂ ਸਾਹਿਬ ਦੇ ਦ੍ਰਿੜ ਸੰਕਲਪ ਨੂੰ ਡੁਲਾ ਨਹੀਂ ਸਕੀਆਂ। ਸੁਆਮੀ ਵਿਵੇਕਾਨੰਦ ਨੇ ਭਾਰਤ ਦੇ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਵਿਲੱਖਣ ਮੁਕਾਮ ਬਾਰੇ ਟਿੱਪਣੀ ਕਰਦਿਆਂ ਅਤੇ ਆਪਣੀ ਅਕੀਦਤ ਪੇਸ਼ ਕਰਦਿਆਂ ਕਿਹਾ ਸੀ, 'ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਇਹੋ ਜਿਹੀ ਦੀਖਿਆ (ਅੰਮ੍ਰਿਤ ਦੀ ਦਾਤ) ਦਿੱਤੀ ਸੀ, ਜਿਸ ਨਾਲ ਉਨਾਂ ਵਿਚ ਅਥਾਹ ਸ਼ਕਤੀ ਦਾ ਸੰਚਾਰ ਹੋ ਗਿਆ ਸੀ। ਹਰ ਇਕ ਦੀਖਿਅਤ ਮਨੁੱਖ ਵਿਚ ਸਵਾ ਲੱਖ ਲੋਕਾਂ ਦੀ ਸ਼ਕਤੀ ਸਮਾਹਿਤ ਹੋ ਗਈ ਸੀ। ਭਾਰਤ ਵਿਚ, ਉਸ ਦੇ ਇਤਿਹਾਸ ਵਿਚ ਇਸ ਵਰਗੀ ਕੋਈ ਹੋਰ ਮਿਸਾਲ ਵਿਰਲੀ ਹੀ ਮਿਲੇਗੀ, ਜੋ ਕੁਝ ਗੁਰੂ ਗੋਬਿੰਦ ਸਿੰਘ ਜੀ ਨੇ ਕਰ ਦਿਖਾਇਆ ਸੀ।'

ਹਿੰਦੀ ਜਗਤ ਦੇ ਮੰਨੇ-ਪ੍ਰਮੰਨੇ ਸਾਹਿਤਕਾਰ ਹਜਾਰੀ ਪ੍ਰਸਾਦ ਦਿਵੇਦੀ ਮੁਤਾਬਕ ਜੋ ਕੁਝ ਗੁਰੂ ਗੋਬਿੰਦ ਸਿੰਘ ਜੀ ਨੇ ਕਰ ਵਿਖਾਇਆ, ਉਹ ਇਕ ਬਹੁਤ ਵੱਡਾ ਇਤਿਹਾਸਕ ਚਮਤਕਾਰ ਸੀ। ਉਨਾਂ ਦੁਆਰਾ ਲਿਖੀ ਇਬਾਰਤ ਇਸ ਤਰਾਂ ਹੈ: 'ਧੰਨ ਹੈ ਉਹ ਦੇਸ਼, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਪੈਦਾ ਹੋਏ ਸਨ। ਉਹ ਮਹਾਨ ਸੰਤ ਅਤੇ ਮਹਾਨ ਯੋਧਾ ਸਨ। ਉਨਾਂ ਨੇ ਇਸ ਦੇਸ਼ ਦੀ ਜਨਤਾ ਦੀ ਅਪਾਰ ਸ਼ਕਤੀ ਦਾ ਉਦਘਾਟਨ ਕੀਤਾ ਸੀ। ਉਨਾਂ ਨੂੰ ਯਾਦ ਕਰਕੇ ਅਸੀਂ ਅੱਜ ਵੀ ਨਵੀਂ ਪ੍ਰੇਰਨਾ ਅਤੇ ਸ਼ਕਤੀ ਹਾਸਲ ਕਰ ਸਕਦੇ ਹਾਂ, ਹਾਸਲ ਕਰ ਵੀ ਰਹੇ ਹਾਂ। ਗੁਰੂ ਜੀ ਮਹਾਨ ਸੰਤ ਸਨ। ਪ੍ਰਸਥਿਤੀਆਂ ਨੇ ਉਨਾਂ ਨੂੰ ਸ਼ਸਤਰ ਧਾਰਨ ਕਰਨ ਦੀ ਚੁਣੌਤੀ ਦਿੱਤੀ ਸੀ। ਉਨਾਂ ਨੇ ਉਸ ਨੂੰ ਸਵੀਕਾਰ ਕੀਤਾ ਸੀ।

ਇਤਿਹਾਸ ਦੇ ਪੰਡਿਤਾਂ ਨੇ ਬੜੇ ਅਸਚਰਜ ਨਾਲ ਦੇਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਅਦਭੁੱਤ ਚਮਤਕਾਰ ਕਰ ਦਿਖਾਇਆ। ਜਨਤਾ ਨਿਰਾਸ਼ ਸੀ, ਉਸ ਵਿਚ ਕਿਸੇ ਕਿਸਮ ਦਾ ਆਤਮ-ਸਨਮਾਨ ਨਹੀਂ ਸੀ ਰਹਿ ਗਿਆ। ਅੱਤਿਆਚਾਰ ਅਤੇ ਅਨਾਚਾਰ ਨੂੰ ਕਿਸਮਤ ਦਾ ਦੋਸ਼ ਕਹਿ ਕੇ ਸਵੀਕਾਰ ਕਰ ਲਿਆ ਸੀ। ਐਸੇ ਹੀ ਲੋਕਾਂ ਵਿਚ ਉਨਾਂ ਨੇ ਮਹਾਨ ਸੂਰਬੀਰ ਪੈਦਾ ਕਰ ਦਿੱਤੇ। ਮੌਤ ਦੇ ਡਰ ਨੂੰ ਮੰਨੋ, ਮੰਤਰ ਦੀ ਸ਼ਕਤੀ ਨਾਲ ਉੜਾ ਦਿੱਤਾ। ਸਿਰ ਹਥੇਲੀ ਉੱਤੇ ਰੱਖ ਕੇ ਇਨਾਂ ਯੋਧਿਆਂ ਨੇ ਅਨਿਆਂ ਨੂੰ ਲਲਕਾਰਿਆ ਅਤੇ ਦੇਖਦਿਆਂ-ਦੇਖਦਿਆਂ ਇਤਿਹਾਸ ਪਲਟ ਦਿੱਤਾ। ਇਤਿਹਾਸ ਵਿਚ ਇਹੋ ਜਿਹੀ ਕੋਈ ਹੋਰ ਘਟਨਾ ਘੱਟ ਹੀ ਵੇਖੀ ਗਈ ਹੈ। ਕਾਲ ਦੇ ਰਥ-ਚੱਕਰ ਨੂੰ ਜਿਸ ਤਰਾਂ ਮੋੜ ਦੇਣਾ, ਗੁਰੂ ਜੀ ਦੀ ਹੀ ਕਰਾਮਾਤ ਸੀ।'

ਭਾਈ ਵੀਰ ਸਿੰਘ ਦੀ ਇਕ ਲਿਖਤ ਦਾ ਜ਼ਿਕਰ ਵੀ ਮੈਂ ਇੱਥੇ ਕਰਨਾ ਚਾਹੁੰਦਾ ਹਾਂ। ਭਾਈ ਸਾਹਿਬ ਨੇ ਬੜੇ ਨਿਵੇਕਲੇ ਅੰਦਾਜ਼ ਵਿਚ ਭਾਰਤੀ ਇਤਿਹਾਸ ਦੀ ਸਚਾਈ ਬਿਆਨ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਨੂੰ ਕਲਮਬੰਦ ਕੀਤਾ ਹੈ। ਉਨਾਂ ਦੀ ਲਿਖਤ ਇਸ ਤਰਾਂ ਹੈ: 'ਅਸੀਂ ਉਨਾਂ ਵਿਚੋਂ ਹੀ ਨਿਕਲੇ ਹਾਂ, ਜਿਨਾਂ ਦੀਆਂ ਸਦੀਆਂ ਦੀਆਂ ਬੇਵੱਸ ਮੌਤਾਂ ਦੇ ਕਾਰਨ ਇਕ ਪਹਾੜ ਦਾ ਨਾਮ ਹੀ 'ਹਿੰਦੂ ਕੁਸ਼' ਰੱਖ ਦਿੱਤਾ ਗਿਆ ਹੈ। ਜਿੱਥੋਂ ਲੰਘਦੇ ਹਿੰਦੂ ਕੈਦੀ ਸਰਦੀ ਨਾ ਝੱਲ ਸਕਣ ਕਰਕੇ ਮਰ ਜਾਂਦੇ ਹਨ ਤੇ ਜਰਵਾਣਿਆਂ ਨੇ ਉਸ ਪਹਾੜ ਦਾ ਨਾਮ ਹਿੰਦੂ ਕੁਸ਼ ਧਰ ਦਿੱਤਾ ਹੈ। ਵਾਹ ਉਇ ਸਾਹਿਬਾ ! ਸੁਹਣੇ ਕੁੰਡਿਆਲੇ ਕੇਸਾਂ ਵਾਲੇ ਕਲਗੀਧਰ ! ਧੰਨ ਤੇਰੀ ਜਿੰਦ ! ਤੇ ਜਿੰਦ ਪਾਣ ਦੀ ਰੱਬੀ ਤਾਕਤ ! ਇਨਾਂ ਮਰ ਮਿਟਿਆਂ ਹਿੰਦੀਆਂ ਵਿੱ ਚ ਤੂੰ ਕਿਹੜੀ ਅਮਰ, ਅਝੁਕ, ਸਦਾ ਬਲਦੀ ਜ਼ਿੰਦਗੀ ਫੂਕ ਦਿੱਤੀ ਹੈ ਕਿ ਜਿਸ ਦੇ ਬੱਚੇ ਵੀ, ਤੇਰੇ ਆਪਣੇ ਬੱਚਿਆਂ ਵਾਲੀ, ਬੀਰਤਾ ਦਿਖਾਉਂਦੇ ਹਨ। ਹਾਂ, ਸੁਹਣੇ ਕੇਸਾਂ ਵਾਲਿਆਂ ! ਤੂੰ ਹੀ ਆਪਣੇ ਜਾਏ, ਸਾਡੇ ਪਾਪਾਂ ਦੀ ਜਗਵੇਦੀ ਤੇ ਬਲੀ ਦੇ ਕੇ ਆਖਿਆ ਸੀ ਕਿ ਇਹ ਮੇਰੇ ਚਾਰ ਪੁੱਤਰ ਸ਼ਹੀਦ ਹੋਏ ਹਨ, ਪਰ ਮੇਰੇ ਲੱਖਾਂ ਪੁੱਤਰ ਹੋਰ ਹਨ-ਜੋ ਖਾਲਸਾ ਕਹੀਦੇ ਹਨ ਤੇ ਏਹ ਮੇਰੇ ਖਾਲਸਾ ਜੀ ਇਕ 'ਪੁੱਤਰ-ਸੋਮਾ' ਹੈ। ਮੇਰਾ ਇਹ ਪੁੱਤਰ-ਅਮਰ ਪੁੱਤਰ ਹੈ, ਸਦਾ ਜੀਏਗਾ। 'ਖਾਲਸਾ' ਅਮਰ ਹੈ। ਹਾਂ, ਤੂੰ ਸਾਨੂੰ ਪੁੱਤਰ ਬਣਾਇਆ ਸੀ, ਤੇ ਅਮਰ ਪੁੱਤਰ ਬਣਾਇਆ ਸੀ। ਫੇਰ ਤੇਰੇ ਇਹ ਅਮਰ ਬੱਚੇ ਕੀਕੂੰ ਨਾ, ਤੇਰੇ ਆਪਣੇ ਜਾਏ ਬੱਚਿਆਂ ਵਾਲੀ ਅਹਿੱਲ, ਅਝੁੱਕ, ਅਬੁੱਝ ਅੱਗ ਦਾ ਅਲਾਂਬਾ ਹੋਣ।'

ਆਖਰ ਵਿਚ ਮਹਾਂਕਵੀ ਸੰਤੋਖ ਸਿੰਘ ਦੀ ਇਕ ਰਚਨਾ ਦਾ ਹਵਾਲਾ ਦੇ ਕੇ ਲੇਖ ਨੂੰ ਸਮਾਪਤ ਕਰਨਾ ਚਾਹੁੰਦਾ ਹਾਂ। ਭਾਰਤ ਦੇਸ਼ ਦੀ ਸਭ ਤੋਂ ਵੱਡੀ ਖੂਬਸੂਰਤੀ ਅਤੇ ਤਾਕਤ ਉਸ ਦੀ ਵਿਭਿੰਨਤਾ, ਉਸ ਦੀ ਵੰਨ-ਸੁਵੰਨਤਾ ਵਿੱਚ ਹੈ ਪਰ ਭਾਈ ਸਾਹਿਬ ਦਾ ਇਹ ਨਿਰਣਾ ਹੈ ਕਿ ਜੇ ਗੁਰੂ ਗੋਬਿੰਦ ਸਿੰਘ ਉਪਕਾਰ ਨਾ ਕਰਦੇ ਤਾਂ ਉਸ ਦੀ ਅਨੇਕਤਾ ਅਤੇ ਉਸ ਦੀ ਅਨੇਕਤਾ ਵਾਲੀ ਹੋਂਦ ਹੀ ਖਤਮ ਹੋ ਜਾਣੀ ਸੀ : 'ਛਾਇ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ, ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ। ਪਾਪ ਹੀ ਪਰਪੱਕ ਜਾਤੇ, ਧਰਮ ਧਸੱਕ ਜਾਤੇ, ਵਰਨ ਗਰਕ ਜਾਤੇ, ਸਾਹਿਤ ਬਿਧਾਨ ਕੀ। ਦੇਵੀ ਦੇਵ ਦੇਹੁਰਾ ਸੰਤੋਖ ਸਿੰਘ ਦੂਰ ਹੋਤੇ, ਰੀਤਿ ਮਿਟ ਜਾਤੀ ਕਥਾ ਬੇਦਨ ਪੁਰਾਨ ਦੀ। ਸ੍ਰੀ ਗੁਰੂ ਗੋਬਿੰਦ ਪਾਵਨ ਪਰਮ ਸੂਰ, ਮੂਰਤਿ ਨਾ ਹੋਤੀ ਜਓਪੈ ਕਰੁਣਾ ਨਿਧਾਨ ਕੀ।'

-0-

# ਕਿਸਾਨੀ ਸੰਘਰਸ਼ ਦੀਆਂ ਝਲਕੀਆਂ

## ਸਿੰਘੂ ਬਾਰਡਰ ’ਤੇ ਕਿਸਾਨਾਂ ਨਾਲ ਪਈ ਦਿੱਲੀ ਦੀ ਕੁੜੀ ‘ਲਾਡੋ ਰਾਣੀ’ ਨਾਲ ਸਾਂਝ

“ਕਿਸਾਨਾਂ ਦੇ ਤਿੰਨ ਖੇਤੀ ਕਾਨੂੰਨ ਵਾਪਸ ਹੋਏ ਗਏ ਇਸ ਗੱਲ ਤੋਂ ਮੈ ਬਹੁਤ ਖ਼ੁਸ਼ ਹਾਂ ਪਰ ਨਾਲ ਦੀ ਨਾਲ ਉਦਾਸ ਵੀ ਹਾਂ ਕਿ ਹੁਣ ਇਹਨਾਂ ਨੇ ਆਪੋ ਆਪਣੇ ਘਰ ਨੂੰ ਵਾਪਸ ਚਲੇ ਜਾਣਾ ਹੈ”, ਇਹ ਗੱਲ ਕਰਦਿਆਂ ਸਮ੍ਰਿਤੀ ਉਦਾਸ ਹੋ ਜਾਂਦੀ ਹੈ ਅਤੇ ਇਸ ਉਦਾਸੀ ਦੀ ਗਵਾਹੀ ਭਰਦੇ ਹਨ ਉਸ ਦੇ ਅੱਥਰੂ। ”

“ਸਮ੍ਰਿਤੀ ਥੋੜ੍ਹਾ ਆਪਣੇ ਆਪ ਨੂੰ ਸੰਭਾਲਦੀ ਹੈ ਅਤੇ ਫਿਰ ਸ਼ੁਰੂ ਕਰਦੀ ਹੈ, ਰਿਸ਼ਤਾ ਥਾਂ ਨਾਲ ਨਹੀਂ ਬਲਕਿ ਬੰਦਿਆਂ ਨਾਲ ਬਣਦਾ ਹੈ ਅਤੇ ਇਹਨਾਂ ਕਿਸਾਨਾਂ ਨਾਲ ਮੇਰਾ ਦਿਲ ਤੋਂ ਰਿਸ਼ਤਾ ਕਾਇਮ ਹੋ ਗਿਆ ਹੈ”, ਇਹ ਸ਼ਬਦ ਹਨ ਦਿੱਲੀ ਦੀ ਰਹਿਣ ਵਾਲੀ ਲੜਕੀ ਸਮ੍ਰਿਤੀ ਆਰਿਆ ਦੇ।

ਸਮ੍ਰਿਤੀ ਦਿੱਲੀ ਦੇ ਨਰੇਲਾ ਇਲਾਕੇ ਦੀ ਰਹਿਣ ਵਾਲੀ ਹੈ ਅਤੇ ਉਹ ਰੋਜ਼ਾਨਾ ਸਿੰਘੂ ਬਾਰਡਰ ਉੱਤੇ ਇੱਕ ਸਾਲ ਤੋਂ ਅੰਦੋਲਨ ਕਰ ਰਹੇ ਕਿਸਾਨਾਂ ਦੇ ਲੰਗਰ ਵਿਚ ਆਪਣੇ ਮਾਪਿਆਂ ਦੇ ਨਾਲ ਸੇਵਾ ਕਰਨ ਆਉਂਦੀ ਹੈ।

ਹਾਲਾਂਕਿ ਕੇਂਦਰ ਸਰਕਾਰ ਨੇ ਤਿੰਨੋ ਖੇਤੀ ਕਾਨੂੰਨ ਰੱਦ ਕਰ ਦਿੱਤੇ ਹਨ ਪਰ ਐੱਮਐੱਸਪੀ ਦੀ ਕਾਨੂੰਨੀ ਗਰੰਟੀ ਅਤੇ ਹੋਰ ਮੰਗਾਂ ਨੂੰ ਲੈ ਕੇ ਅੰਦੋਲਨ ਦਿੱਲੀ ਦੇ ਪੰਜ ਬਾਰਡਰਾਂ ਉੱਤੇ ਅਜੇ ਵੀ ਜਾਰੀ ਹੈ।

ਸਮ੍ਰਿਤੀ ਦੱਸਦੀ ਹੈ ਕਿ ਉਸ ਨੂੰ ਸਿੱਖ ਕੌਮ ਬਾਰੇ ਪਹਿਲਾਂ ਥੋੜ੍ਹਾ ਬਹੁਤ ਗਿਆਨ ਸੀ ਪਰ ਪਿਛਲੇ ਇੱਕ ਸਾਲ ਦੌਰਾਨ ਨਾ ਸਿਰਫ਼ ਮੈਨੂੰ ਸਿੱਖ ਭਾਈਚਾਰੇ ਦੇ ਵਿਰਸੇ ਬਾਰੇ ਪਤਾ ਲੱਗਾ, ਸਗੋਂ ਜਿਹੜਾ ਅਨਾਜ ਉਹ ਰੋਜ਼ਾਨਾ ਖਾਂਦੇ ਹਨ, ਉਸ ਬਾਰੇ ਪਤਾ ਲੱਗਾ ਉਹ ਕਿਵੇਂ ਪੈਦਾ ਹੁੰਦਾ ਹੈ।

ਸਮ੍ਰਿਤੀ ਮੁਤਾਬਕ ਕਿਸਾਨ ਅੰਦੋਲਨ ਤੋਂ ਉਸ ਨੇ ਬਹੁਤ ਕੁਝ ਹਾਸਲ ਕੀਤਾ ਹੈ, ਨਵੇਂ ਰਿਸ਼ਤਿਆਂ ਦੇ ਨਾਲ-ਨਾਲ ਸਬਰ, ਸੰਤੋਖ ਅਤੇ ਏਕਤਾ ਵਿੱਚ ਕਿਵੇਂ ਰਹਿਣਾ ਹੈ, ਇਸ ਦੀ ਜਾਂਚ ਮੈਨੂੰ ਅੰਦੋਲਨ ਤੋਂ ਹਾਸਲ ਹੋਈ ਹੈ।

ਉਨ੍ਹਾਂ ਦੱਸਿਆ ਕਿ ਭੈਣ, ਮਾਸੀ ਅਤੇ ਬਾਪੂ ਜੀ ਦਾ ਪਿਆਰ ਮੈਨੂੰ ਇੱਥੋਂ ਮਿਲਿਆ ਹੈ, ਜਿਸ ਨੂੰ ਮੈ ਪੂਰੀ ਜ਼ਿੰਦਗੀ ਭੁਲਾ ਨਹੀਂ ਸਕਦੀ ਹੈ। ਸਮ੍ਰਿਤੀ ਨੇ ਦੱਸਿਆ ਇੱਕ ਆਂਟੀ ਮੈਨੂੰ ਲਾਡੋ ਰਾਣੀ ਆਖਦੀ ਹੈ, ਮੈਨੂੰ ਇਹ ਸ਼ਬਦ ਬਹੁਤ ਚੰਗਾ ਲੱਗਦਾ ਹੈ।

‘ਪੰਜਾਬ ਤੱਕ ਇਹਨਾਂ ਦੇ ਨਾਲ ਜਾਵਾਂਗੀ’

ਉਹ ਆਖਦੀ ਹੈ ਕਿ ਇਹਨਾਂ ਕਿਸਾਨਾਂ ਦੇ ਨਾਲ ਹੁਣ ਦਿਲ ਦਾ ਕੁਨੈਕਸ਼ਨ ਬਣ ਗਿਆ ਹੈ। ਇਸ ਤੋਂ ਇਲਾਵਾ ਮੱਕੀ ਦੀ ਰੋਟੀ ਕਿਵੇਂ ਤਿਆਰ ਹੁੰਦੀ ਹੈ, ਉਸ ਨੇ ਇੱਥੋਂ ਹੀ ਸਿੱਖਿਆ ਹੈ।

ਸਮ੍ਰਿਤੀ ਆਖਦੀ ਹੈ, ਜਿਸ ਦਿਨ ਕਿਸਾਨ ਘਰ ਵਾਪਸੀ ਕਰਨਗੇ ਉਹ ਟਰਾਲੀ ਦੇ ਵਿੱਚ ਪੰਜਾਬ



ਤੱਕ ਇਹਨਾਂ ਦੇ ਨਾਲ ਜਾਵੇਗੀ। ਪਰ ਵਾਪਸੀ ਸਮੇਂ ਖ਼ਾਲੀ ਪਏ ਸਿੰਘੂ ਬਾਰਡਰ ਨੂੰ ਦੇਖ ਕੇ ਉਹ ਬਹੁਤ ਉਦਾਸ ਹੋਵੇਗੀ।

ਸਮ੍ਰਿਤੀ ਮੁਤਾਬਕ ਉਸ ਦਾ ਖੇਤੀ ਨਾਲ ਕੋਈ ਸਿੱਧਾ ਰਾਬਤਾ ਨਹੀਂ ਹੈ ਪਰ ਕਿਸਾਨ ਦੀ ਜ਼ਿੰਦਗੀ ਕੀ ਹੁੰਦੀ ਹੈ ਅਤੇ ਕਿਸ ਹਾਲਤ ਵਿਚ ਉਹ ਅਨਾਜ ਪੈਦਾ ਕਰਦਾ ਹੈ ਉਸ ਨੂੰ ਹੁਣ ਪਤਾ ਲੱਗਾ ਹੈ।

ਸਾਇੰਸ ਵਿਸ਼ੇ ਵਿਚ ਮਾਸਟਰ ਦੀ ਡਿਗਰੀ ਹਾਸਲ ਕਰ ਚੁੱਕੀ ਸਮ੍ਰਿਤੀ ਮੁਤਾਬਕ ਜਦੋਂ ਪਿਛਲੇ ਸਾਲ 26 ਜਨਵਰੀ ਨੂੰ ਟਰੈਕਟਰ ਮਾਰਚ ਦਾ ਐਲਾਨ ਹੋਇਆ ਸੀ ਤਾਂ ਉਸ ਨੇ ਇਸ ਵਿਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ।

ਇਸ ਕੰਮ ਵਿਚ ਪਰਿਵਾਰ ਨੇ ਵੀ ਉਸ ਦਾ ਹੌਸਲਾ ਵਧਾਇਆ। ਇਸ ਤੋਂ ਬਾਅਦ ਉਹ ਸਿੰਘੂ ਬਾਰਡਰ ਉੱਤੇ ਆ ਕੇ ਲੰਗਰ ਵਿਚ ਸੇਵਾ ਕਰਨ ਲੱਗੀ।

**ਪਰਿਵਾਰਕ ਰਿਸ਼ਤਾ ਬਣਿਆ**

ਸਮ੍ਰਿਤੀ ਦੇ ਪਿਤਾ ਰਾਜਿੰਦਰ ਆਰਿਆ ਨੇ ਦੱਸਿਆ ਕਿ ਹੁਣ ਜਿਵੇਂ ਜਿਵੇਂ ਕਿਸਾਨਾਂ ਦੇ ਘਰ ਵਾਪਸੀ ਦੇ ਦਿਨ ਨੇੜੇ ਆਉਣ ਲੱਗੇ ਹਨ ਤਾਂ ਬੇਟੀ ਉਦਾਸ ਰਹਿਣ ਲੱਗ ਗਈ ਹੈ।

ਮੂਲ ਰੂਪ ਵਿਚ ਹਰਿਆਣਾ ਦੇ ਰਹਿਣ ਵਾਲੇ ਰਾਜਿੰਦਰ ਆਰਿਆ ਨੇ ਦੱਸਿਆ ਕਿ ਉਹ ਖ਼ੁਸ਼ ਹਨ ਕਿ ਕਿਸਾਨਾਂ ਦੀਆਂ ਮੰਗਾਂ ਮੰਨ ਲਈਆਂ ਗਈਆਂ ਹਨ।

ਜਿਸ ਲੰਗਰ ਵਿਚ ਸਮ੍ਰਿਤੀ ਆਪਣੇ ਪਰਿਵਾਰ ਨਾਲ ਸੇਵਾ ਲਈ ਆਉਂਦੀ ਹੈ ਉਹ ਮੁਹਾਲੀ ਜ਼ਿਲ੍ਹੇ ਕਈ ਪਿੰਡਾਂ ਦਾ ਸਾਂਝਾ ਲੰਗਰ ਹੈ।

ਇਸ ਦੇ ਸੇਵਾਦਾਰ ਅਮਰੀਕ ਸਿੰਘ ਚਿੱਲਾ ਨੇ ਦੱਸਿਆ ਕਿ ਜਦੋਂ ਉਹ ਦਿੱਲੀ ਪਿਛਲੇ ਸਾਲ ਆਏ ਸਨ ਤਾਂ ਸਮ੍ਰਿਤੀ ਆਪਣੀ ਮਾਂ ਦੇ ਨਾਲ ਇੱਥੇ ਆਈ ਸੀ।

ਉਸ ਸਮੇਂ ਇੱਥੇ ਕੋਈ ਪ੍ਰਬੰਧ ਨਹੀਂ ਸੀ ਸਿਰਫ਼ ਟਰਾਲੀ ਵਿਚ ਹੀ ਲੰਗਰ ਤਿਆਰ ਹੁੰਦਾ ਸੀ।

ਇਹਨਾਂ ਨੇ ਲੰਗਰ ਵਿਚ ਸੇਵਾ ਕਰਨ ਦੀ ਆਗਿਆ ਸਾਡੇ ਤੋਂ ਲਈ ਅਤੇ ਫਿਰ ਇੱਥੇ ਆਉਣਾ ਸ਼ੁਰੂ ਕਰ ਦਿੱਤਾ। ਹੁਣ ਇਸ ਪਰਿਵਾਰ ਨਾਲ ਸਾਡਾ ਪਰਿਵਾਰਕ ਰਿਸ਼ਤਾ ਬਣ ਗਿਆ ਹੈ।

ਅਮਰੀਕ ਸਿੰਘ ਨੇ ਦੱਸਿਆ ਕਿ ਦਿੱਲੀ ਵਿਚ ਰਹਿਣ ਕਰ ਕੇ ਇਸ ਦੀ ਭਾਸ਼ਾ ਹਿੰਦੀ ਅਤੇ ਅੰਗਰੇਜ਼ੀ ਹੈ ਪਰ ਇਹ ਹੁਣ ਸਾਡੇ ਤੋਂ ਪੰਜਾਬੀ ਵੀ ਸਿੱਖਣ ਲੱਗ ਗਈ ਹੈ।

ਅਮਰੀਕ ਸਿੰਘ ਨੇ ਦੱਸਿਆ ਕਿ ਜਿਸ ਦਿਨ ਤੋਂ ਕਾਨੂੰਨ ਵਾਪਸ ਹੋਏ ਹਨ ਉਸ ਦਿਨ ਤੋਂ ਇਹ ਸਾਡੇ ਤੋਂ ਵਿਛੜਣ ਕਰ ਕੇ ਇਹ ਉਦਾਸ ਹੈ ਪਰ ਸਾਡਾ ਇਸ ਪਰਿਵਾਰ ਦੇ ਨਾਲ ਰਿਸ਼ਤਾ ਉਸ ਤਰੀਕੇ ਨਾਲ ਕਾਇਮ ਹੋ ਗਿਆ, ਜਿਸ ਤਰੀਕੇ ਨਾਲ ਸਾਡੀਆਂ ਆਪਣੀਆਂ ਰਿਸ਼ਤੇਦਾਰੀਆਂ ਹਨ।

ਇਹ ਸਾਡੇ ਤਿੱਥ ਤਿਉਹਾਰਾਂ ਦੇ ਵਿਚ ਆਉਣਗੇ ਅਸੀਂ ਇਹਨਾਂ ਦੇ। ਉਨ੍ਹਾਂ ਦੱਸਿਆ ਕਿ ਉਦਾਸ ਅਸੀਂ ਵੀ ਹੋਵਾਂਗੇ, ਕਿਉਂਕਿ ਜੋ ਪਿਆਰ ਸਿੰਘੂ ਬਾਰਡਰ ਉੱਤੇ ਸਥਾਨਕ ਲੋਕਾਂ ਨੇ ਉਨ੍ਹਾਂ ਨੂੰ ਦਿੱਤਾ ਹੈ, ਉਹ ਕਦੇ ਭੁਲਾਇਆ ਨਹੀਂ ਜਾ ਸਕਦਾ।

‘ਮੋਹ ਦੀਆਂ ਤੰਦਾਂ ਨਹੀਂ ਟੁੱਟ ਸਕਦੀਆਂ’

ਮੁਹਾਲੀ ਜ਼ਿਲ੍ਹੇ ਨਾਲ ਸਬੰਧਤ ਕੁਲਵੰਤ ਕੌਰ ਖ਼ਾਲਸਾ, ਜੋ ਇਸ ਸਮੇਂ ਸਿੰਘੂ ਬਾਰਡਰ ਉੱਤੇ ਕਿਸਾਨਾਂ ਦੇ ਧਰਨੇ ਵਿਚ ਸ਼ਾਮਲ ਹਨ, ਆਖਦੇ ਹਨ ਇਹ ਮੋਹ ਦੀਆਂ ਤੰਦਾਂ ਹੁਣ ਟੁੱਟ ਨਹੀਂ ਸਕਦੀਆਂ।

ਉਨ੍ਹਾਂ ਦੱਸਿਆ ਕਿ ਜਦੋਂ ਅਸੀਂ ਦਿੱਲੀ ਆਵਾਂਗੇ ਤਾਂ ਨਰੇਲਾ ਵਿਖੇ ਆਰਿਆ ਪਰਿਵਾਰ ਦੇ ਘਰ ਚਾਹ ਜ਼ਰੂਰ ਪੀਤੀ ਜਾਵੇਗੀ ਅਤੇ ਜਦੋਂ ਇਹ ਪੰਜਾਬ ਆਉਣਗੇ ਤਾਂ ਇਹ ਸਾਡੇ ਕੋਲ ਆਉਣਗੇ, ਇਸ ਕਰ ਕੇ ਇਹ ਰਿਸ਼ਤਾ ਕਦੇ ਮਿਟ ਨਹੀਂ ਸਕਦਾ।

**ਉਨ੍ਹਾਂ ਦੱਸਿਆ ਕਿ ਜਾਤਾਂ- ਪਾਤਾਂ ਦੇ ਸਾਰੇ ਝਗੜੇ ਇਸ ਅੰਦੋਲਨ ਨੇ ਖ਼ਤਮ ਕਰ ਦਿੱਤੇ ਹਨ -ਕੁਲਵੰਤ ਕੌਰ**


ਕੁਲਵੰਤ ਕੌਰ ਆਖਦੀ ਹੈ ਕਿ ਅੰਦੋਲਨ ਨੇ ਬਹੁਤ ਕੁਝ ਦਿੱਤਾ ਹੈ, ਕਾਨੂੰਨ ਵਾਪਸ ਹੋ ਗਏ , ਨਵੇਂ ਰਿਸ਼ਤੇ ਬਣ ਗਏ, ਭਾਈਚਾਰਕ ਸਾਂਝ ਪੰਜਾਬ, ਹਰਿਆਣਾ, ਦਿੱਲੀ ਅਤੇ ਯੂ ਪੀ ਦੇ ਲੋਕਾਂ ਨਾਲ ਗੂੜ੍ਹੀ ਹੋ ਗਈ।

ਉਨ੍ਹਾਂ ਦੱਸਿਆ ਕਿ ਜਾਤਾਂ-ਪਾਤਾਂ ਦੇ ਸਾਰੇ ਝਗੜੇ ਇਸ ਅੰਦੋਲਨ ਨੇ ਖ਼ਤਮ ਕਰ ਦਿੱਤੇ ਹਨ, ਇਹੀ ਇਸ ਦੀ ਖ਼ੂਬਸੂਰਤੀ ਹੈ ਅਤੇ ਇਸ ਕਰ ਕੇ ਤਮਾਮ ਵਿਵਾਦਾਂ ਦੇ ਬਾਵਜੂਦ ਵੀ ਇਹ ਅੰਦੋਲਨ ਆਪਣਾ ਇੱਕ ਸਾਲ ਪੂਰਾ ਕਰ ਗਿਆ।

ਮੁਕਤਸਰ ਜਿਲੇ ਨਾਲ ਸਬੰਧਤ ਰਵਨੀਤ ਸਿੰਘ ਸਿਰਫ ਕਿਸਾਨਾਂ ਦੇ ਧਰਨਾ ਦੇਖਣ ਆਇਆ ਸੀ, ਉਸ ਸਮੇਂ ਤੋਂ ਉਹ ਪਿੰਡ ਵਿਚ ਘੱਟ ਸਿੰਘੂ ਬਾਰਡਰ ਉਤੇ ਜਿਆਦਾ ਰਹਿਣ ਲੱਗਾ ਗਿਆ।

ਉਹ ਆਖਦਾ ਹੈ ਕਿ ਸਾਡੀ ਜਿੱਤ ਹੋ ਗਈ, ਅਸੀਂ ਖੁਸ਼ ਹਾਂ ਪਰ ਚਿੰਤਾਂ ਇਸ ਗੱਲ ਦੀ ਵੀ ਹੈ ਕਿ ਪਿੰਡ ਦਿਲ ਕਿਵੇਂ ਲੱਗੇਗਾ।

ਇਹ ਟਿਕਰੀ, ਸਿੰਘੂ ਅਤੇ ਗਾਜੀਪੁਰ ਕਿਸਾਨਾਂ ਦੇ ਪਿੰਡ ਬਣ ਗਏ ਹਨ, ਇਸ ਕਰਕੇ ਇਥੇ ਬਤੀਤ ਕੀਤੇ ਦਿਨਾਂ ਦੀ ਬਹੁਤ ਯਾਦ ਆਵੇਗੀ।-0-






ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਜਵੱਦੀ, ਲੁਧਿਆਣਾ
ਸੰਪਰਕ : 9855598555, 9855598850
ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ


AIUTUC
জয় কিষাণ আন্দোলন
সংযুক্ত কিষান মোর্চার ডাকে ২৭ সেপ্টেম্বর
ভারত বনধ
কোম্পানিরাজ হটাও ! কৃষি ও কৃষক বাঁচাও
RKS
AIKSCC

# ਕਿਸਾਨੀ ਅੰਦੋਲਨ ਦੀ ਮਿਸਾਲੀ ਜਿੱਤ ਨੇ ਸਿਰਜਿਆ ਇਤਿਹਾਸ

**–ਮੋਹਨ ਸਿੰਘ # 78883–27695**

ਤਿੰਨ ਖੇਤੀ ਕਾਨੂੰਨਾਂ ਵਿਰੁੱਧ ਕਿਸਾਨ ਅੰਦੋਲਨ ਦੀ ਲਾਸਾਨੀ ਫ਼ਤਿਹ ਹੋ ਗਈ ਹੈ। ਲੋਕਾਂ ਨੇ ਇਸ ਲਾਸਾਨੀ ਜਿੱਤ ਦਾ ਲਾਸਾਨੀ ਆਓ ਭਗਤ ਕੀਤੀ ਹੈ ਅਤੇ ਇਸ ਜਿੱਤ ਦੇ ਚਾਅ ਨੂੰ ਦੀਵਾਲੀ ਵਾਲੋਂ ਵੀ ਵੱਧ ਮਨਾਇਆ ਗਿਆ ਹੈ। ਕਿਸਾਨਾਂ ਉੱਪਰ ਫ਼ੁੱਲਾਂ ਦੀ ਬਾਰਸ਼ ਕੀਤੀ ਗਈ। ਕਿਸਾਨਾਂ ਵੱਲੋਂ ਇਕ ਸਾਲ ਤੋਂ ਵੱਧ ਲੜੇ ਲੰਮੇ ਘੋਲ ਦੀਆਂ ਘਾਲਨਾਵਾਂ ਰੰਗ ਲਿਆਈਆਂ ਹਨ ਅਤੇ ਅੰਨਦਾਤੇ ਦੀ ਆਸਥਾ ਅਤੇ ਸਿੱਦਕ ਦਿਲੀ ਨੂੰ ਬੂਰ ਪਿਆ ਹੈ। ਮੋਦੀ ਦੇ ਅੜੀਅਲ ਰਵੱਈਏ ਨੂੰ ਲੈ ਕੇ ਕਿਸਾਨਾਂ ਨੇ ਲੰਬੇ ਅੰਦੋਲਨ ਦੀ ਤਿਆਰੀ ਕੀਤੀ ਸੀ ਅਤੇ ਦਿੱਲੀ ਦੀਆਂ ਬਰੂਹਾਂ 'ਤੇ ਨਵੇਂ ਪਿੰਡ ਵਸਾ ਲਏ ਸਨ। ਇਹ ਦੂਰ ਤੱਕ ਫੈਲੇ ਪਿੰਡ ਮੈਟਰੋ ਬਣ ਗਏ ਸਨ। ਉਨ੍ਹਾਂ ਅੰਦਰ ਇਕ ਭਾਵਨਾਮਤ ਸਾਂਝ ਬਣ ਗਈ ਸੀ, ਇਕ ਅਨੋਖੇ ਕਿਸਮ ਦੀ ਅਪਣਤ ਬਣ ਗਈ ਸੀ। ਹੁਣ ਉਹ ਜੰਗ ਦਾ ਇਕ ਪੜਾਅ ਫਤਹਿ ਕਰ ਚੁੱਕੇ ਹਨ, ਹੁਣ ਘਰ ਵਾਪਸੀ ਸਮੇਂ ਇਕ ਪਾਸੇ ਕਿਸਾਨ ਦੀ ਜਿੱਤ ਦੀਆਂ ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ, ਪਰ ਦੂਜੇ ਪਾਸੇ ਉਨ੍ਹਾਂ ਲਈ ਵਿਛੜਨਾ ਪੀੜਦਾਈ ਹੋ ਰਿਹਾ ਸੀ, ਉਹ ਗਲਵਕੜੀਆਂ ਪਾ ਭੁੱਬਾਂ ਮਾਰ ਰੋ ਰਹੇ ਸਨ, ਇਸ ਅੰਦੋਲਨ ਦੇ ਕ੍ਰਿਸ਼ਮੇ ਰਾਹੀਂ ਕਿਸਾਨਾਂ ਅੰਦਰ ਇਕ ਕਿਸਾਨ–ਸਵੈਮਾਨ ਵਾਲੀ ਸਾਂਝੀ ਪਹਿਚਾਣ ਬਣ ਕੇ ਉਭਰੀ ਹੈ। ਹਰਿਆਣੇ ਵਾਲੇ ਕਿਸਾਨ ਪੰਜਾਬ ਦੇ ਕਿਸਾਨ ਨੂੰ ਵੱਡਾ ਭਾਈ ਸਮਝਣ ਲੱਗੇ ਸਨ/ਹਨ। ਪੰਜਾਬੀਆਂ ਦੀ ਅਤਿਵਾਦੀ, ਝਗੜਾਲੂ ਅਤੇ ਅਤਿਵਾਦੀ ਦਿਖ ਵਾਲੀ ਪਹਿਚਾਣ ਟੁੱਟ ਕੇ ਖੁਲ੍ਹ ਦਿਲੇ, ਇਮਾਨਦਾਰ, ਜਬਤ ਬੱਧ ਅਤੇ ਇੱਜ਼ਤਦਾਰ ਇਨਸਾਨਾਂ ਵਾਲੀ ਉਭਰੀ ਹੈ। ਦੂਰ ਦੁਰਾਡਿਓਂ ਇਕੱਠੇ ਹੋਏ ਕਿਸਾਨਾਂ ਦੀਆਂ ਅਜੀਮ ਰਿਸ਼ਤੇਦਾਰੀਆਂ ਬਣ ਗਈਆਂ ਹਨ। ਗੁਆਂਢੀ ਰਾਜਾਂ ਦੇ ਪਾਣੀਆਂ ਵਰਗੇ ਮੁੱਦੇ ਉਨ੍ਹਾਂ ਵਿਚਕਾਰ ਫਿੱਕੇ ਪੈ ਗਏ ਹਨ। ਹੁਣ ਕਿਸਾਨਾਂ ਨੂੰ ਸਮਝ ਪੈ ਗਈ ਹੈ ਕਿ ਉਨ੍ਹਾਂ ਦੇ ਮੁੱਦੇ, ਮਸਲੇ ਅਤੇ ਸਮੱਸਿਆਵਾਂ ਸਾਂਝੀਆਂ ਹਨ, ਮੰਗਾਂ ਸਾਂਝੀਆਂ ਹਨ, ਉਨ੍ਹਾਂ ਦੇ ਦਰਦ ਸਾਂਝੇ ਹਨ, ਉਨਾਂ ਦੇ ਦੁਸ਼ਮਣ ਸਾਂਝੇ ਹਨ, ਪੰਜਾਬ ਦੇ ਕਿਸਾਨਾਂ ਨੂੰ ਹਰਿਆਣੇ ਦੇ ਬਜ਼ੁਰਗ ਕਿਸਾਨਾਂ ਦੇ ਹੁੱਕੇ ਓਪਰੇ ਲੱਗਣੋਂ ਹਟ ਗਏ ਸਨ। ਉਨ੍ਹਾਂ ਨੂੰ ਇਹ ਸੋਝੀ ਵੀ ਆ ਗਈ ਹੈ ਕਿ ਉਨ੍ਹਾਂ ਦੀਆਂ ਦੁਸ਼ਵਾਰੀਆਂ ਲਈ ਉਨ੍ਹਾਂ ਦੇ ਵੈਰੀ ਕਾਰਪੋਰੇਟ ਹਨ, ਅੰਬਾਨੀ, ਅਡਾਨੀ ਹਨ, ਡਬਲੀਓਟੀਓ ਹੈ, ਵਿਸ਼ਵ ਬੈਂਕ ਹੈ, ਸਾਮਰਾਜਵਾਦ ਹੈ।

ਪੰਜਾਬ 'ਚੋਂ ਸ਼ੁਰੂ ਹੋਏ ਇਸ ਕਿਸਾਨ ਅੰਦੋਲਨ ਨੇ ਭਾਰਤ ਭਰ ਦੇ ਕਿਸਾਨ ਮਜਦੂਰਾਂ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਹੈ, ਪੇਂਡੂ ਅਤੇ ਸ਼ਹਿਰੀ ਨੌਜਵਾਨਾਂ ਨੂੰ ਕਿਸਾਨ ਅੰਦੋਲਨ ਦੇ ਅਗਵਾਨੂ ਬਣਾਇਆ ਹੈ, ਔਰਤਾਂ ਦੇ ਸਵੈਮਾਨ ਨੂੰ ਜਗਾਇਆ ਹੈ, ਔਰਤਾਂ ਨੇ ਮਰਦਾਂ ਦੇ ਕੰਮ ਨੂੰ ਸਾਂਭਿਆ ਹੈ, ਔਰਤਾਂ ਨੇ ਲੜਾਈ ਦੇ ਮੈਦਾਨ ਵਿੱਚ ਝੰਡੇ ਚੁੱਕੇ ਹਨ। ਇਸ ਕਿਸਾਨ ਲਹਿਰ ਨੇ ਭਾਰਤ ਦੇ ਇਤਿਹਾਸ ਵਿੱਚ ਇਕ ਨਵਾਂ ਮੀਲ ਪੱਥਰ ਸਥਾਪਿਤ ਕੀਤਾ ਹੈ। ਬੁਧੀਜੀਵੀਆਂ, ਕਲਾਕਾਰਾਂ ਅਤੇ ਲੇਖਕਾਂ ਦੀ ਹਮਾਇਤ ਜਿੱਤੀ ਹੈ, ਨੌਮਚੌਮਸਕੀ ਵਰਗੇ ਅਜੀਮ ਚਿੰਤਕਾਂ ਨੇ ਇਸ ਅੰਦੋਲਨ ਦੀ ਵਡਿਆਈ ਕੀਤੀ ਹੈ, ਪੰਜਾਬ ਦੇ ਨੌਜਵਾਨਾਂ ਨੇ ਉਡਤੇ ਪੰਜਾਬ ਦੇ ਦਾਗ ਨੂੰ ਧੋ ਦਿੱਤਾ ਹੈ। ਭਾਰਤ ਦੇ ਇਤਿਹਾਸ ਅੰਦਰ ਅਨੇਕਾਂ ਕਿਸਾਨ ਘੋਲ ਲੜੇ ਗਏ ਹਨ, ਕੂਕਾ ਲਹਿਰ, ਪੈਪਸੂ ਮੁਜਾਰਾ ਘੋਲ, ਪੱਗੜੀ ਸੰਭਾਲ ਜੱਟਾ ਘੋਲ, ਤਿਲੰਗਾਨਾ, ਤਿਭਾਗਾ, ਵਿਰਸਾ ਮੁੰਡਾ ਆਦਿ। ਇਹ ਸਾਰੇ ਖਾੜਕੂ ਘੋਲ ਇਤਿਹਾਸਕ ਘੋਲ ਸਨ। ਪਰ ਮੌਜੂਦਾ ਕਿਸਾਨ ਅੰਦੋਲਨ ਪਹਿਲਾ ਅਜਿਹਾ ਕਿਸਾਨ ਅੰਦੋਲਨ ਹੈ ਜਿਸ ਵਿੱਚ ਸਮੁੱਚੇ ਭਾਰਤ ਦੇ ਲੋਕਾਂ ਨੇ ਹਿੱਸਾ ਲਿਆ ਹੈ। ਇਸ ਕਿਸਾਨ ਅੰਦੋਲਨ ਨੇ ਯੂਰਪ, ਅਮਰੀਕਾ, ਆਸਟਰੇਲੀਆ, ਕੈਨੇਡਾ, ਨਿਊਜ਼ੀਲੈਂਡ ਆਦਿ ਸਾਰੀ ਦੁਨੀਆਂ ਦੇ ਲੋਕਾਂ ਦੀ ਹਮਾਇਤ ਜਿੱਤੀ ਹੈ ਅਤੇ ਕਈ ਦੇਸ਼ਾਂ ਦੇ ਆਗੂ ਮੰਤਰੀਆਂ ਨੇ ਇਸ ਕਿਸਾਨ ਅੰਦੋਲਨ ਨਾਲ ਹਮਦਰਦੀ ਜ਼ਾਹਰ ਕੀਤੀ। ਇਹ ਅੰਦੋਲਨ ਨਵਉਦਾਰਵਾਦੀ ਨੀਤੀਆਂ ਦੇ ਪੀੜਤ ਹਾਸੀਏ 'ਤੇ ਧੱਕੇ ਯੂਰਪ ਦੇ ਕਿਸਾਨਾਂ ਦੀਆਂ ਸਿਸਕੀਆਂ ਦਾ ਹੁੰਗਾਰਾ ਬਣਿਆ ਹੈ। ਇਸ ਕਿਸਾਨ ਅੰਦੋਲਨ ਦਾ ਵਾਹ ਅਜਿਹੇ ਹੰਕਾਰੇ ਤਾਨਾਸ਼ਾਹ ਨਾਲ ਪਿਆ ਸੀ, ਜਿਸ ਨੇ ਆਪਣੇ ਰਾਜ ਦੌਰਾਨ ਕਦੇ ਝੁਕਣਾ ਨਹੀਂ ਸਿੱਖਿਆ ਸੀ, ਇਸ ਨੇ ਆਪਣੇ ਹਰ ਵਿਰੋਧੀ ਨੂੰ ਸੰਗੀਨ ਕੇਸ ਬਣਾ ਕੇ ਅਣਸਮੇਂ ਲਈ ਜੇਲ੍ਹਾਂ ਅੰਦਰ ਬੰਦ ਕੀਤਾ ਹੈ, ਜਮਹੂਰੀ ਹੱਕਾਂ ਦੇ ਰਾਖਿਆਂ ਦੀ ਹੱਕੀ ਆਵਾਜ਼ ਨੂੰ ਅੰਡਾ ਸ਼ੈਲਾਂ (ਅੰਡਾ ਆਕਾਰ ਦੇ ਕਮਰੇ) ਅੰਦਰ ਡੱਕਿਆ ਹੈ, ਦੇਸ਼ ਅੰਦਰ ਦਹਿਸ਼ਤੀ ਮਾਹੌਲ ਪੈਦਾ ਕੀਤਾ ਹੈ। ਕਿਸਾਨ ਲਹਿਰ ਨੇ ਇਕ ਵੇਰਾਂ ਆਰ.ਐਸ.ਐਸ. ਬੀ.ਜੇ.ਪੀ. ਦੇ ਭਾਈਚਾਰਿਆਂ ਵਿਚਕਾਰ ਫਿਰਕੂ ਪਾੜੇ ਪਾਉਣ ਦੇ ਏਜੰਡੇ 'ਤੇ ਰੋਕ ਲਾਈ ਹੈ ਅਤੇ ਇਸ ਨੇ ਵੱਖ ਧਾਰਮਿਕ ਫਿਰਕਿਆਂ, ਕੌਮੀਅਤਾਂ, ਜਨ–ਜਾਤੀਆਂ ਅੰਦਰ ਭਾਈਚਾਰਕ ਸਾਂਝ ਉਤਪੰਨ ਕੀਤੀ ਹੈ ਅਤੇ ਇਸ ਅੰਦੋਲਨ ਨੇ ਸਾਬਿਤ ਕਰ ਦਿੱਤਾ ਹੈ ਕਿ ਲੋਕਾਂ ਦੀ ਅਸਲੀ ਭਾਈਚਾਰਕ ਸਾਂਝ ਹੱਕੀ ਸੰਘਰਸ਼ਾਂ ਵਿੱਚੋਂ ਪੈਦਾ ਹੁੰਦੀ ਹੈ। ਇਸ ਅੰਦੋਲਨ ਨੇ ਮੋਦੀ ਹਕੂਮਤ ਵੱਲੋਂ ਫੁੱਟ ਪਾਉਣ ਦੀ ਹਰ ਚਾਲ ਨੂੰ ਮਾਤ ਦਿੱਤੀ ਹੈ। ਅਸੀਂ ਜਾਣਦੇ ਹਾਂ ਕਿ ਵੱਡੇ ਅੰਦੋਲਨਾਂ ਅੰਦਰ ਲੋਕਾਂ ਨੂੰ ਵੱਡੀਆਂ ਕੁਰਬਾਨੀਆਂ ਕਰਨੀਆਂ ਪੈਂਦੀਆਂ ਹਨ, ਇਸ ਅੰਦੋਲਨ ਦੌਰਾਨ ਵੀ ਕਿਸਾਨਾਂ ਨੂੰ ਹਾੜ–ਜੇਠ ਦੀਆਂ ਕੜਕਦੀਆਂ ਧੁੱਪਾਂ, ਮੌਨਸੂਨ ਦੀਆਂ ਬਾਰਸ਼ਾਂ, ਝੱਖੜ ਅਤੇ ਹਨੇਰੀਆਂ ਝੱਲਣੀਆਂ ਪਈਆਂ ਹਨ, ਕਿਸਾਨਾਂ ਅਤੇ ਹੋਰ ਲੋਕਾਂ ਨੂੰ ਆਪਣੇ ਕੰਮ ਕਾਰਾਂ ਦਾ ਵੱਡਾ ਹਰਜਾ ਝੱਲਣਾ ਪਿਆ ਹੈ, ਇਸ ਅੰਦੋਲਨ ਵਿੱਚ 700 ਤੋਂ ਵੱਧ ਕਿਸਾਨਾਂ ਨੂੰ ਸ਼ਹਾਦਤਾਂ ਦੇਣੀਆਂ ਪਈਆਂ ਹਨ। ਭਾਵੇਂ ਕਾਂਗਰਸ ਦੀ ਯੂਪੀਏ ਸਰਕਾਰ ਨੇ ਲੋਕ ਦੋਖੀ ਨਵਉਦਾਰਵਾਦੀ ਨੀਤੀਆਂ ਸ਼ੁਰੂ ਕੀਤੀਆਂ ਸਨ ਪਰ ਮੋਦੀ ਹਕੂਮਤ ਨੇ 2014 ਤੋਂ ਲਗਤਾਰ ਥੋਕ ਰੂਪ ਵਿੱਚ ਕਾਰਪੋਰੇਟ ਅਤੇ ਬਹੁ ਕੌਮੀ ਕੰਪਨੀਆਂ ਦੇ ਹਿੱਤ ਪੂਰੇ ਕਰਨ ਲਈ ਪਬਲਿਕ ਅਦਾਰੇ ਵੇਚੇ ਹਨ ਅਤੇ ਮੁਦਰੀ ਕਰਨ ਰਾਹੀਂ ਪਿਛਲੇ 75 ਸਾਲਾਂ ਵਿਚ ਬਣਾਏ ਦੇਸ਼ ਦੇ ਪਬਲਿਕ ਅਦਾਰਿਆਂ ਨੂੰ ਲੀਜ਼ 'ਤੇ ਵੇਚ ਦਿਤਾ ਹੈ। ਮੋਦੀ ਹਕੂਮਤ ਜ਼ਮੀਨ ਅਤੇ ਖੇਤੀ ਨੂੰ ਦੇਸੀ ਵਿਦੇਸ਼ੀ ਕਾਰਪਰੇਟਾਂ ਨੂੰ ਸੌਂਪਣ ਲਈ ਤਿੰਨ ਖੇਤੀ ਕਾਨੂੰਨ ਉਸ ਸਮੇਂ ਲੈ ਕੇ ਆਈ, ਜਦੋਂ ਦੇਸ਼ ਅੰਦਰ ਕੋਵਿਡ 19 ਕਾਰਨ ਬੰਦਸ਼ਾਂ ਕਾਰਨ ਕਿਸਾਨ ਘਰਾਂ



ਅੰਦਰ ਬੰਦ ਸਨ।

ਪੰਜਾਬ, ਹਰਿਆਣਾ ਅਤੇ ਪੱਛਮੀ ਯੂਪੀ ਅੰਦਰ ਸਰਕਾਰੀ ਮੰਡੀਆਂ (ਏਪੀਐਮਐਸ) ਦਾ ਇਕ ਵਿਕਸਤ ਤਾਣਾ ਬਾਣਾ ਹੈ ਅਤੇ ਪੰਜਾਬ ਅੰਦਰ ਇਸ ਦੀਆਂ ਮੁੱਖ ਫ਼ਸਲਾਂ ਕਣਕ ਅਤੇ ਝੋਨਾ ਦੀ ਪੂਰੀ ਫ਼ਸਲ ਐਮ.ਐਸ.ਪੀ. 'ਤੇ ਖਰੀਦੀ ਜਾਂਦੀ ਹੈ। ਮੋਦੀ ਹਕੂਮਤ ਵੱਲੋਂ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਨੂੰ ਪੰਜਾਬ ਦੇ ਕਿਸਾਨਾਂ ਨੇ ਦੂਜੇ ਰਾਜਾਂ ਤੋਂ ਪਹਿਲਾਂ ਬੁੱਝ ਲਿਆ ਸੀ ਕਿ ਇਹ ਤਿੰਨ ਕਾਨੂੰਨ ਲਾਗੂ ਹੋਣ ਨਾਲ ਪੰਜਾਬ ਦੇ ਕਿਸਾਨਾਂ ਨੂੰ ਨਾ ਐਮ.ਐਸ.ਪੀ. ਮਿਲੇਗੀ ਅਤੇ ਨਾ ਹੀ ਫ਼ਸਲਾਂ ਦੀ ਖਰੀਦ ਹੋਵੇਗੀ। ਇਸ ਨਾਲ ਕਿਸਾਨਾਂ ਲਈ ਵੱਡਾ ਆਰਥਿਕ ਸੰਕਟ ਪੈਦਾ ਹੋ ਜਾਵੇਗਾ ਅਤੇ ਉਨ੍ਹਾਂ ਦਾ ਭਵਿੱਖ ਧੁੰਦਲਾ ਹੋ ਜਾਵੇਗਾ, ਉਨ੍ਹਾਂ ਦੀ ਖੇਤੀ ਤਬਾਹ ਹੋ ਜਾਵੇਗੀ ਅਤੇ ਉਨ੍ਹਾਂ ਦੀਆਂ ਜ਼ਮੀਨਾਂ ਨੂੰ ਕਾਰਪਰੇਟ ਹੜੱਪ ਲੈਣਗੇ। ਪਰ ਪੰਜਾਬ ਦੇ ਕਿਸਾਨ ਦੂਜੇ ਰਾਜਾਂ ਨਾਲੋਂ ਯੂਨੀਅਨਾਂ ਵਿੱਚ ਵੱਧ ਜਥੇਬੰਦ ਹੋਣ ਕਰਕੇ ਉਨ੍ਹਾਂ ਸਾਰੇ ਭਾਰਤ ਦੇ ਕਿਸਾਨਾਂ ਦੀ ਅਗਵਾਈ ਕੀਤੀ ਹੈ। ਇਹ ਪੰਜਾਬ ਦੀਆਂ ਹੰਢੀਆਂ ਤਜਰਬੇਕਾਰ ਕਿਸਾਨ ਜਥੇਬੰਦੀਆਂ ਹੀ ਸਨ ਜਿਨ੍ਹਾਂ ਨੇ ਕੋਵਿਡ 19 ਦੀ ਪ੍ਰਵਾਹ ਨਾ ਕਰਦਿਆਂ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਕੁਦ ਪਈਆਂ। ਮੋਦੀ ਹਕੂਮਤ ਵੱਲੋਂ ਗੁਮਰਾਕੁਨ ਪਰਚਾਰ ਕਰਕੇ ਕਿਸਾਨ ਅੰਦੋਲਨ ਨੂੰ ਚਿੱਤ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਹੱਥ ਕੰਡੇ ਵਰਤੇ ਗਏ। ਕਿਸਾਨਾਂ ਨੂੰ ਦਿੱਲੀ ਵੱਲ ਜਾਣ ਤੋਂ ਰੋਕਣ ਲਈ ਸੜਕਾਂ 'ਤੇ ਬੈਰੀਕੇਡ ਲਾਏ ਗਏ, ਜਲ ਤੋਪਾਂ ਨਾਲ ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ, ਬੁਲਡੋਜ਼ਰਾਂ ਨਾਲ ਡੂੰਘੇ ਟੋਏ ਪੁੱਟ ਕੇ ਮਿੱਟੀ ਦੇ ਢੇਰ ਲਾਏ, ਕਿਸਾਨਾਂ ਦੇ ਰਾਹਾਂ ਅੱਗੇ ਕਿੱਲ ਠੋਕੇ ਗਏ, ਕੰਡਿਆਲੀਆਂ ਤਾਰਾਂ ਲਾਈਆਂ ਗਈਆਂ, ਕੰਕਰੀਟ ਦੀਆਂ ਕੰਧਾਂ ਉਸਾਰੀਆਂ ਗਈਆਂ, ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਅਤਿਵਾਦੀ, ਖਾਲਸਤਾਨੀ, ਨਕਸਲਵਾਦੀ, ਟੁਕੜੇ ਗੈਂਗ, ਬਵਾਲੀ ਕਿਹਾ ਗਿਆ, ਅੰਦੋਲਨ ਜੀਵੀ ਕਿਹਾ ਗਿਆ। ਬਿਜਲੀ ਬੰਦ ਕੀਤੀ ਗਈ, ਬਾਰਡਰਾਂ 'ਤੇ ਬੈਠੀਆਂ ਕਿਸਾਨ ਔਰਤਾਂ ਨੂੰ ਪਰੇਸ਼ਾਨ ਕਰਨ ਲਈ ਪਾਣੀ ਬੰਦ ਕੀਤਾ ਗਿਆ, ਕਿਸਾਨ ਆਗੂਆਂ ਨੂੰ ਅੰਦੋਲਨ ਜੀਵੀ ਕਿਹਾ ਗਿਆ, ਬਵਾਲੀ ਵਰਗੇ ਭੱਦੇ ਸ਼ਬਦ ਇਸਤੇਮਾਲ ਕੀਤੇ ਗਏ। ਕਿਸਾਨ ਅੰਦੋਲਨ ਨੂੰ ਫੇਲ੍ਹ ਕਰਨ ਲਈ ਭੜਕਾਊ ਤੱਤਾਂ ਨੂੰ ਸ਼ਹਿ ਦਿੱਤੀ ਗਈ।

ਪਰ ਸੰਯੁਕਤ ਕਿਸਾਨ ਮੋਰਚੇ ਦੀ ਤਜਰਬੇਕਾਰ ਅਤੇ ਸਿੱਦਕਵਾਨ ਆਗੂ ਟੀਮ ਨੇ ਮੋਦੀ ਹਕੂਮਤ ਵੱਲੋਂ ਸ਼ਹਿ ਪ੍ਰਾਪਤ ਵਿਘਨਪਾਊ ਸ਼ਕਤੀਆਂ ਪਛਾੜ ਕੇ ਅੰਦੋਲਨ ਨੂੰ ਸਾਬਿਤ ਕਦਮੀ ਅੱਗੇ ਵਧਾਉਣਾ ਜਾਰੀ ਰੱਖਿਆ। ਮੋਦੀ ਹਕੂਮਤ ਦਾ ਪੰਜਾਬ, ਹਰਿਆਣਾ ਅਤੇ ਪੱਛਮੀ ਯੂਪੀ ਅੰਦਰ ਜਬਰਦਸਤ ਵਿਰੋਧ ਜਾਰੀ ਰਹਿਣ, ਕਿਸਾਨ ਅੰਦੋਲਨ ਦੀ ਤੀਬਰਤਾ ਨਾ ਘਟਦੀ ਦੇਖ, 2022 ਦੀਆਂ ਚੋਣਾਂ ਵਿੱਚ ਹੁੰਦੀ ਹਾਰ ਦੇਖ, ਕੇਂਦਰ ਨੂੰ ਕਿਸਾਨਾਂ ਦੀਆਂ ਮੰਗਾਂ ਮੰਨਣ ਦਾ ਕੌੜਾ ਅੱਕ ਚੱਬਣਾ ਪਿਆ ਹੈ। ਪਰ ਤਿੰਨ ਕਾਨੂੰਨ ਵਾਪਿਸ ਲੈਣ ਦੇ ਐਲਾਨ ਕਰਨ ਦੇ ਬਾਅਦ ਵੀ ਮੋਦੀ ਹਕੂਮਤ ਨੇ ਮੀਗਣਾਂ ਪਾਉਣੀਆਂ ਜਾਰੀ ਰੱਖੀਆਂ ਅਤੇ ਉਸ ਵੱਲੋਂ ਅਜੇ ਵੀ ਕਿਹਾ ਗਿਆ ਕਿ ਤਿੰਨ ਖੇਤੀ ਕਾਨੂੰਨ ਕਿਸਾਨਾਂ ਦੇ ਭਲੇ ਲਈ ਹਨ, ਕਿਸਾਨ ਪੱਖੀ ਹਨ। ਪਰ ਕਿਸਾਨ ਅੰਦੋਲਨ ਦੇ ਦਬਾਅ ਕਾਰਨ ਮੋਦੀ ਹਕੂਮਤ ਐਮ.ਐਸ.ਪੀ. 'ਤੇ ਸਾਂਝੀ ਕਮੇਟੀ ਬਣਾਉਣ, ਕਿਸਾਨਾਂ ਉੱਪਰ ਬਣੇ ਕੇਸ ਵਾਪਿਸ ਲੈਣ, ਪ੍ਰਦੂਸ਼ਣ ਲਈ ਕਿਸਾਨਾਂ ਵਿਰੋਧੀ ਕਾਨੂੰਨ ਵਾਪਿਸ ਲੈਣ, ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਪੰਜਾਬ ਪੈਟਰਨ 'ਤੇ 5 ਕਰੋੜ ਰੁਪਏ ਦਾ ਮੁਆਵਜ਼ਾ ਅਤੇ ਉਨ੍ਹਾਂ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਆਦਿ ਮੰਗਾਂ ਮੰਨਣ ਦਾ ਐਲਾਨ ਕਰਨ ਲਈ ਮਜਬੂਰ ਹੋਣਾ ਪਿਆ ਹੈ। ਇਸ ਅੰਦੋਲਨ ਨੇ ਕਈ ਨਵੀਆਂ ਪਿਰਤਾਂ ਪਾਈਆਂ ਹਨ ਅਤੇ ਇਸ ਬਰੇ ਬੜਾ ਕੁਝ ਲਿਖਿਆ ਜਾਵੇਗਾ। ਕਿਸਾਨਾਂ ਅੰਦਰ ਜਾਗਰੂਕਤਾ ਪੈਦਾ ਹੋਈ ਹੈ ਪਰ ਕਿਸਾਨ ਅੰਦੋਲਨ ਨੂੰ ਅਜੇ ਵੀ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ। ਇਸ ਕਿਸਾਨ ਅੰਦੋਲਨ ਨਾਲ ਭਾਰਤ ਦਾ ਕਿਸਾਨ ਜਾਗ ਪਿਆ ਹੈ, ਉਨ੍ਹਾਂ ਅੰਦਰ ਸਵੈਮਾਨ ਪੈਦਾ ਹੋਇਆ ਹੈ, ਹੁਣ ਉਨ੍ਹਾਂ ਦੇ ਅੱਗੇ ਵਧਦੇ ਕਦਮਾਂ ਨੂੰ ਕੋਈ ਤਾਕਤ ਪਿਛੇ ਨਹੀਂ ਮੋੜ ਸਕਦੀ।-0-

# ਵੱਡਿਆਂ ਦੀ ਖੱਟੀ ਖਾਨੇ ਆਂ

**-ਬਲਦੀਪ ਸਿੰਘ ਰਾਮੂੰਵਾਲੀਆ**

ਦਿੱਲੀ ਦੀਆਂ ਬਰੂਹਾਂ ਤੇ ਲੱਗੇ ਕਿਸਾਨੀ ਮੋਰਚੇ ਨੇ ਇਕੱਲੀ ਖੇਤੀ ਬਿੱਲਾਂ ਵਾਲੇ ਮਸਲੇ ਤੇ ਹੀ ਫ਼ਤਹਿ ਹਾਸਲ ਨਹੀਂ ਕੀਤੀ, ਸਗੋਂ ਇਹ ਦਿੱਲੀ ਦੇ ਲੋਕਾਂ ਦਾ ਦਿਲ ਵੀ ਜਿੱਤ ਕੇ ਲੈ ਗਿਆ। ਇਸ ਮੋਰਚੇ ਵਿਚ ਜੋ ਸਭ ਤੋਂ ਵੱਧ ਖਿੱਚ ਦਾ ਕੇਂਦਰ ਬਣਿਆ ਉਹ ਸਿੱਖ ਤੇ ਸਿੱਖ ਵੀਚਾਰਧਾਰਾ ਸੀ। ਲੰਮੇ ਸਮੇਂ ਤੱਕ ਇਸਦੇ ਪ੍ਰਭਾਵ ਲੋਕਾਂ ਦੇ ਦਿੱਲਾਂ ਵਿਚ ਉਤਰ ਗਏ ਹਨ; ਜਿਸਦੇ ਪਰਤਾਵੇ ਸਾਨੂੰ ਵੇਖਣ ਨੂੰ ਮਿਲਦੇ ਰਹਿਣੇ ਹਨ ।

ਬਲਰਾਜ ਸਿੰਘ ਕੋਕਰੀ ਪਿਛੱਲੇ ਦਿਨੀਂ ਦਿੱਲੀ ਆਇਆ ਸੀ, ਯੂਨੀਵਰਸਿਟੀ ਵਿਚ ਕਿਸੇ ਕੰਮ; ਯੂਨੀਵਰਸਿਟੀ ਦੀਆਂ ਕੰਟੀਨਾਂ ਬੰਦ ਹੋਣ ਕਾਰਨ, ਨੇੜੇ ਹੀ ਮੌਰਿਸ ਪੁਲਿਸ ਸਟੇਸ਼ਨ ਦੇ ਸਾਹਮਣੇ ਢਾਬੇ ਤੇ ਮੈਂ, ਹਰਮਿੰਦਰ ਤੇ ਬਲਰਾਜ ਰੋਟੀ ਖਾਣ ਪਹੁੰਚੇ ।ਢਾਬੇ ਅੰਦਰ ਜਗ੍ਹਾ ਭਰੀ ਹੋਣ ਕਰਕੇ , ਸਾਡੇ ਤੋਂ ਪੁੱਛ ਕੇ ਉਸਨੇ ਤੰਦੂਰ ਕੋਲ ਹੀ ਸਾਡੇ ਲਈ ਕੁਰਸੀਆਂ ਡਾਹ ਦਿੱਤੀਆਂ। ਜੋ ਕੁਝ ਖਾਣਾ ਸੀ, ਉਹ ਲਿਖਵਾ ਦਿੱਤਾ, ਰੋਟੀ ਨਾਲੋ ਨਾਲੋ ਤਵੇ ਦੀ ਗਰਮ ਆਉਣ ਦਈ ਕਹਿਤਾ। ਚੱਲੋ ਜੀ, ਪੂਰੀ ਤਰ੍ਹਾਂ ਖਾ ਪੀ ਕੇ ਜਦ ਵੇਹਲੇ ਹੋਏ ਤਾਂ ਮੁੰਡੇ ਨੂੰ ਕਿਹਾ ਕਿ ਦਸ ਭਾਈ ! ਕਿੰਨੇ ਬਣੇ। ਉਸ ਵਕਤ ਹੀ ਇਹ ਵੀਰ ਜਿਸਦਾ ਨਾਮ 'ਵਿੱਕੀ' ਹੈ ਤੇ ਢਾਬੇ ਦੇ ਮਗਰਲੇ ਪਾਸੇ ਇਸਦੀ ਦੁਕਾਨ ਹੈ, ਇਹ ਸਾਨੂੰ ਪੁੱਛਦਾ ਕਿ ਤੁਸੀਂ ਦੱਸੋ ਹੋਰ ਕੁਝ ਖਾਣਾ ਪੀਣਾ ਹੋਵੇ ਤਾਂ ਦੱਸੋ। ਅਸੀਂ ਕਿਹਾ ਨਹੀਂ ਸੱਜਣਾ ! ਬੱਸ , ਤੁਸੀਂ ਮਾਇਆ ਦੱਸੋ ਕਿੰਨੀ ਬਣੀ। ਇਸ ਬੰਦੇ ਨੇ ਪਿਆਰ ਨਾਲ ਹੱਥ ਜੋੜ ਕੇ ਕਿਹਾ, ਬਾਈ ਜੀ ! ਬਸ ਮਾਇਆ ਆ ਗਈ। ਅਸੀਂ ਕਿਹਾ ਕਿ ਸਮਝੇ ਨਹੀਂ ਅਸੀਂ।ਉਸ ਵਕਤ ਤੰਦੂਰ ਵਾਲੇ ਮੁੰਡੇ ਨੇ ਦੱਸਿਆ ਕਿ ਤੁਹਾਨੂੰ ਦੇਖ ਕੇ ਇਹ ਬਾਈ ਜੀ ਸਾਡੇ ਕੋਲ ਆਏ ਤੇ ਕਿਹਾ ਕਿ ਇਹਨਾਂ ਸਰਦਾਰਾਂ ਤੋਂ ਪੈਸੇ ਨਹੀਂ ਲੈਣੇ , ਮੈਂ ਦਿਆਂਗਾ ; ਤੁਸੀਂ ਬਸ ਜੋ ਮੰਗਣ ਉਹ ਦੇ ਦੇਣਾ। ਅਸੀਂ ਕਿਹਾ ਬਾਈ ਜੀ ! ਇਹ ਠੀਕ ਗੱਲ ਨਹੀਂ , ਤੁਸੀ ਕਿਓਂ ਦੇਵੋਗੇ ? ਅਸੀਂ ਦਿੰਦੇ ਹਾਂ। ਇਹ ਵੀਰ ਬੜੇ ਪਿਆਰ ਨਾਲ ਕਹਿਣ ਲੱਗਾ, "ਸਰਦਾਰ ਜੀ ! ਤੁਸੀਂ ਕਿਸਾਨੀ ਮੋਰਚੇ ਵਿਚ ਸਭ ਨੂੰ ਖਵਾ ਸਕਦੇ ਹੋ, ਕੀ ਮੈਂ ਤੁਹਾਨੂੰ ਨੀ ਖਵਾ ਸਕਦਾ। ਇਹ ਸਭ ਕੁਝ ਤੁਹਾਡੇ ਕੋਲੋਂ ਹੀ ਸਿੱਖਿਆ ਹੈ। ਮੈਂ ਵੀ ਸਿੰਘੂ ਜਾ ਕੇ ਆਇਆ ਸੀ। ਮੈਂ ਦਰਬਾਰ ਸਾਹਿਬ ਵੀ ਜਾਂਦਾ ਹਾਂ। ਮੈਂ ਜਦੋਂ ਹੀ ਤੁਹਾਨੂੰ ਦੇਖਿਆ, ਮੈਂ ਉਚੇਚ ਨਾਲ ਦੁਕਾਨ 'ਚੋਂ ਉੱਠ ਕਿ ਆਇਆ ਕਿ ਵੀਰ ਜੀ ਹੁਣਾ ਦੀ ਸੇਵਾ ਕਰਨੀ ਹੈ।" ਅਸੀਂ ਤਿੰਨੇ ਹੀ ਇਸ ਵੀਰ ਨਾਲ ਜੱਫੀ ਪਾ ਕੇ ਮਿਲੇ ਤੇ ਸ਼ੁਕਰ ਗੁਜ਼ਾਰ ਹੁੰਦਿਆਂ, ਫਿਰ ਮਿਲਣ ਦਾ ਵਾਅਦਾ ਕਰ ਤੁਰ ਪਏ। ਹਰਮਿੰਦਰ ਨੇ ਹੋਸਟਲ ਜਾਣਾ ਸੀ, ਉਹ ਉਧਰ ਤੁਰ ਪਿਆ, ਮੈਂ ਤੇ ਬਲਰਾਜ ਬੱਸ, ਅੱਡੇ ਵੱਲ ਤੇ ਉਥੋਂ ਬਲਰਾਜ ਪੰਜਾਬ ਵੱਲ ਤੇ ਮੈਂ ਆਪਣੇ ਟਿਕਾਣੇ ਵੱਲ। ਦਿੱਲੀ ਵਿੱਚ ਮੈਂ ਸੱਤ ਸਾਲ ਤੋਂ ਹਾਂ ਪਰ ਇਸ ਤਰ੍ਹਾਂ ਦਾ ਪਿਆਰ ਪਹਿਲੀ ਵਾਰ ਦੇਖਿਆ। ਇਹ ਅਸਲ ਵਿਚ ਮੇਰੇ ਬਜ਼ੁਰਗਾਂ ਦੀ ਖੱਟੀ ਹੈ, ਜੋ ਮੇਰੇ ਵਰਗੇ ਮਾਣਦੇ ਪਏ ਆ। ਗੁਰੂ ਕੇ ਲੰਗਰਾਂ ਦਾ ਪ੍ਰਤਾਪ ਹੈ। ਕਿਸਾਨੀ ਸੰਘਰਸ਼ ਨੇ ਜਿਸ ਢੰਗ ਨਾਲ ਸਿੱਖ ਸੋਚ ਦਾ ਪਸਾਰਾ ਕੀਤਾ, ਇਹ ਤਾਂ ਸ਼ਾਇਦ ਕਈ ਦਹਾਕਿਆਂ ਦੇ ਪ੍ਰਚਾਰ ਨਾਲ ਵੀ ਨਹੀਂ ਹੋਣਾ ਸੀ !

-0-

–ਕਿਰਪਾਲ ਸਿੰਘ ਬਠਿੰਡਾ
88378-13661

# ਲੋਕ ਏਕਤਾ ਦੀ ਇਤਿਹਾਸਕ ਜਿੱਤ ਤਾਨਾਸ਼ਾਹੀ ਦੀ ਹਾਰ

ਕਿਸਾਨ ਮੋਰਚੇ ਸਬੰਧੀ ਲਿਖੇ ਗਏ ਪਿਛਲੇ ਲੇਖਾਂ 'ਚ ਕਾਫੀ ਕੁਝ ਲਿਖਿਆ ਜਾ ਚੁੱਕਾ ਹੈ; ਇਸ ਲੇਖ 'ਚ ਉਨ੍ਹਾਂ ਨੂੰ ਦੁਹਰਾਇਆ ਨਹੀਂ ਜਾਵੇਗਾ ਕੇਵਲ ਭੂਮਿਕਾ ਬੰਨ੍ਹਣ ਲਈ ਟੂਕ ਮਾਤਰ ਘਟਨਾਵਾਂ ਦਾ ਜ਼ਿਕਰ ਕਰਕੇ ਇਸ ਮੋਰਚੇ ਨਾਲ ਪੰਜਾਬ ਅਤੇ ਸਮੁੱਚੇ ਦੇਸ਼ ਦੀ ਸਿਆਸਤ 'ਤੇ ਦੂਰ ਰਸੀ ਪੈਣ ਵਾਲੇ ਪ੍ਰਭਾਵ ਸਬੰਧੀ ਚਰਚਾ ਕਰਨ ਦਾ ਹੀ ਯਤਨ ਕੀਤਾ ਜਾ ਰਿਹਾ ਹੈ। 5 ਜੂਨ 2020 ਨੂੰ ਕੇਂਦਰ ਸਰਕਾਰ ਨੇ ਬਿਨਾਂ ਕਿਸਾਨਾਂ ਨਾਲ ਵੀਚਾਰ ਚਰਚਾ ਕੀਤਿਆਂ ਤਿੰਨ ਖੇਤੀ ਆਰਡੀਨੈਂਸ ਜਾਰੀ ਕੀਤੇ। ਜਿਸ ਸਮੇਂ ਕੇਵਲ ਭਾਰਤ ਹੀ ਨਹੀਂ ਬਲਕਿ ਲਗਭਗ ਸਮੁੱਚਾ ਵਿਸ਼ਵ ਕੋਰੋਨਾ ਵਾਇਰਸ ਕਾਰਨ ਲਾਕ ਆਊਟ ਦਾ ਸਾਹਮਣਾ ਕਰ ਰਿਹਾ ਸੀ ਉਸ ਸਮੇਂ ਇਸ ਢੰਗ ਨਾਲ ਆਰਡੀਨੈਂਸ ਕਰਨ ਦੀ ਕੋਈ ਤੁਕ ਹੀ ਨਹੀਂ ਸੀ ਬਣਦੀ ਕਿਉਂਕਿ ਸੰਵਿਧਾਨ ਮੁਤਾਬਕ ਆਰਡੀਨੈਂਸ ਕੇਵਲ ਉਸ ਸਮੇਂ ਜਾਰੀ ਕੀਤੇ ਜਾ ਸਕਦੇ ਹਨ ਜਿਸ ਸਮੇਂ ਕਿਸੇ ਖਾਸ ਆਪਤਕਾਲੀਨ (ਓਮਇਰਗਣਚੇ) ਕਾਰਨ ਅਜਿਹੇ ਕਾਨੂੰਨ ਲਾਗੂ ਕਰਨੇ ਬਹੁਤ ਹੀ ਜਰੂਰੀ ਹੋਣ ਪਰ ਉਸ ਸਮੇਂ ਆਪਤਕਾਲ ਹੋਣ ਕਾਰਨ ਪਾਰਲੀਮੈਂਟ ਦਾ ਸੈਸ਼ਨ ਬੁਲਾਇਆ ਜਾਣਾ ਸੰਭਵ ਨਾ ਹੋਵੇ। ਜਿਸ ਸਮੇਂ ਇਹ ਆਰਡੀਨੈਂਸ ਜਾਰੀ ਕੀਤੇ ਗਏ ਸਨ ਉਸ ਸਮੇਂ ਦੇਸ਼ ਜਾਂ ਸਰਕਾਰ ਨੂੰ ਐਸੀ ਕੋਈ ਬਿਪਤਾ ਨਹੀਂ ਸੀ ਪਈ ਕਿ ਖੇਤੀ ਕਾਨੂੰਨਾਂ ਨੂੰ ਤੁਰੰਤ ਲਾਗੂ ਕਰਨਾ ਸਮੇਂ ਅਤੇ ਦੇਸ਼ ਦੀ ਬਹੁਤ ਵੱਡੀ ਲੋੜ ਹੋਵੇ। ਕੇਵਲ ਤਿੰਨ ਮਹੀਨੇ ਬਾਅਦ ਸਤੰਬਰ 'ਚ ਸੰਸਦ ਦਾ ਇਜਲਾਸ ਹੋਣਾ ਸੀ ਉਸ ਸਮੇਂ ਇਨ੍ਹਾਂ ਕਾਨੂੰਨਾਂ 'ਤੇ ਵਿਸਥਾਰ ਸਹਿਤ ਵੀਚਾਰ ਚਰਚਾ ਉਪਰੰਤ ਬਿੱਲ ਪਾਸ ਕਰਵਾਏ ਜਾ ਸਕਦੇ ਸਨ। ਦੂਸਰੀ ਗੱਲ ਹੈ ਕਿ ਖੇਤੀ ਸਬੰਧੀ ਕਾਨੂੰਨ ਪਾਸ ਕਰਨ ਦਾ ਅਧਿਕਾਰ ਖੇਤਰ ਕੇਵਲ ਸੂਬਾ ਸਰਕਾਰਾਂ ਦਾ ਹੈ ਪਰ ਮੋਦੀ ਸਰਕਾਰ ਨੇ ਧੱਕੇ ਨਾਲ ਹੀ ਵਾਪਾਰ ਅਤੇ ਕਾਮਰਸ ਸ਼ਬਦ ਜੋੜ ਕੇ ਬਹੁਤ ਤੇਜੀ ਨਾਲ ਕਾਨੂੰਨ ਬਣਾ ਦਿੱਤੇ। ਘਟਨਾਕ੍ਰਮ ਇਉਂ ਹੈ ਕਿ 5 ਜੂਨ ਨੂੰ ਜਾਰੀ ਹੋਏ ਆਰਡੀਨੈਂਸਾਂ ਨੂੰ ਕਾਨੂੰਨੀ ਰੂਪ ਦੇਣ ਲਈ 16 ਸਤੰਬਰ 2020 ਨੂੰ ਬਿਨਾਂ ਕਿਸੇ ਵੀਚਾਰ ਚਰਚਾ ਅਤੇ ਵਿਰੋਧੀ ਧਿਰਾਂ ਵੱਲੋਂ ਇਨ੍ਹਾਂ ਬਿੱਲਾਂ ਨੂੰ ਸੰਸਦੀ ਕਮੇਟੀ ਕੋਲ ਭੇਜਣ ਦੀ ਮੰਗ ਠੁਕਰਾ ਕੇ ਬਹੁਤ ਕਾਹਲੀ 'ਚ ਪਾਸ ਕੀਤੇ ਗਏ। ਰਾਜ ਸਭਾ 'ਚ ਭਾਜਪਾ ਘੱਟ ਗਿਣਤੀ ਹੈ; ਜੇ ਵੋਟਾਂ ਪੈਂਦੀਆਂ ਤਾਂ ਇਹ ਬਿੱਲ ਪਾਸ ਨਹੀਂ ਸਨ ਹੋ ਸਕਦੇ ਪਰ ਚੇਅਰਪਰਸਨ ਨੇ ਵਿਰੋਧੀ ਧਿਰਾਂ ਵੱਲੋਂ ਵੋਟਾਂ ਪਵਾਉਣ ਦੀ ਮੰਗ ਠੁਕਰਾ ਕੇ 20 ਸਤੰਬਰ ਨੂੰ ਰੌਲੇ ਰੱਪੇ 'ਚ ਕੇਵਲ ਜ਼ੁਬਾਨੀ ਵੋਟ ਨਾਲ ਰਾਜ ਸਭਾ 'ਚ ਪਾਸ ਕਰਨ ਦਾ ਐਲਾਨ ਕਰ ਦਿੱਤਾ। 24 ਸਤੰਬਰ 2020 ਨੂੰ ਰਾਸ਼ਟਰਪਤੀ ਨੇ ਆਪਣੇ ਦਸਤਖ਼ਤ ਕਰ ਦਿੱਤੇ ਅਤੇ 27 ਸਤੰਬਰ ਨੂੰ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰ ਕੇ ਆਪਣੇ ਵੱਲੋਂ ਕਾਨੂੰਨ ਲਾਗੂ ਕਰ ਦਿੱਤੇ।

ਜੂਨ ਮਹੀਨੇ 'ਚ ਤਿੰਨੇ ਖੇਤੀ ਆਰਡੀਨੈਂਸ ਜਾਰੀ ਹੁੰਦਿਆਂ ਹੀ ਪੰਜਾਬ 'ਚ ਕਿਸਾਨ ਜਥੇਬੰਦੀਆਂ ਇਸ ਦੇ ਵਿਰੋਧ 'ਚ ਲਾਮਬੰਦ ਹੋਣੀਆਂ ਸ਼ੁਰੂ ਹੋ ਗਈਆਂ। ਵੀਚਾਰਧਾਰਕ ਮੱਤਭੇਦ ਹੋਣ ਦੇ ਬਾਵਜੂਦ 32 ਕਿਸਾਨ ਜਥੇਬੰਦੀਆਂ ਇੱਕ ਮੰਚ 'ਤੇ ਬੈਠ ਕੇ ਸਾਂਝਾ ਪ੍ਰੋਗਰਾਮ ਦੇਣ ਲਈ ਕੇਵਲ ਸਹਿਮਤ ਹੀ ਨਹੀਂ ਹੋਈਆਂ ਬਲਕਿ ਮੋਰਚਾ ਸ਼ੁਰੂ ਹੋਣ ਤੋਂ ਲੈ ਕੇ ਆਪਣੀ ਜਿੱਤ ਤੱਕ ਹਰ ਪ੍ਰੋਗਰਾਮ 'ਤੇ ਪੂਰੀ ਦ੍ਰਿੜਤਾ ਅਤੇ ਸੁਹਿਰਦਤਾ ਨਾਲ ਅਮਲ ਕੀਤਾ। ਹਰਿਆਣਾ ਦੇ ਕਿਸਾਨ ਵੀ ਸਰਗਰਮ ਹੋ ਚੁੱਕੇ ਸਨ ਤੇ ਉਨ੍ਹਾਂ ਪੰਜਾਬ ਦੇ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਨੂੰ ਅੱਗੇ ਵਧਾਉਣ 'ਚ ਵਧ ਚੜ੍ਹ ਕੇ ਆਪਣਾ ਯੋਗਦਾਨ ਪਾਇਆ ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਦੋਵਾਂ ਸੂਬਿਆਂ ਦੀਆਂ ਜਥੇਬੰਦੀਆਂ ਨੇ ਮਿਲ ਕੇ ਦੇਸ਼ ਦੇ ਬਾਕੀ ਸੂਬਿਆਂ ਦੀਆਂ ਕਿਸਾਨ ਜਥੇਬੰਦੀਆਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਨਾਲ ਤੋਰਨ 'ਚ ਸਫਲਤਾ ਹਾਸਲ ਕੀਤੀ ਤੇ ਤਿੰਨਾਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ, ਸਾਰੀਆਂ ਫਸਲਾਂ 'ਤੇ ਐੱਮ.ਐੱਸ.ਪੀ. ਦੀ ਕਾਨੂੰਨੀ ਗਰੰਟੀ ਦੇਣ; ਪਰਾਲੀ ਸਾੜਨ ਅਤੇ ਬਿਜਲੀ ਸੋਧ ਬਿੱਲ ਵਾਪਸ ਲੈਣ ਦੀਆਂ ਚਾਰ ਮੁੱਖ ਮੰਗਾਂ ਨੂੰ ਲੈ ਕੇ 26 ਨਵੰਬਰ 2020 ਨੂੰ ਦਿੱਲੀ ਚੱਲੋ ਪ੍ਰੋਗਰਾਮ ਦਿੱਤਾ ਗਿਆ ਜਿਸ ਨਾਲ ਪੰਜਾਬ ਹਰਿਆਣਾ ਦੇ ਨਾਲ ਨਾਲ ਰਾਜਸਥਾਨ, ਉੱਤਰ ਪ੍ਰਦੇਸ਼ ਉੱਤਰਾਖੰਡ ਸਮੇਤ ਮੋਰਚਾ ਸਾਰੇ ਦੇਸ਼ 'ਚ ਫੈਲ ਗਿਆ। ਦੇਸ਼ਭਰ ਦੀਆਂ ਚਾਰ ਸੌ ਦੇ ਲੱਗਭਗ ਕਿਸਾਨ ਜਥੇਬੰਦੀਆਂ 'ਸੰਯੁਕਤ ਕਿਸਾਨ ਮੋਰਚੇ' ਦੇ ਬੈਂਨਰ ਹੇਠ ਇੱਕ ਮੰਚ 'ਤੇ ਇਕੱਤਰ ਹੋਈਆਂ ਅਤੇ ਫੈਸਲੇ ਲੈਣ ਲਈ 40 ਮੈਂਬਰੀ ਕਮੇਟੀ ਬਣਾਈ ਜਿਸ 'ਚ ਪੰਜਾਬ ਦੀਆਂ ਸਮੁੱਚੀਆਂ 32 ਜਥੇਬੰਦੀਆਂ ਦਾ ਇੱਕ ਇੱਕ ਨੁਮਾਇੰਦਾ ਅਤੇ ਬਾਕੀ ਸਾਰੇ ਦੇਸ਼ 'ਚੋਂ ਕੇਵਲ 8 ਨੁਮਾਇੰਦੇ ਸ਼ਾਮਲ ਕੀਤੇ ਗਏ। ਇਸ ਤਰ੍ਹਾਂ ਮੋਰਚੇ ਦੀ ਸਾਰੀ ਕਮਾਂਡ ਤਕਰੀਬਨ ਪੰਜਾਬ ਦੇ ਹੱਥ ਰਹੀ। ਭਾਜਪਾ ਪੱਖੀਆਂ ਅਤੇ ਗੋਦੀ ਮੀਡੀਏ ਨੂੰ ਛੱਡ ਕੇ ਬਾਕੀ ਦੇ ਪੂਰੇ ਭਾਰਤ ਹੀ ਨਹੀਂ ਬਲਕਿ ਪੂਰੇ ਵਿਸ਼ਵ 'ਚੋਂ ਕਿਸਾਨ ਮੋਰਚੇ ਨੂੰ ਹਰ ਵਰਗ ਖਾਸ ਕਰਕੇ ਪੰਜਾਬੀਆਂ ਅਤੇ ਪੰਜਾਬੀਆਂ 'ਚੋਂ ਵਿਸ਼ੇਸ਼ ਤੌਰ 'ਤੇ ਸਿੱਖਾਂ ਦਾ ਭਰਵਾਂ ਸਮਰਥਨ ਮਿਲਿਆ। ਪ੍ਰਧਾਨ ਮੰਤਰੀ ਮੋਦੀ ਤੋਂ ਲੈ ਕੇ ਭਾਜਪਾ ਦੇ ਹਰ ਛੋਟੇ ਵੱਡੇ ਆਗੂ ਨੇ ਮੋਰਚੇ ਨੂੰ ਬਦਨਾਮ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡੀ। ਮੋਰਚੇ 'ਚ ਸ਼ਾਮਲ ਕਿਸਾਨਾਂ ਨੂੰ ਖ਼ਾਲਸਤਾਨੀ, ਵੱਖਵਾਦੀ, ਅਤਿਵਾਦੀ ਦੱਸ ਕੇ ਸਿੱਖਾਂ ਨੂੰ ਬਦਨਾਮ ਕਰਨ ਅਤੇ ਧਰਮ ਦੇ ਆਧਾਰ 'ਤੇ ਵੰਡਣ ਦੀ ਕੋਸ਼ਿਸ਼ ਕੀਤੀ ਕਿ ਇਹ ਕਿਸਾਨ ਨਹੀਂ ਬਲਕਿ ਦੇਸ਼ ਦੇ ਦੁਸ਼ਮਣ ਹਨ ਜੋ ਦੇਸ਼ ਨੂੰ ਤੋੜਨਾ ਚਾਹੁੰਦੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਸੰਸਦ 'ਚ ਅੰਦੋਲਨਕਾਰੀ ਕਿਸਾਨਾਂ ਨੂੰ ਅੰਦੋਲਨਜੀਵੀ, ਪ੍ਰਜੀਵੀ ਆਦਿਕ ਸ਼ਬਦਾਂ ਨਾਲ ਸੰਬੋਧਨ ਕਰਕੇ ਉਨ੍ਹਾਂ ਦਾ ਮਜ਼ਾਕ ਉਡਾਇਆ। ਪਰ ਭਾਜਪਾ ਦਾ ਹਰ ਪੈਂਤੜਾ ਉਨ੍ਹਾਂ ਲਈ ਉਲਟਾ ਪਿਆ। ਮੋਰਚੇ ਰਾਹੀਂ ਸਿੱਖ ਫਿਲਾਸਫੀ ਦਾ ਅਮਲੀ ਤੌਰ 'ਤੇ ਹੋ ਰਿਹਾ ਪ੍ਰਦਰਸ਼ਨ ਅਤੇ ਪ੍ਰਚਾਰ ਤੋਂ ਦੂਸਰਿਆਂ ਸੂਬਿਆਂ ਦੇ ਲੋਕ ਇੰਨੇ ਪ੍ਰਭਾਵਤ ਹੋਏ ਕਿ ਉਨ੍ਹਾਂ ਕਹਿਣਾ ਸ਼ੁਰੂ ਕੀਤਾ ਕਿ ਜੇ ਇਹ ਖ਼ਾਲਸਤਾਨੀ ਹਨ ਤਾਂ ਅਜਿਹਾ ਖ਼ਾਲਸਤਾਨ ਤਾਂ ਸਿਰਫ ਪੰਜਾਬ ਹੀ ਨਹੀਂ ਬਲਕਿ ਸਮੁੱਚੇ ਭਾਰਤ ਦਾ ਹੀ ਬਣ ਜਾਣਾ ਚਾਹੀਦਾ ਹੈ। ਚਿਰਾਂ ਤੋਂ ਲਟਕ ਰਹੇ ਸਤਲੁਜ-ਯਮੁਨਾ ਲਿੰਕ ਨਹਿਰ ਦਾ ਮੁੱਦਾ ਪੰਜਾਬ ਹਰਿਆਣਾ ਦੇ ਕਿਸਾਨਾਂ ਨੂੰ ਆਪਸ 'ਚ ਲੜਾਉਣ ਲਈ ਹਰਿਆਣਾ ਸਰਕਾਰ ਅਤੇ ਭਾਜਪਾ ਆਗੂਆਂ ਵੱਲੋਂ ਉਛਾਲਨ ਦੀ ਕੋਸ਼ਿਸ਼ ਕੀਤੀ ਪਰ ਹਰਿਆਣਾ ਦੇ ਸੂਝਵਾਨ ਕਿਸਾਨਾਂ ਨੇ ਇਹ ਕੋਝੀ ਕੋਸ਼ਿਸ਼ ਤੁਰੰਤ ਇਹ ਕਹਿ ਕੇ ਖੁੰਡੀ ਕਰ ਦਿੱਤੀ ਕਿ ਤੁਹਾਡੇ ਤਿੰਨੇ ਖੇਤੀ ਕਾਨੂੰਨਾਂ ਨੇ ਸਾਡੇ ਪਾਸ ਜਮੀਨਾਂ ਹੀ ਨਹੀਂ ਰਹਿਣ ਦੇਣੀਆਂ ਫਿਰ ਅਸੀਂ ਪਾਣੀ ਕੀ ਕਰਨਾ ਹੈ? ਪਹਿਲਾਂ ਤੁਸੀਂ ਤਿੰਨੇ ਖੇਤੀ ਕਾਨੂੰਨ ਰੱਦ ਕਰਵਾਉ; ਪੰਜਾਬ ਸਾਡਾ ਵੱਡਾ ਭਰਾ ਹੈ; ਪਾਣੀ ਦਾ ਮਸਲਾ ਅਸੀਂ ਆਪਸ 'ਚ ਬੈਠ ਕੇ ਆਪੇ ਹੱਲ ਕਰ ਲਵਾਂਗੇ। ਇਸ ਤਰ੍ਹਾਂ ਭਾਜਪਾ/ਕੇਂਦਰ ਸਰਕਾਰ ਦੀਆਂ ਸਾਰੀਆਂ ਕੋਝੀਆਂ ਚਾਲਾਂ ਦਾ ਕਿਸਾਨ ਏਕਤਾ ਅਤੇ ਕਿਰਦਾਰ ਤੁਰੰਤ ਭੋਗ ਪਾਉਂਦਾ ਰਿਹਾ। ਇਸੇ ਦੌਰਾਨ ਕਿਸਾਨ ਜਥੇਬੰਦੀਆਂ ਦੀ ਖੇਤੀ ਮੰਤਰੀ ਨਰਿੰਦਰ ਤੋਮਰ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਕੇਂਦਰੀ ਮੰਤਰੀਆਂ ਨਾਲ 11 ਮੀਟਿੰਗਾਂ ਹੋਈਆਂ। ਅੰਤਲੀ ਮੀਟਿੰਗ 21 ਜਨਵਰੀ 2021 ਨੂੰ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਵੀ ਹੋਈ ਪਰ ਸਾਰੀਆਂ ਬੇਸਿੱਟਾ ਰਹੀਆਂ ਕਿਉਂਕਿ ਸਰਕਾਰ ਕਾਨੂੰਨਾਂ ਨੂੰ ਕਿਸੇ ਵੀ ਤਰ੍ਹਾਂ ਕਿਸਾਨਾਂ ਦੇ ਹੱਕ ਵਿੱਚ ਸਿੱਧ ਨਾ ਕਰ ਸਕੀ ਪਰ ਇੱਕੋ ਰੱਟ ਲਾਉਂਦੀ ਰਹੀ ਕਿ ਇਹ ਕਾਨੂੰਨ ਕਿਸਾਨਾਂ ਦੇ ਹੱਕ 'ਚ ਹਨ; ਅਸੀਂ ਕਿਸਾਨਾਂ ਦੀ ਆਮਦਨ 2022 ਤੱਕ ਦੁੱਗਣੀ ਕਰਨੀ ਹੈ, ਇਸ ਲਈ ਇਨ੍ਹਾਂ ਕਾਨੂੰਨਾਂ 'ਚ ਭਾਵੇਂ ਜਿੰਨੀਆਂ ਮਰਜੀ ਸੋਧਾਂ ਕਰਵਾ ਲਵੋ

ਪਰ ਸਾਡੀ ਇੱਜਤ ਰੱਖੋ ਅਤੇ ਰੱਦ ਕਰਵਾਉਣ ਦੀ ਮੰਗ ਛੱਡ ਦੇਵੋ; ਜਦੋਂ ਕਿ ਕਿਸਾਨ ਇਸ ਗੱਲ 'ਤੇ ਬਜ਼ਿਦ ਸਨ ਕਿ ਜੇ ਸਾਰੀਆਂ ਮਦਾਂ ਨੂੰ ਤੁਸੀਂ ਗਲਤ ਹੀ ਮੰਨਦੇ ਹੋ ਤਾਂ ਇਨ੍ਹਾਂ ਕਾਨੂੰਨਾਂ ਦੀ ਲੋੜ ਹੀ ਕੀ ਰਹਿ ਜਾਂਦੀ ਹੈ।

ਕਿਸਾਨ ਜਥੇਬੰਦੀਆਂ ਨੇ ਸਰਕਾਰ 'ਤੇ ਦਬਾਉ ਵਧਾਉਣ ਲਈ 26 ਜਨਵਰੀ 2021 ਨੂੰ ਦਿੱਲੀ 'ਚ ਗਣਤੰਤਰ ਦਿਵਸ ਪਰੇਡ ਦੇ ਬਰਾਬਰ ਟਰੈਕਟਰ ਪਰੇਡ ਕਰਨ ਦਾ ਫੈਸਲਾ ਕੀਤਾ। ਇਸ ਪਰੇਡ ਦੌਰਾਨ ਸਰਕਾਰ ਅਤੇ ਭਾਜਪਾ ਦੇ ਕਾਰਕੁਨਾਂ ਵੱਲੋਂ ਹਿੰਸਾ ਫੈਲਾਉਣ ਦੀਆਂ ਕਨਸੋਆਂ ਆਉਣੀਆਂ ਸ਼ੁਰੂ ਹੋਈਆਂ। ਆਖਰ ਦਿੱਲੀ ਪੁਲਿਸ ਜਿਹੜੀ ਸਿੱਧੇ ਤੌਰ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਅਧੀਨ ਆਉਂਦੀ ਹੈ ਨਾਲ ਕਿਸਾਨ ਜਥੇਬੰਦੀਆਂ ਦੀਆਂ ਮੀਟਿੰਗਾਂ ਦੌਰਾਨ ਟਰੈਕਟਰ ਮਾਰਚ ਲਈ ਦਿੱਲੀ ਦੇ ਬਾਹਰੀ ਹਿੱਸੇ ਦਾ ਰੂਟ ਤੈਅ ਹੋਇਆ। ਟਰੈਕਟਰ ਮਾਰਚ ਲਈ ਦਿੱਲੀ ਦੇ ਲਾਗਲੇ ਖੇਤਰ ਖਾਸ ਕਰਕੇ ਪੰਜਾਬ ਹਰਿਆਣਾ 'ਚੋਂ ਬੇਸ਼ੁਮਾਰ ਟਰੈਕਟਰ ਪਹੁੰਚ ਗਏ। ਇੱਕ ਸਾਜਿਸ਼ ਅਧੀਨ ਦਿੱਲੀ ਪੁਲਿਸ ਵੱਲੋਂ ਤੈਅ ਸ਼ੁਦਾ ਰੂਟ 'ਤੇ ਭਾਰੀ ਬੈਰੀਕੇਡਿੰਗ ਲਾ ਕੇ ਰੋਕਿਆ ਗਿਆ ਅਤੇ ਲਾਲ ਕਿਲੇ ਵੱਲ ਦੇ ਰਸਤੇ ਜਾਣ ਦੀ ਖੁੱਲ੍ਹ ਦਿੱਤੀ ਗਈ। ਕੁਝ ਕਿਸਾਨਾਂ ਨੂੰ ਦਿੱਲੀ ਦੀਆਂ ਸੜਕਾਂ ਬਾਰੇ ਪੂਰੀ ਜਾਣਕਾਰੀ ਨਾ ਹੋਣ ਅਤੇ ਕੁਝ ਨੌਜਵਾਨਾਂ ਦੇ ਜੋਸ਼ ਕਾਰਨ ਹਜਾਰਾਂ ਦੀ ਗਿਣਤੀ 'ਚ ਨੌਜਵਾਨ ਲਾਲ ਕਿਲੇ 'ਚ ਪਹੁੰਚ ਗਏ ਤੇ ਜੋਸ਼ 'ਚ ਆਇਆਂ ਉਨ੍ਹਾਂ ਨੇ ਲਾਲ ਕਿਲੇ 'ਚ ਖੜ੍ਹੇ ਦੋ ਖਾਲ੍ਹੀ ਪੋਲਾਂ 'ਤੇ ਖ਼ਾਲਸਾ ਪੰਥ ਦਾ ਕੇਸਰੀ ਨਿਸ਼ਾਨ ਸਾਹਿਬ ਅਤੇ ਕਿਸਾਨੀ ਝੰਡਾ ਲਹਿਰਾ ਦਿੱਤਾ। ਇਸ ਦੌਰਾਨ ਕਿਸਾਨ ਆਗੂ ਹਰਦੀਪ ਸਿੰਘ ਡਿਬਡਿਬਾ ਦਾ ਨੌਜਾਵਨ ਪੋਤਰਾ ਰਵਨੀਤ ਸਿੰਘ ਸ਼ਹੀਦ ਹੋ ਗਿਆ। ਕੁਝ ਜ਼ਖ਼ਮੀ ਹੋਏ ਅਤੇ ਸਾਰੇ ਕਿਸਾਨ ਆਗੂਆਂ ਸਮੇਤ ਸੈਂਕੜੇ ਕਿਸਾਨਾਂ 'ਤੇ ਕੇਸ ਦਰਜ ਕੀਤੇ ਗਏ। ਸਰਕਾਰੀ ਤੰਤਰ ਅਤੇ ਗੋਦੀ ਮੀਡੀਆ ਇਸੇ ਮੌਕੇ ਦੀ ਭਾਲ 'ਚ ਸੀ ਤੇ ਉਨ੍ਹਾਂ ਨੇ ਤੁਰੰਤ ਇਸ ਮਾਮੂਲੀ ਘਟਨਾ ਨੂੰ ਦੇਸ਼ ਵਿਰੋਧੀ ਅਤੇ ਤਿਰੰਗੇ ਦੀ ਬੇਅਦਬੀ ਪ੍ਰਚਾਰਨਾਂ ਸ਼ੁਰੂ ਕੀਤਾ। ਮੋਰਚੇ 'ਤੇ ਇਸ ਦਾ ਕਾਫੀ ਅਸਰ ਵੀ ਪਿਆ। ਗਾਜੀਪੁਰ ਬਾਰਡਰ ਤੋਂ ਦੋ ਸਰਕਾਰ ਪੱਖੀ ਕਿਸਾਨ ਯੂਨੀਅਨਾਂ ਦੇ ਆਗੂ ਮੋਰਚੇ ਨੂੰ ਹਿੰਸਕ ਹੋਇਆ ਅਤੇ 26 ਜਨਵਰੀ ਦੀ ਘਟਨਾ ਨੂੰ ਤਿਰੰਗੇ ਦੀ ਬੇਅਦਬੀ ਦੱਸ ਕੇ ਆਪਣੇ ਵਰਕਰਾਂ ਸਮੇਤ 27 ਜਨਵਰੀ ਨੂੰ ਆਪਣੇ ਤੰਬੂ ਪੁੱਟ ਕੇ ਚਲੇ ਗਏ। ਇੱਕ ਵਾਰ ਤਾਂ ਇਹ ਜਾਪਦਾ ਸੀ ਕਿ ਮੋਰਚਾ ਫ਼ੇਲ ਹੋ ਗਿਆ ਹੈ। ਇਸ ਨਾਲ ਸਰਕਾਰ ਪੱਖੀ ਗੁੰਡਿਆਂ ਦੇ ਹੌਂਸਲੇ ਵਧ ਗਏ। ਭਾਜਪਾ ਹਿਮਾਇਤੀ ਕੁਝ ਪੁਲਿਸ ਵਾਲਿਆਂ ਜਾਂ ਪੁਲਿਸ ਦੀ ਵਰਦੀ 'ਚ ਨੌਜਵਾਨਾਂ ਨੂੰ ਨਾਲ ਲੈ 28 ਜਨਵਰੀ ਨੂੰ ਯੂ.ਪੀ. ਦੇ ਕਿਸਾਨ ਆਗੂ ਸ਼੍ਰੀ ਰਾਕੇਸ਼ ਟਿਕੈਤ ਦੀ ਅਗਵਾਈ 'ਚ ਗਾਜ਼ੀਪੁਰ ਬਾਰਡਰ 'ਤੇ ਬੈਠੇ ਕਿਸਾਨ ਵਰਕਰਾਂ ਨੂੰ; ਧਮਕਾਉਣ ਲੱਗੇ ਕਿ 24 ਘੰਟੇ 'ਚ ਆਪਣੇ ਤੰਬੂ ਪੁੱਟ ਕੇ ਲੈ ਜਾਵੋ ਨਹੀਂ ਤਾਂ ਅਸੀਂ ਕੱਲ੍ਹ ਨੂੰ ਆ ਕੇ ਤੁਹਾਨੂੰ ਭਜਾ ਦੇਵਾਂਗੇ। ਰਾਕੇਸ਼ ਟਿਕੈਤ ਦੀਆਂ ਅੱਖਾਂ, ਮਨ ਅਤੇ ਮੂੰਹ 'ਚੋਂ ਹੰਝੂਆਂ ਭਰੀ ਐਸੀ ਅਪੀਲ ਨਿਕਲੀ ਕਿ ਹਰਿਆਣਾ ਯੂ.ਪੀ. ਅਤੇ ਪੰਜਾਬ ਦੇ ਕਿਸਾਨ ਵਹੀਰਾਂ ਘੱਤ ਕੇ ਮੁੜ ਗਾਜ਼ੀਪੁਰ, ਸਿੰਘੂ ਅਤੇ ਟਿਕਰੀ ਬਾਰਡਰਾਂ 'ਤੇ ਜਮ੍ਹਾਂ ਹੋਣੇ ਸ਼ੁਰੂ ਗਏ ਅਤੇ ਮੋਰਚਾ ਮੁੜ ਕੇਵਲ ਖੜ੍ਹਾ ਹੀ ਨਹੀਂ ਬਲਕਿ ਪਹਿਲਾਂ ਨਾਲੋਂ ਵੀ ਮਜ਼ਬੂਤ ਹੋ ਨਿਬੜਿਆ। ਪੁਲਿਸ ਦੀ ਸ਼ਹਿ 'ਤੇ ਭਾਜਪਾ ਦੇ ਗੁੰਡਿਆਂ ਨੇ ਕਈ ਐਸੀਆਂ ਹਰਕਤਾਂ ਕੀਤੀਆਂ ਜਿਨ੍ਹਾਂ ਨਾਲ ਕਿਸਾਨ ਹਿੰਸਕ ਹੋ ਜਾਣ ਅਤੇ ਹਿੰਸਾ ਦੀ ਆੜ 'ਚ ਪੁਲਿਸ ਕਾਰਵਾਈ ਕਰਕੇ ਉਨ੍ਹਾਂ ਤੋਂ ਮੋਰਚੇ ਖਾਲੀ ਕਰਵਾਏ ਜਾ ਸਕਣ ਪਰ ਕਿਸਾਨ ਪੂਰੀ ਤਰ੍ਹਾਂ ਜਾਬਤੇ 'ਚ ਰਹੇ ਤੇ ਮੋਰਚਾ ਸਫਲਤਾ ਵੱਲ ਵਧਦਾ ਗਿਆ। ਮਾਰਚ ਅਪ੍ਰੈਲ 2021 'ਚ ਪੱਛਮੀ ਬੰਗਾਲ ਸਮੇਤ 5 ਸੂਬਿਆਂ 'ਚ ਮੱਧ ਵਰਤੀ ਚੋਣਾਂ ਹੋਣੀਆਂ ਸਨ। ਬੰਗਾਲ ਚੋਣਾਂ ਜਿੱਤਣ ਲਈ ਭਾਜਪਾ ਨੇ ਅੱਡੀ ਚੋਟੀ ਦਾ ਜੋਰ ਲਾਇਆ ਹੋਇਆ ਸੀ। ਸੀ.ਬੀ.ਆਈ., ਈ.ਡੀ. ਆਦਿਕ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰ ਅਤੇ ਅਹੁੱਦਿਆਂ ਦਾ ਲਾਲਚ ਦੇ ਕੇ ਤ੍ਰਿਣਾਮੂਲ ਕਾਂਗਰਸ ਦੇ ਤਕਰੀਬਨ ਅੱਧੇ ਵੱਡੇ ਆਗੂ ਤੇ ਵਰਕਰ ਭਾਜਪਾ 'ਚ ਸ਼ਾਮਲ ਕਰਵਾ ਲਏ ਜਿਸ ਨਾਲ ਤ੍ਰਿਣਾਮੂਲ ਕਾਂਗਰਸ ਦੀ ਪ੍ਰਧਾਨ ਅਤੇ ਮੁੱਖ ਮੰਤਰੀ ਮਮਤਾ ਬੈਨਰਜੀ ਇਕੱਲੀ ਰਹਿ ਗਈ ਜਾਪਦੀ ਸੀ। ਸੰਯੁਕਤ ਕਿਸਾਨ ਮੋਰਚੇ ਨੇ ਐਲਾਨ ਕਰ ਦਿੱਤਾ ਕਿ ਭਾਜਪਾ ਲੋਕ ਆਵਾਜ਼ ਨਹੀਂ ਸਮਝਦੀ ਵੋਟਾਂ ਦੀ ਗਿਣਤੀ ਸਮਝਦੀ ਹੈ ਇਸ ਲਈ ਆ ਰਹੀਆਂ ਮੱਧ ਵਰਤੀ ਚੋਣਾਂ ਸਮੇਂ ਭਾਜਪਾ ਦੀ ਵੋਟ 'ਤੇ ਚੋਟ ਮਾਰੀ ਜਾਵੇਗੀ। ਕਿਉਂਕਿ ਭਾਜਪਾ ਲਈ ਪੱਛਮੀ ਬੰਗਾਲ ਦੀਆਂ ਚੋਣਾਂ ਮਹਾਂਭਾਰਤ ਦੇ ਯੁੱਧ ਵਾਂਙ ਸੀ ਅਤੇ ਬੰਗਾਲ ਨੂੰ ਹਰ ਹਾਲਤ ਜਾਇਜ਼ ਨਜਾਇਜ਼ ਤਰੀਕੇ ਨਾਲ ਜਿੱਤਣਾ ਚਾਹੁੰਦੀ ਸੀ ਇਸ ਲਈ ਭਾਜਪਾ ਦੀ ਵੋਟ 'ਤੇ ਚੋਟ ਮਾਰਨ ਦੇ ਨਾਹਰੇ ਨਾਲ ਸੰਯੁਕਤ ਕਿਸਾਨ ਮੋਰਚੇ ਦੇ ਸਾਰੇ ਮੁੱਖ ਆਗੂ ਤਕਰੀਬਨ ਹਰ ਹਲਕੇ 'ਚ ਗਏ ਜਿੱਥੇ ਉਨ੍ਹਾਂ ਭਾਜਪਾ ਦੀ ਤਾਨਾਸ਼ਾਹੀ ਸਰਕਾਰ ਦੀਆਂ ਆਮ ਲੋਕਾਂ ਅਤੇ ਖਾਸ ਕਰਕੇ ਕਿਸਾਨਾਂ 'ਤੇ ਕੀਤੀਆਂ ਵਧੀਕੀਆਂ ਦਾ ਵੇਰਵਾ ਦੇ ਕੇ ਵੋਟਰਾਂ ਨੂੰ ਅਪੀਲ ਕਰਦੇ ਰਹੇ ਕਿ ਜੇ ਤੁਸੀਂ ਚਾਹੁੰਦੇ ਹੋ ਕਿ ਭਾਰਤ 'ਚ ਲੋਕ ਤੰਤਰ ਬਹਾਲ ਹੋਵੇ ਤਾਂ ਹੋਰ ਭਾਵੇਂ ਕਿਸੇ ਵੀ ਪਾਰਟੀ ਨੂੰ ਵੋਟ ਪਾਓ ਪਰ ਭਾਜਪਾ ਨੂੰ ਬਿਲਕੁਲ ਨਾ ਪਾਈ ਜਾਵੇ। ਭਾਰਤੀ ਚੋਣ ਕਮਿਸ਼ਨ ਭਾਜਪਾ ਦੀ ਕਠਪੁਤਲੀ ਵਾਂਙ ਕੰਮ ਕਰਦੈ ਜਿਸ ਦੀ ਖ਼ੂਬ ਦੁਰਵਰਤੋਂ ਕੀਤੀ ਗਈ। ਬੰਗਾਲ 'ਚ ਭਾਜਪਾ ਕੋਲ ਆਪਣੇ ਇੰਨੇ ਵਰਕਰ ਤਾਂ ਹੈ ਨਹੀਂ ਇਸ ਲਈ ਪੱਛਮੀ ਬੰਗਾਲ ਦੀਆਂ ਚੋਣਾਂ 27 ਮਾਰਚ ਤੋਂ 29 ਅਪ੍ਰੈਲ 2021 ਤੱਕ 8 ਪੜਾਵਾਂ 'ਚ ਕਰਵਾਈਆਂ ਗਈਆਂ ਤਾ ਕਿ ਇੱਕ ਹਲਕੇ 'ਚ ਵੋਟਾਂ ਦਾ ਕੰਮ ਮੁਕੰਮਲ ਹੋਣ ਪਿੱਛੋਂ ਭਾਜਪਾ ਆਪਣੇ ਵਰਕਰਾਂ ਨੂੰ ਦੂਸਰੇ ਹਲਕੇ 'ਚ ਭੇਜ ਸਕੇ। ਕਿਸੇ ਸੂਬੇ 'ਚ ਵੋਟਾਂ ਪੈਣ ਦਾ ਕੰਮ 34 ਦਿਨਾਂ ਤੱਕ 8 ਪੜਾਵਾਂ 'ਚ ਪੂਰਾ ਹੋਇਆ ਹੋਵੇ ਇਹ ਭਾਰਤ ਦੇ ਚੋਣ ਇਤਿਹਾਸ ਦਾ ਰਿਕਾਰਡ ਹੈ ਨਹੀਂ ਤਾਂ ਆਮ ਤੌਰ 'ਤੇ ਦੋ ਜਾਂ ਵੱਧ ਤੋਂ ਵੱਧ ਤਿੰਨ ਪੜਾਵਾਂ 'ਚ ਹਰ ਸੂਬੇ 'ਚ ਚੋਣ ਮੁਕੰਮਲ ਹੋ ਜਾਂਦੀ ਹੈ। ਸਾਰੀ ਭਾਜਪਾ ਪਾਰਟੀ, ਆਰ.ਐੱਸ.ਐੱਸ. ਅਤੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਸਮੇਤ ਸਾਰੇ ਕੇਂਦਰੀ ਵਜੀਰਾਂ, ਭਾਜਪਾ ਦੀਆਂ ਸਰਕਾਰਾਂ ਵਾਲੇ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਫੌਜ ਬੰਗਾਲ ਚੋਣਾਂ ਵਿੱਚ ਝੋਕ ਦਿੱਤੀ ਗਈ। ਦੂਸਰੇ ਪਾਸੇ ਇਕੱਲੀ ਦਲੇਰ ਆਗੂ ਮਮਤਾ ਬੈਨਰਜੀ ਸ਼ੇਰਨੀ ਵਾਂਙ ਦਹਾੜਦੀ ਰਹੀ। ਚੋਣਾਂ ਦੇ ਨਤੀਜੇ ਆਏ ਤਾਂ ਭਾਜਪਾ

**ਸਫਾ 9 ਦਾ ਬਾਕੀ**

ਮਿੰਟ ਵੱਧ ਹੋਣ ਕਰਕੇ ਸਾਨੂੰ ਵੀ ਆਪਣੇ ਸਾਲ ਦੀ ਲੰਬਾਈ ਸੋਧ ਕੇ ਨਵਾਂ ਕੈਲੰਡਰ ਬਣਾਉਣਾ ਚਾਹੀਦਾ ਹੈ। ਉਨ੍ਹਾਂ ਸੁਝਾਉ ਦਿੱਤਾ ਕਿ ਗ੍ਰੈਗੋਰੀਅਨ ਕੈਲੰਡਰ ਜੋ ਅੱਜਕੱਲ੍ਹ ਸਾਰੀ ਦੁਨੀਆਂ 'ਚ ਪ੍ਰਚਲਤ ਹੋਣ ਕਰਕੇ ਸਾਂਝੇ ਕੈਲੰਡਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਉਸ ਦੇ ਸਾਲ ਦੀ ਲੰਬਾਈ ਦਾ ਰੁੱਤੀ ਸਾਲ ਦੀ ਲੰਬਾਈ ਨਾਲੋਂ ਕੇਵਲ 11 ਕੁ ਸੈਕੰਡ ਦਾ ਹੀ ਫ਼ਰਕ ਹੋਣ ਕਰਕੇ ਇਸ ਦਾ 3300 ਸਾਲਾਂ 'ਚ ਰੁੱਤਾਂ ਨਾਲੋਂ ਕੇਵਲ ਇੱਕ ਦਿਨ ਦਾ ਫ਼ਰਕ ਪੈਂਦਾ ਹੈ ਜਦੋਂ ਕਿ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ ਰੁੱਤੀ ਸਾਲ ਨਾਲੋਂ ਲਗਭਗ ਸਾਢੇ 20 ਮਿੰਟ ਵੱਧ ਹੋਣ ਕਰਕੇ ਕੇਵਲ 72 ਸਾਲਾਂ ਵਿੱਚ ਹੀ ਲਗਭਗ 1 ਦਿਨ ਦਾ ਫ਼ਰਕ ਪੈ ਜਾਂਦਾ ਹੈ। ਇਹੋ ਕਾਰਨ ਹੈ ਕਿ ਜਿਹੜੀ 23 ਪੋਹ 1666 'ਚ 22 ਦਸੰਬਰ ਨੂੰ ਆਈ ਸੀ ਉਹ ਅੱਜਕੱਲ੍ਹ 6 ਜਾਂ 7 ਜਨਵਰੀ ਨੂੰ ਆ ਰਹੀ ਅਤੇ ਜੇ ਇਵੇਂ ਰਿਹਾ ਤਾਂ 23 ਪੋਹ ਅੱਗੇ ਦੀ ਅੱਗੇ ਖਿਸਕਦੀ ਹੋਈ 3000 ਸੀਈ 'ਚ 20 ਜਨਵਰੀ ਨੂੰ ਆਵੇਗੀ। ਇਸ ਲਈ ਸਾਨੂੰ ਵੀ ਆਪਣੇ ਸਾਲ ਦੀ ਲੰਬਾਈ ਸਾਂਝੇ ਕੈਲੰਡਰ ਜੋ ਹੁਣ ਤੱਕ ਹੋਂਦ ਵਿੱਚ ਆਏ ਕੈਲੰਡਰਾਂ 'ਚੋਂ ਸਭ ਤੋਂ ਵੱਧ ਰੁੱਤਾਂ ਦੇ ਨੇੜੇ ਰਹਿਣ ਵਾਲਾ ਕੈਲੰਡਰ ਹੈ, ਦੇ ਸਾਲ ਦੀ ਲੰਬਾਈ ਦੇ ਬਰਬਾਰ ਕਰ ਲੈਣੀ ਚਾਹੀਦੀ ਹੈ। ਇਸ ਸੁਝਾਉ ਨੂੰ ਕੈਲੰਡਰ ਕਮੇਟੀ, ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਅਤੇ ਜਨਰਲ ਹਾਊਸ ਸਾਰਿਆਂ ਵੱਲੋਂ ਹੀ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 2003 ਦੀ ਵੈਸਾਖੀ ਵਾਲੇ ਦਿਨ ਲਾਗੂ ਕਰਨ ਦੀ ਪ੍ਰਵਾਨਗੀ ਦਿੱਤੀ ਗਈ। ਜੇ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਸਾਰੇ ਦਿਹਾੜੇ ਮਨਾਏ ਜਾਣ ਤਾਂ ਹਮੇਸ਼ਾਂ ਹਮੇਸ਼ਾਂ ਲਈ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ 8 ਪੋਹ/ 21 ਦਸੰਬਰ, ਛੋਟੇ ਸਾਹਿਬਦਿਆਂ ਦੀ ਸ਼ਹੀਦੀ 13 ਪੋਹ/ 26 ਦਸੰਬਰ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਗੁਰਪੁਰਬ 23 ਪੋਹ / 5 ਜਨਵਰੀ ਨੂੰ ਆਉਂਦਾ ਰਹੇਗਾ। ਹਰੇਕ ਦਿਹਾੜਾ ਹਰ ਸਾਲ ਇਨ੍ਹਾਂ ਹੀ ਨਾਨਕਸ਼ਾਹੀ ਤਾਰੀਖ਼ਾਂ ਅਤੇ ਇਨ੍ਹਾਂ ਹੀ ਸਾਂਝੇ ਸਾਲ ਦੀਆਂ ਤਾਰੀਖ਼ਾਂ ਨੂੰ ਆਵੇਗਾ। ਹਰੇਕ ਦਿਹਾੜਾ ਹਰ ਸਾਲ 365 ਦਿਨ ਜਾਂ ਲੀਪ ਦੇ ਸਾਲ 'ਚ 366 ਦਿਨ ਬਾਅਦ ਆਵੇਗਾ। ਹਰ ਦਿਹਾੜੇ ਦੇ ਵਿਚਕਾਰ ਦਿਨਾਂ ਦਾ ਫ਼ਰਕ ਉਹੀ ਰਹੇਗਾ ਜਿਹੜਾ ਇਤਿਹਾਸ 'ਚ ਦਰਜ ਹੈ। ਹੁਣ ਫੈਸਲਾ ਪੰਥ ਨੇ ਕਰਨਾ ਹੈ ਕਿ ਉਨ੍ਹਾਂ ਨੇ ਕਿਹੜਾ ਕੈਲੰਡਰ ਅਪਨਾਉਣਾ ਹੈ। -0-

ਦੇ ਮੂੰਹ ਅੱਡੇ ਰਹਿ ਗਏ। ਉਨ੍ਹਾਂ ਸਰਕਾਰ ਤਾਂ ਕੀ ਬਣਾਉਣੀ ਸੀ ਸਗੋਂ ਤ੍ਰਿਣਾਮੂਲ ਕਾਂਗਰਸ ਵੱਲੋਂ ਪ੍ਰਾਪਤ ਕੀਤੀਆਂ ਸੀਟਾਂ ਤੋਂ ਅੱਧੀਆਂ ਸੀਟਾਂ ਵੀ ਪ੍ਰਾਪਤ ਨਾ ਕਰ ਸਕੇ ਅਤੇ ਤ੍ਰਿਣਾਮਲ ਕਾਂਗਰਸ ਦੇ ਜਿਹੜੇ ਆਗੂ ਚੋਣਾਂ ਤੋਂ ਪਹਿਲਾਂ ਆਪਣੀ ਪਾਰਟੀ 'ਚ ਸ਼ਾਮਲ ਕਰਵਾਏ ਸਨ ਉਹ ਧੜਾ ਧੜ ਮੁੜ ਭਾਜਪਾ ਨੂੰ ਛੱਡ ਕੇ ਆਪਣੀ ਗਲਤੀ ਸਵੀਕਾਰ ਕਰਦੇ ਹੋਏ ਤ੍ਰਿਣਾਮਲ ਕਾਂਗਰਸ 'ਚ ਸ਼ਾਮਲ ਹੋ ਗਏ।

ਭਾਵੇਂ ਪੱਛਮੀ ਬੰਗਾਲ 'ਚ ਭਾਜਪਾ ਦੀਆਂ ਇਛਾਵਾਂ ਦੇ ਬਿਲਕੁਲ ਉਲਟ ਨਤੀਜੇ ਆਏ ਪਰ ਫਿਰ ਵੀ ਉਸ ਨੂੰ ਧਰਵਾਸ ਸੀ ਕਿ ਪੱਛਮੀ ਬੰਗਾਲ 'ਚ 2016 ਨਾਲੋਂ ਵੱਧ ਸੀਟਾਂ ਜਿੱਤਣ 'ਚ ਕਾਮਯਾਬ ਹੋਏ ਹਨ। ਉਨ੍ਹਾਂ ਨੂੰ ਉਮੀਦ ਸੀ ਕਿ ਬੰਗਾਲ 'ਚ ਤਾਂ ਉਹ ਹਿੰਦੂ ਮੁਸਲਮਾਨਾਂ ਦਾ ਵੰਡ ਨਹੀਂ ਕਰ ਸਕੇ ਪਰ ਯੂ.ਪੀ. ਸਮੇਤ ਬਾਕੀ ਦੇ ਉੱਤਰੀ 'ਤੇ ਮੱਧ ਭਾਰਤ 'ਚ ਜਰੂਰ ਇਸ ਧਾਰਮਿਕ ਵੰਡ ਦੇ ਆਧਾਰ 'ਤੇ ਵੱਡੀ ਸਫਲਤਾ ਪ੍ਰਾਪਤ ਕਰਨ ਵਿੱਚ ਸਫਲ ਹੋ ਜਾਣਗੇ। ਪਰ ਉਹ ਭੁੱਲ ਗਏ ਕਿ ਕੇਵਲ ਭਾਜਪਾ ਹੀ ਨਹੀਂ ਬਲਕਿ ਤ੍ਰਿਣਾਮੂਲ ਕਾਂਗਰਸ ਨੇ ਵੀ 2016 ਨਾਲੋਂ ਵੱਧ ਸੀਟਾਂ ਜਿੱਤੀਆਂ ਅਤੇ ਭਾਜਪਾ ਨੇ ਜੋ ਵਾਧੂ ਸੀਟਾਂ ਜਿੱਤੀਆਂ ਉਹ ਉਸ ਦੀ ਆਪਣੀ ਕਾਰਗੁਜ਼ਾਰੀ ਨਹੀਂ ਬਲਕਿ ਉਨ੍ਹਾਂ ਸੀਟਾਂ 'ਤੇ ਜਿੱਤ ਹਾਸਲ ਕੀਤੀ ਜਿਨ੍ਹਾਂ 'ਤੇ ਤ੍ਰਿਣਾਮਲ ਕਾਂਗਰਸ ਦੇ ਆਗੂਆਂ ਨੂੰ ਦਲਬਦਲੀ ਕਰਵਾ ਕੇ ਭਾਜਪਾ ਦੀ ਟਿਕਟ 'ਤੇ ਚੋਣ ਲੜਾਈ ਗਈ ਅਤੇ ਉਨ੍ਹਾਂ ਦਲ ਬਦਲੂਆਂ ਨੇ ਵੀ ਬਹੁਤੀਆਂ ਸੀਟਾਂ ਤ੍ਰਿਣਾਮੂਲ ਕਾਂਗਰਸ ਤੋਂ ਨਹੀਂ ਬਲਕਿ ਕਾਂਗਰਸ ਅਤੇ ਖੱਬੇ ਪੱਖੀਆਂ ਤੋਂ ਖੋਹੀਆਂ ਸਨ। ਮਜ਼ੇ ਦੀ ਗੱਲ ਇਹ ਹੈ ਕਿ ਦਲ ਬਦਲੀ ਕਰਕੇ ਭਾਜਪਾ ਦੀ ਟਿਕਟ 'ਤੇ ਜਿੱਤੇ ਵਿਧਾਇਕ ਮੁੜ ਤ੍ਰਿਣਾਮੂਲ ਕਾਂਗਰਸ 'ਚ ਸ਼ਾਮਲ ਹੋਣ ਲੱਗ ਪਏ।

ਫ਼ਰਵਰੀ 2022 'ਚ ਪੰਜਾਬ, ਉੱਤਰ ਪ੍ਰਦੇਸ਼ ਸਮੇਤ 5 ਸੂਬਿਆਂ 'ਚ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਪੰਜਾਬ 'ਚ ਤਾਂ ਭਾਜਪਾ ਦੇ ਕੁਝ ਹੱਥ ਪੱਲੇ ਆਉਣ ਵਾਲਾ ਨਹੀਂ ਪਰ ਯੂ.ਪੀ 'ਚ ਹਿੰਦੂ ਬਹੁ ਗਿਣਤੀ 'ਚ ਹੋਣ ਕਰਕੇ ਭਾਜਪਾ ਨੂੰ ਹਿੰਦੂ-ਮੁਸਲਮਾਨਾਂ ਦਰਮਿਆਨ ਵੰਡ/ਦੰਗੇ ਕਰਵਾਉਣੇ ਬਹੁਤ ਰਾਸ ਆਉਂਦੇ ਹਨ ਜਿਸ ਦੇ ਸਹਾਰੇ ਭਾਜਪਾ 80 ਲੋਕ ਸਭਾ ਸੀਟਾਂ ਵਾਲੇ ਸੂਬੇ 'ਚੋਂ ਆਸਾਨੀ ਨਾਲ ਬਹੁ ਮਤ ਲੈ ਜਾਂਦੀ ਹੈ। ਬਾਕੀ ਦੇ ਸਭ ਸੂਬਿਆਂ ਨਾਲੋਂ ਵੱਧ ਸੰਸਦੀ ਸੀਟਾਂ ਹੋਣ ਕਾਰਨ ਮੰਨਿਆ ਜਾਂਦਾ ਹੈ ਕਿ ਦਿੱਲੀ ਦੀ ਸਿਆਸਤ ਦਾ ਰਾਹ ਯੂ.ਪੀ. ਵਿੱਚੋਂ ਹੋ ਕੇ ਨਿਕਲਦਾ ਹੈ ਇਸ ਲਈ ਭਾਜਪਾ ਅਤੇ ਕਿਸਾਨ ਜਥੇਬੰਦੀਆਂ ਦੋਵਾਂ ਲਈ ਹੀ ਵਿਸ਼ੇਸ਼ ਮਹੱਤਵ ਪੂਰਨ ਹੈ। ਕਿਸਾਨ ਜਥੇਬੰਦੀਆਂ ਨੇ ਯੂ.ਪੀ. 'ਚ ਵੋਟ ਦੀ ਚੋਟ ਲਾਉਣ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕੇ ਜਿਸ ਤਹਿਤ ਕੀਤੀਆਂ ਜਾਂ ਰਹੀਆਂ ਕਿਸਾਨ ਮਹਾਂ ਪੰਚਾਇਤਾਂ ਦੇ ਮੰਚਾਂ 'ਤੇ ਹਿੰਦੂ-ਮੁਸਲਮਾਨ-ਸਿੱਖ ਕਿਸਾਨਾਂ ਵੱਲੋਂ ਇੱਕ ਸਾਥ 'ਅੱਲਾ-ਹੂ-ਅਕਬਰ', 'ਜੈ ਸ਼੍ਰੀ ਰਾਮ' 'ਬੋਲੇ ਸੋ ਨਿਹਾਲ - ਸਤਿ ਸ਼੍ਰੀ ਅਕਾਲ' ਅਤੇ 'ਵਾਹਿਗੁਰੂ ਜੀ ਕਾ ਖਾਲਸਾ' ਦੇ ਨਾਹਰੇ ਲਾ ਕੇ ਹਿੰਦੂ-ਸਿੱਖ-ਮੁਸਲਮਾਨ-ਈਸਾਈ ਏਕਤਾ ਦਾ ਸਬੂਤ ਦੇਣਾ ਸ਼ੁਰੂ ਕਰ ਦਿੱਤਾ। ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਸਭ ਧਰਮਾਂ ਦੀ ਏਕਤਾ 'ਚ ਸਾਡੀ ਅਤੇ ਲੋਕਤੰਤਰ ਦੀ ਜਿੱਤ ਹੈ ਜਦੋਂ ਕਿ ਫੁੱਟ ਅਤੇ ਆਪਸੀ ਮਜ਼ਬੀ ਦੰਗਿਆਂ 'ਚ ਭਾਜਪਾ ਦੀ ਜਿੱਤ ਅਤੇ ਲੋਕ ਤੰਤਰ ਦੀ ਹਾਰ ਹੈ। ਕਿਸਾਨ ਜਥੇਬੰਦੀਆਂ ਵੱਲੋਂ ਏਕਤਾ ਦੇ ਇਹ ਨਾਹਰੇ ਭਾਜਪਾ ਦੀ ਨੀਂਦ ਹਰਾਮ ਕਰਨ ਵਾਲੇ ਹਨ। ਏਕਤਾ ਦੇ ਇਹ ਨਾਹਰੇ ਬੰਦ ਕਰਵਾਉਣ ਲਈ ਅਪਰਾਧਿਕ ਪਿਛੋਕੜ ਵਾਲੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਨੇ ਕਿਸਾਨਾਂ ਨੂੰ ਡਰਾਉਣ ਧਮਕਾਉਣ ਦੀ ਮਨਸ਼ਾ ਨਾਲ ਬਿਆਨ ਦਿੱਤਾ ਕਿ ਮੈਨੂੰ ਸਿਰਫ ਐੱਮ.ਪੀ./ਮੰਤਰੀ ਹੀ ਨਾ ਸਮਝ ਲੈਣਾ ਮੇਰਾ ਪਿਛੋਕੜ ਵੀ ਵੇਖ ਲੈਣਾ ਕਿ ਮੈਂ ਕੀ ਸੀ ਅਤੇ ਕੀ ਕਰ ਸਕਦਾ ਹਾਂ? ਜੇ ਮੈਂ ਸੜਕ 'ਤੇ ਉੱਤਰ ਆਇਆ ਤੋਂ ਤੁਹਾਡੇ 'ਚੋਂ ਇੱਕ ਵੀ ਨਹੀਂ ਲੱਭਣਾ। ਮਿਸ਼ਰਾ ਦੇ ਇਸ ਬਿਆਨ ਦੇ ਪ੍ਰਤੀਕਰਮ ਵਜੋਂ ਕਿਸਾਨ ਜਥੇਬੰਦੀਆਂ ਨੇ ਅਜੈ ਮਿਸ਼ਰਾ ਦੇ ਲਖੀਮਪੁਰ ਖੀਰੀ (ਯੂ.ਪੀ.) ਪਹੁੰਚਣ 'ਤੇ ਕਾਲ਼ੀਆਂ ਝੰਡੀਆਂ ਨਾਲ ਵਿਰੋਧ ਕਰਨ ਦਾ ਪ੍ਰੋਗਰਾਮ ਉਲੀਕਿਆ। 3 ਅਕਤੂਬਰ 2021 ਨੂੰ ਜਿਸ ਸਮੇਂ ਕਿਸਾਨ ਵਿਰੋਧ ਪ੍ਰਦਰਸ਼ਨ ਕਰਕੇ ਸੜਕ ਦੇ ਇੱਕ ਪਾਸੇ ਪੈਦਲ ਵਾਪਸ ਜਾ ਰਹੇ ਸਨ ਤਾਂ ਅਜੈ ਮਿਸ਼ਰਾ ਦੇ ਪੁੱਤਰ ਅਸ਼ੀਸ਼ ਮਿਸ਼ਰਾ ਨੇ ਵਿਸ਼ੇਸ਼ ਤੌਰ 'ਤੇ ਰੋਸ ਪ੍ਰਦਰਸ਼ਨ ਦੀ ਅਗਵਾਈ ਕਰਨ ਵਾਲੇ ਕਿਸਾਨ ਆਗੂ ਤੇਜਿੰਦਰ ਸਿੰਘ ਵਿਰਕ ਨੂੰ ਨਿਸ਼ਾਨਾ ਬਣਾ ਕੇ ਪਿੱਛੋਂ ਆ ਗੱਡੀ ਚੜ੍ਹਾ ਦਿੱਤੀ ਜਿਸ ਨਾਲ ਚਾਰ ਕਿਸਾਨਾਂ ਦੀ ਗੱਡੀ ਥੱਲੇ ਆ ਕੇ ਅਤੇ ਅਸ਼ੀਸ਼ ਮਿਸ਼ਰਾ ਨਾਲ ਸਵਾਰ ਤਿੰਨ ਭਾਜਪਾ ਵਰਕਰ ਗੱਡੀ ਪਲਟ ਜਾਣ ਸਦਕਾ ਅਤੇ ਅਸ਼ੀਸ਼ ਮਿਸ਼ਰਾ ਦੇ ਰਿਵਾਲਵਰ ਅਤੇ ਰਾਈਫਲ 'ਚੋਂ ਚੱਲੀਆਂ ਗੋਲ਼ੀਆਂ ਨਾਲ ਇੱਕ ਪੱਤਰਕਾਰ ਦੀ ਮੌਤ ਹੋ ਗਈ; ਅਨੇਕਾਂ ਕਿਸਾਨ ਜਖ਼ਮੀ ਹੋਏ। ਇੱਕੇ ਹਾਦਸੇ 'ਚ ਹੋਈਆਂ 8 ਮੌਤਾਂ ਨੇ ਕਿਸਾਨਾਂ ਦਾ ਰੋਹ ਹੋਰ ਵਧਾ ਦਿੱਤਾ। ਹੈਰਾਨੀ ਦੀ ਗੱਲ ਇਹ ਹੈ ਕਿ ਸੁਪਰੀਮ ਕੋਰਟ ਦੀਆਂ ਸਖਤ ਟਿੱਪਣੀਆਂ ਅਤੇ ਫੋਰੈਂਸਿਕ ਸਾਇੰਸ ਲੈਬਾਰਟਰੀ ਵੱਲੋਂ ਆਸ਼ੀਸ਼ ਮਿਸ਼ਰਾ ਤੇ ਉਸ ਦੇ ਸਾਥੀਆਂ ਦੇ ਹਥਿਆਰਾਂ ਤੋਂ ਗੋਲ਼ੀਆਂ ਚੱਲਣ ਦੀ ਪੁਸ਼ਟੀ ਕੀਤੇ ਜਾਣ ਦੇ ਬਾਵਜੂਦ ਵੀ ਮੁੱਖ ਦੋਸ਼ੀ ਆਸ਼ੀਸ਼ ਮਿਸ਼ਰਾ ਦਾ ਪਿਤਾ ਅਜੈ ਮਿਸ਼ਰਾ ਹਾਲੀ ਤੱਕ ਕੇਂਦਰੀ ਗ੍ਰਹਿ ਰਾਜ ਮੰਤਰੀ ਜਿਸ ਦੇ ਅਧੀਨ ਦੇਸ਼ ਦੀ ਸਾਰੀ ਪੁਲਿਸ ਹੈ ਆਪਣੀ ਕੁਰਸੀ 'ਤੇ ਬਿਰਾਜਮਾਨ ਹੈ; ਤਾਂ ਪੀੜਤਾਂ ਨੂੰ ਇਨਸਾਫ਼ ਕਿਵੇਂ ਮਿਲੇਗਾ? ਪ੍ਰਧਾਨ ਮੰਤਰੀ ਜਾਂ ਭਾਜਪਾ ਕੌਮੀ ਪ੍ਰਧਾਨ ਜੇ.ਪੀ. ਨੱਢਾ ਵੱਲੋਂ ਅਜੈ ਮਿਸ਼ਰਾ ਦੇ ਭੜਕਾਊ ਬਿਆਨ ਅਤੇ ਉਸ ਦੇ ਪੁੱਤਰ ਅਸ਼ੀਸ਼ ਮਿਸ਼ਰਾ ਵੱਲੋਂ ਕੀਤੇ ਖ਼ੂਨੀ ਕਾਂਡ ਦੀ ਹਾਲੀ ਤੱਕ ਨਿੰਦਾ ਨਾ ਕੀਤੀ ਜਾਣੀ ਅਤੇ ਨਾ ਹੀ ਅਜੈ ਮਿਸ਼ਰਾ ਨੂੰ ਆਪਣੇ ਅਹੁੱਦੇ ਤੋਂ ਤਿਆਗ ਪੱਤਰ ਦੇਣ ਲਈ ਕਹਿਣਾ ਸੰਕੇਤ ਹੈ ਕਿ ਲਖੀਮਪਰ ਖੀਰੀ ਕਾਂਡ ਕੇਵਲ ਅਜੈ ਮਿਸ਼ਰਾ ਅਤੇ ਅਸ਼ੀਸ਼ ਮਿਸ਼ਰਾ ਦੀ ਗੁੰਡਾ ਗਰਦੀ ਹੀ ਨਹੀਂ ਬਲਕਿ ਉਨ੍ਹਾਂ ਰਾਹੀਂ ਖ਼ੁਦ ਭਾਜਪਾ ਅਤੇ ਕੇਂਦਰੀ ਸਰਕਾਰ ਆਰ.ਐੱਸ.ਐੱਸ. ਦਾ ਦੰਗੇ ਭੜਕਾਉਣ ਅਤੇ ਵੰਡ ਪਾਊ ਏਜੰਡਾ ਲਾਗੂ ਕਰਨਾ ਚਾਹ ਰਹੇ ਸਨ ਪਰ ਇਹ ਵੱਖਰੀ ਗੱਲ ਹੈ ਕਿ ਇਹ ਕਾਂਡ ਉਨ੍ਹਾਂ ਲਈ ਉਲਟਾ ਪਿਆ। ਯੂ.ਪੀ. ਸਮੇਤ ਸਮੁੱਚੇ ਦੇਸ਼ 'ਚ ਭਾਜਪਾ ਵਿਰੁੱਧ ਗੁੱਸੇ ਦੀ ਲਹਿਰ ਫੈਲ ਗਈ। ਲੋਕਾਂ ਦਾ ਇਹ ਰੋਹ 30 ਅਕਤੂਬਰ ਨੂੰ ਹੋਈਆਂ 3 ਲੋਕ ਸਭਾ ਅਤੇ 29 ਵਿਧਾਨ ਸਭਾ ਸੀਟਾਂ ਲਈ ਜ਼ਿਮਨੀ ਚੋਣਾਂ ਦੇ ਨਤੀਜੇ ਭਾਜਪਾ ਨੂੰ ਉੱਤਰ ਤੋਂ ਦੱਖਣ ਤੱਕ ਮਿਲੇ ਵੱਡੇ ਝਟਕਿਆਂ ਤੋਂ ਪ੍ਰਗਟ ਹੋਇਆ ਕਿਉਂਕਿ ਭਾਜਪਾ ਸ਼ਾਸ਼ਤ ਹਿਮਾਚਲ ਪ੍ਰਦੇਸ਼ ਅਤੇ ਕਾਂਗਰਸ ਸ਼ਾਸ਼ਤ ਰਾਜਸਥਾਨ 'ਚ ਕਾਂਗਰਸ ਦੀ ਹੂੰਝਾ ਫੇਰੂ ਜਿੱਤ ਹੋਈ ਅਤੇ ਭਾਜਪਾ ਇੱਕ ਵੀ ਸੀਟ ਹਾਸਲ ਨਹੀਂ ਕਰ ਸਕੀ; ਦਾਦਰਾ ਤੇ ਨਗਰ ਹਵੇਲੀ ਲੋਕ ਸਭਾ ਸੀਟ ਸ਼ਿਵ ਸੈਨਾ ਨੇ ਜਿੱਤੀ; ਮਹਾਰਾਸ਼ਟਰ ਦੀ ਵਿਧਾਨ ਸਭਾ ਸੀਟ ਉੱਤੇ ਕਾਂਗਰਸ ਜੇਤੂ; ਆਂਧਰਾ ਪ੍ਰਦੇਸ਼ ਵਿੱਚ ਵਾਈਐੱਸਆਰ ਕਾਂਗਰਸ ਨੇ ਭਾਜਪਾ ਨੂੰ ਹਰਾਇਆ। ਭਾਜਪਾ ਸ਼ਾਸ਼ਤ ਹਰਿਆਣਾ 'ਚ ਵੀ ਇੱਕੋ ਇੱਕ ਸੀਟ ਅਨੈਲੋ ਦੇ ਅਭੈ ਸਿੰਘ ਚੌਟਾਲਾ ਭਾਜਪਾ ਉਮੀਦਵਾਰ ਨੂੰ ਹਰਾ ਕੇ ਮੁੜ ਜਿੱਤਣ 'ਚ ਕਾਮਯਾਬ ਹੋਇਆ ਜਦੋਂ ਕਿ ਜ਼ਿਮਨੀ ਚੋਣਾਂ ਦਾ ਹਾਲ ਇਹ ਹੁੰਦਾ ਹੈ ਕਿ ਆਮ ਤੌਰ 'ਤੇ ਸਤਾਧਾਰੀ ਪਾਰਟੀ ਹੀ ਜਿੱਤ ਹਾਸਲ ਕਰਦੀ ਆਈ ਹੈ। ਜ਼ਿਮਨੀ ਚੋਣਾਂ 'ਚ ਭਾਜਪਾ ਨੂੰ ਮਿਲੀ ਨਮੋਸ਼ੀ ਭਰੀ ਹਾਰ ਅਤੇ ਪੰਜਾਬ, ਯੂ.ਪੀ., ਉੱਤਰਾਖੰਡ ਜਿੱਥੇ ਫ਼ਰਵਰੀ 'ਚ ਵਿਧਾਨ ਸਭਾ ਦੀਆਂ ਹੋਣ ਜਾ ਰਹੀਆਂ ਚੋਣਾਂ ਅਤੇ ਭਾਜਪਾ ਦੇ ਦਿਨੋ ਦਿਨ ਵਧ ਰਹੇ ਜਨਤਕ ਵਿਰੋਧ ਨੇ ਭਾਜਪਾ ਦੀ ਨੀਂਦ ਉਡਾ ਦਿੱਤੀ; ਜਿਸ ਤੋਂ ਡਰ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਚਾਨਕ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ ਵਾਲੇ ਦਿਨ 19 ਨਵੰਬਰ ਨੂੰ ਸਵੇਰੇ ਸਵੇਰੇ ਦੇਸ਼ ਨੂੰ ਸੰਬੋਧਨ ਕਰਦਿਆਂ ਤਿੰਨੇ ਖੇਤੀ ਕਾਨੂੰਨ ਰੱਦ ਕਰਨ, ਐੱਮ.ਐੱਸ.ਪੀ. ਲਈ ਕਮੇਟੀ ਗਠਿਤ ਕਰਨ ਦਾ ਐਲਾਨ ਕਰਦਿਆਂ ਕਿਸਾਨਾਂ ਨੂੰ ਵਾਪਸ ਆਪਣੇ ਘਰੀਂ ਜਾ ਕੇ ਗੁਰਪੁਰਬ ਮਨਾਉਣ ਦੀ ਅਪੀਲ ਕਰ ਦਿੱਤੀ। ਪ੍ਰਧਾਨ ਮੰਤਰੀ ਨੇ ਦੇਸ਼ ਦੇ ਲੋਕਾਂ ਤੋਂ ਇਹ ਕਹਿੰਦਿਆਂ ਮੁਆਫ਼ੀ ਮੰਗੀ ਕਿ ਅਸੀਂ ਕਾਨੂੰਨ ਤਾਂ ਕਿਸਾਨਾਂ ਦੇ ਹਿੱਤ 'ਚ ਬਣਾਏ ਸਨ ਪਰ ਮੇਰੀ ਤਪੱਸਿਆ 'ਚ ਕੋਈ ਫਰਕ ਰਹਿ ਗਿਆ ਜਿਸ ਕਾਰਨ ਕਿਸਾਨਾਂ ਦੇ ਇੱਕ ਵਰਗ ਨੂੰ ਅਸੀਂ ਕਾਨੂੰਨਾਂ ਦੇ ਫ਼ਾਇਦੇ ਸਮਝਾ ਨਹੀਂ ਸਕੇ। ਕਿਸਾਨਾਂ ਨੂੰ ਪ੍ਰਧਾਨ ਮੰਤਰੀ ਦੇ ਇਹ ਸ਼ਬਦ ਰਾਸ ਨਹੀਂ ਆ ਰਹੇ ਕਿਉਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਤਾਂ ਤਪੱਸਿਆ ਕਰਨ ਦਾ ਢੌਂਗ ਹੀ ਕਰਦਾ ਹੈ ਪਰ ਅਸਲ ਤਪੱਸਿਆ ਤਾਂ ਉਨ੍ਹਾਂ ਕਿਸਾਨਾਂ ਦੀ ਹੈ ਜਿਹੜੇ ਪੂਰੇ ਇੱਕ ਸਾਲ ਤੋਂ ਦਿੱਲੀ ਦੇ ਬਾਰਡਰਾਂ ਦੀਆਂ ਸੜਕਾਂ

ਕੰਢੇ 46□ ਗਰਮੀ ਤੋਂ 0□ ਠੰਡ ਦੇ ਮੌਸਮ ਅਤੇ ਵਰਖਾ ਰੁੱਤ 'ਚ ਵਰਦੇ ਮੀਂਹ 'ਚ ਅਸਮਾਨ ਹੇਠ ਬੈਠੇ ਬਿਤਾ ਰਹੇ ਤੇ ਉਨ੍ਹਾਂ ਦੀ ਗੈਰਹਾਜ਼ਰੀ 'ਚ ਔਰਤਾਂ ਤੇ ਬੱਚਿਆਂ ਨੂੰ ਦੇਸ਼ ਲਈ ਅੰਨ ਪੈਦਾ ਕਰਨ ਲਈ ਅਜੇਹੇ ਮੌਸਮਾਂ 'ਚ ਬਾਹਰ ਖੇਤਾਂ 'ਚ ਕੰਮ ਕਰਨਾ ਪਿਆ ਹੈ। ਮੋਰਚੇ ਦੌਰਾਨ ਲਗਭਗ 700 ਕਿਸਾਨ ਸ਼ਹੀਦ ਹੋ ਗਏ, ਲਖੀਮਪੁਰ ਖੀਰੀ ਕਾਂਡ 'ਚ ਤੁਹਾਡੇ ਗੁੰਡੇ ਮੰਤਰੀ ਦੇ ਗੁੰਡੇ ਪੁੱਤਰ ਨੇ 4 ਕਿਸਾਨ ਦਰੜ ਕੇ ਸ਼ਹੀਦ ਕਰ ਦਿੱਤੇ ਅਤੇ ਦਰਜਨ ਦੇ ਲਗਭਗ ਜ਼ਖ਼ਮੀ ਕੀਤੇ, ਤੁਹਾਡੀ ਮੰਤਰੀ ਵੱਲੋਂ ਇਨ੍ਹਾਂ ਕਿਸਾਨਾਂ ਨੂੰ ਮਵਾਲੀ ਕਿਹਾ ਗਿਆ ਜਿਸ ਦਾ ਭਾਵ ਲੁੱਚੇ ਲਫੰਗੇ ਅਤੇ ਰਾਹਗੀਰਾਂ ਦੀਆਂ ਲੁੱਟਾਂ ਖੋਹਾਂ ਕਰਨ ਵਾਲੇ ਹੁੰਦੇ ਹਨ ਜਦੋਂ ਕਿ ਕਿਸਾਨ ਮੋਰਚਿਆਂ ਲਈ ਲੱਗੇ ਲੰਗਰਾਂ 'ਚ ਦਿਲੀ ਅਤੇ ਹਰਿਆਣਾ ਦੀਆਂ ਬਸਤੀਆਂ ਦੇ ਲੱਖਾਂ ਗਰੀਬ ਲੋਕਾਂ ਜਿਨ੍ਹਾਂ ਨੂੰ ਪੇਟ ਭਰ ਖਾਣਾ ਨਹੀਂ ਸੀ ਮਿਲਦਾ ਉਨ੍ਹਾਂ ਨੂੰ ਹਰ ਰੋਜ ਰਜਵਾਂ ਲੰਗਰ ਛਕਾਇਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨੇ ਇਨ੍ਹਾਂ ਦਾ ਜ਼ਿਕਰ ਤੱਕ ਨਹੀਂ ਕੀਤਾ ਅਤੇ ਨਾ ਹੀ ਲਖੀਮਪੁਰ ਖੀਰੀ ਕਾਂਡ ਦੀ ਨਿੰਦਾ ਅਤੇ ਤਕਰੀਬਨ 700 ਸ਼ਹੀਦ ਹੋਏ ਕਿਸਾਨਾਂ ਦੀ ਮੌਤ ਦਾ ਅਫਸੋਸ ਪ੍ਰਗਟ ਕੀਤਾ ਹੈ।

ਸੰਯੁਕਤ ਕਿਸਾਨ ਮੋਰਚੇ ਨੇ ਪ੍ਰਧਾਨ ਮੰਤਰੀ ਵੱਲੋਂ ਤਿੰਨੇ ਕਾਨੂੰਨ ਰੱਦ ਕਰਨ ਦੇ ਬਿਆਨ ਦਾ ਜਿੱਥੇ ਧੰਨਵਾਦ ਕੀਤਾ ਉੱਥੇ ਉਸ ਸਮੇਂ ਤੱਕ ਮੋਰਚੇ ਖਾਲੀ ਕਰਨ ਤੋਂ ਨਾਂਹ ਕਰਦਿਆਂ ਕਿਹਾ ਕਿ ਸ਼੍ਰੀ ਮੋਦੀ ਵਿਸ਼ਵਾਸ਼ਯੋਗ ਨਹੀਂ ਹੈ ਕਿਉਂਕਿ ਇਸ ਨੇ ਦੇਸ਼ ਨਾਲ ਜਿੰਨੇ ਵੀ ਵੱਡੇ ਵਾਅਦੇ ਕੀਤੇ; ਜਿਵੇਂ ਕਿ ਕਾਲ਼ਾ ਧਨ ਵਾਪਸ ਲਿਆਉਣ, ਹਰ ਭਾਰਤੀ ਦੇ ਖਾਤੇ 'ਚ 15-15 ਲੱਖ ਜਮ੍ਹਾਂ ਕਰਵਾਉਣ, ਹਰ ਸਾਲ ਦੋ ਕਰੋੜ ਨੌਕਰੀਆਂ ਦੇਣ, ਸਵਾਮੀਨਾਥਨ ਰਿਪੋਰਟ ਲਾਗੂ ਕਰਨ, ਮਹਿੰਗਾਈ ਦਰ ਘਟਾਉਣ, ਚੰਗੇ ਦਿਨ ਆਉਣ ਆਦਿਕ 'ਚੋਂ ਇੱਕ ਵੀ ਪੂਰਾ ਨਹੀਂ ਕੀਤਾ ਸਗੋਂ ਉਹ ਕੰਮ ਕੀਤੇ ਜਿਨ੍ਹਾਂ ਦਾ ਇਹ ਪਹਿਲਾਂ ਵਿਰੋਧ ਕਰਦੇ ਰਹੇ ਜਿਵੇਂ ਜੀ.ਐਸ.ਟੀ., ਪੈਟਰੋਲ, ਡੀਜ਼ਲ ਰਸੋਈ ਗੈਸ ਦੀਆਂ ਵਧਦੀਆਂ ਕੀਮਤਾਂ, ਪਬਲਿਕ ਸੰਸਥਾਵਾਂ ਅਤੇ ਸੰਪਤੀ ਨੂੰ ਵੇਚ ਕੇ ਪ੍ਰਾਈਵੇਟ ਅਧਾਰਿਆਂ ਦੇ ਹੱਥ ਮਜ਼ਬੂਤ ਕਰਨੇ। ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਇੰਨਾਂ ਤਿੰਨੇ ਖੇਤੀ ਕਾਨੂੰਨਾਂ ਦਾ ਵਿਰੋਧ ਅਤੇ ਐੱਮ.ਐੱਸ.ਪੀ. ਦੀ ਗਰੰਟੀ ਦੇਣ ਦੀ ਮੰਗ ਜੋਰਦਾਰ ਢੰਗ ਨਾਲ ਕਰਦੇ ਰਹੇ ਪਰ ਅੱਜ ਆਪਣੀ ਮੰਗ ਦੇ ਉਲਟ ਇਨ੍ਹਾਂ ਹੀ ਕਾਨੂੰਨਾਂ ਨੂੰ ਕਿਸਾਨਾਂ ਦੇ ਹਿੱਤ 'ਚ ਸਿੱਧ ਕਰਨ ਲਈ ਦਲੀਲਾਂ ਦੇ ਰਹੇ ਹਨ ਕਿ ਇਹ ਕਾਨੂੰਨ ਤਾਂ ਪਹਿਲਾਂ ਹੀ ਕਾਂਗਰਸ ਸਰਕਾਰ ਲਾਗੂ ਕਰਨਾ ਚਾਹੁੰਦੀ ਸੀ ਅਤੇ ਇਸ ਨੇ 2019 ਦੀਆਂ ਚੋਣਾਂ ਦੌਰਾਨ ਆਪਣੇ ਚੋਣ ਮਨੋਰਥ ਪੱਤਰ 'ਚ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਦੀ ਗੱਲ ਲਿਖੀ ਸੀ। ਕਿਸਾਨਾਂ ਦਾ ਕਹਿਣਾ ਹੈ ਕਿ ਜੇ ਕਾਂਗਰਸ ਨੇ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨਾ ਆਪਣੇ ਚੋਣ ਮਨੋਰਥ ਪੱਤਰ 'ਚ ਘੋਸ਼ਿਤ ਕੀਤਾ ਸੀ ਤਾਂ ਅਸੀਂ ਉਨ੍ਹਾਂ ਨੂੰ ਚੋਣਾਂ ਵਿੱਚ ਹਰਾ ਦਿੱਤਾ ਅਤੇ ਭਾਜਪਾ ਨੂੰ ਜਿਤਾਇਆ ਪਰ ਤੁਸੀਂ ਤਾਂ ਵਾਅਦਾ ਕੀਤਾ ਹੀ ਨਹੀਂ ਸੀ ਤਾਂ ਹੁਣ ਇਹ ਕਾਨੂੰਨ ਲਾਗੂ ਕਰਨ 'ਤੇ ਕਿਉਂ ਤੁਲੇ ਹੋਏ ਹੋ? ਜੇ ਤੁਸੀਂ ਉਹ ਕੰਮ ਕਰਨੇ ਹਨ ਜਿਨ੍ਹਾਂ ਦਾ ਵਾਅਦਾ ਨਹੀਂ ਸੀ ਕੀਤਾ ਅਤੇ ਉਹ ਕੰਮ ਨਹੀਂ ਕਰਨੇ ਜਿਨ੍ਹਾਂ ਦਾ ਵਾਅਦਾ ਤੁਸੀਂ ਕੀਤਾ ਸੀ ਤਾਂ ਤੁਹਾਡਾ ਵਿਸ਼ਵਾਸ਼ ਕਿਵੇਂ ਕੀਤਾ ਜਾਵੇ? ਨੋਟ ਬੰਦੀ ਕਰਕੇ ਮੋਦੀ ਜੀ ਨੇ ਵਾਅਦਾ ਕੀਤਾ ਸੀ ਕਿ ਮੈਨੂੰ 50 ਦਿਨ ਦਿਓ ਲੋਕਾਂ ਵੱਲੋਂ ਜਮ੍ਹਾਂ ਕੀਤਾ ਕਾਲ਼ਾ ਧਨ ਬਾਹਰ ਆਵੇਗਾ ਅਤੇ ਅਤਿਵਾਦ ਦਾ ਲੱਕ ਟੁੱਟ ਜਾਵੇਗਾ ਪਰ ਕੁਝ ਨਹੀਂ ਹੋਇਆ ਉਲਟਾ ਅਸਰ ਪਿਆ ਕਿ ਸੈਂਕੜੇ ਲੋਕ ਆਪਣੇ ਹੀ ਪੈਸੇ ਕਢਵਾਉਣ ਲਈ ਬੈਂਕਾਂ ਅੱਗੇ ਲਾਈਨਾਂ 'ਚ ਖੜ੍ਹੇ ਆਪਣੀ ਜਾਨ ਗਵਾ ਬੈਠੇ, ਲੋਕਾਂ ਅਤੇ ਦੇਸ਼ ਦੀ ਆਰਥਿਕਤਾ ਡਗਮਗਾ ਗਈ, ਨਾ ਕੋਈ ਕਾਲ਼ਾ ਧਨ ਬਾਹਰ ਆਇਆ ਅਤੇ ਨਾ ਹੀ ਅਤਿਵਾਦ ਦਾ ਲੱਕ ਟੁੱਟਾ। ਕਿਸਾਨ ਜਥੇਬੰਦੀਆਂ ਦਾ ਸਪਸ਼ਟ ਐਲਾਨ ਹੈ ਕਿ ਜਦ ਤੱਕ ਸੰਸਦ 'ਚ ਤਿੰਨੇ ਕਾਨੂੰਨ ਰੱਦ ਨਹੀਂ ਹੋ ਜਾਂਦੇ, ਐੱਮ.ਐੱਸ.ਪੀ. ਦੀ ਕਾਨੂੰਨੀ ਗਰੰਟੀ ਦੇਣ ਦਾ ਕਾਨੂੰਨ ਪਾਸ ਨਹੀਂ ਹੋ ਜਾਂਦਾ ਉਸ ਸਮੇਂ ਤੱਕ ਮੋਰਚਾ ਇਸੇ ਤਰ੍ਹਾਂ ਜਾਰੀ ਰਹੇਗਾ ਅਤੇ ਪਹਿਲਾਂ ਦੇ ਉਲੀਕੇ ਪ੍ਰੋਗਰਾਮ ਬਕਾਇਦਾ ਸਿਰੇ ਚਾੜ੍ਹੇ ਜਾਣਗੇ ਜਿਵੇਂ ਕਿ 22 ਨਵੰਬਰ ਨੂੰ ਲਖਨਊ ਵਿਖੇ ਐਲਾਨੀ ਗਈ ਕਿਸਾਨ ਮਹਾਂ ਪੰਚਾਇਤ ਕਿਸਾਨਾਂ ਦੀ ਲਾਮਿਸਾਲ ਸ਼ਮੂਲੀਅਤ ਨਾਲ ਸਫਲਤਾ ਪੂਰਬਕ ਸਿਰੇ ਚੜ੍ਹੀ, 26 ਨਵੰਬਰ ਨੂੰ ਦਿੱਲੀ ਦੇ ਬਾਰਡਰਾਂ 'ਤੇ ਬੈਠਿਆਂ ਨੂੰ ਪੂਰਾ ਇੱਕ ਸਾਲ ਪੂਰਾ ਹੋਣ 'ਤੇ ਸਾਲਗਿਰਾਹ ਵੱਡੀ ਪੱਧਰ 'ਤੇ ਮਨਾਈ ਗਈ। 29 ਨਵੰਬਰ ਤੋਂ ਸੰਸਦ ਅੱਗੇ ਹਰ ਰੋਜ 500 ਕਿਸਾਨਾਂ ਦਾ ਜਥਾ ਟਰੈਕਟਰ ਮਾਰਚ ਕਰਦਾ ਹੋਇਆ ਜੰਤਰ ਮੰਤਰ ਗਰਾਊਂਡ ਪਹੁੰਚਿਆ ਕਰੇਗਾ ਜੋ ਸੰਸਦ ਦੇ ਚਲਦੇ ਸੈਸ਼ਨ ਤੱਕ ਉੱਥੇ ਹੀ ਬੈਠੇਗਾ ਜਿਸ ਨਾਲ ਧਰਨਾਕਾਰੀ ਕਿਸਾਨਾਂ ਦੀ ਗਿਣਤੀ 'ਚ ਹਰ ਰੋਜ 500 ਦਾ ਵਾਧਾ ਹੁੰਦਾ ਜਾਵੇਗਾ। ਜਦੋਂ ਹੀ ਕਿਸਾਨੀ ਕਾਨੂੰਨ ਰੱਦ ਹੋਣ ਅਤੇ ਐੱਮ.ਐੱਸ.ਪੀ. ਦੀ ਗਰੰਟੀ ਦੇਣ ਦਾ ਕਾਨੂੰਨ ਪਾਸ ਹੋ ਗਿਆ ਅਤੇ ਕਿਸਾਨਾਂ ਦੀਆਂ ਬਾਕੀ ਮੰਗਾਂ ਲਈ ਪ੍ਰਧਾਨ ਮੰਤਰੀ ਨਾਲ ਕਿਸਾਨਾਂ ਦੀ ਮੀਟਿੰਗ 'ਚ ਹੱਲ ਨਹੀਂ ਨਿਕਲਦਾ ਉਸ ਸਮੇਂ ਤੱਕ ਮੋਰਚਾ ਬਾਦਸਤੂਰ ਇਸੇ ਤਰ੍ਹਾਂ ਚਲਦਾ ਰਹੇਗਾ ਅਤੇ ਜਦੋਂ ਇਹ ਮੰਗਾਂ ਮੰਨ ਲਈਆਂ ਗਈਆਂ ਉਸੇ ਸਮੇਂ ਜਿੱਤ ਦਾ ਜਸ਼ਨ ਮਨਾਉਂਦੇ ਹੋਏ ਕਿਸਾਨ ਵਾਪਸ ਆਪਣੇ ਘਰਾਂ ਨੂੰ ਮੁੜ ਆਉਣਗੇ।

ਸੋ ਕਿਸਾਨ ਮੋਰਚੇ ਕਾਰਨ ਲੋਕਤੰਤਰ ਅਤੇ ਦੇਸ਼ ਦੇ ਸੰਵਿਧਾਨ ਜਿਸ ਦਾ ਵੱਡੀ ਪੱਧਰ 'ਤੇ ਘਾਣ ਹੋ ਰਿਹਾ ਸੀ ਉਹ ਮੁੜ ਬਹਾਲ ਹੋਣ ਦੇ ਰਾਹ ਪਿਆ ਹੈ; ਸਿਆਸੀ ਪਾਰਟੀਆਂ ਜਿਹੜੀਆਂ ਝੂਠੇ ਵਾਅਦੇ ਕਰਕੇ ਸਤਾ 'ਚ ਆ ਕੇ ਮਨਮਾਨੀਆਂ ਕਰਦੀਆਂ ਸਨ ਉਨ੍ਹਾਂ ਨੂੰ ਲੋਕ ਏਕਤਾ ਸਾਹਮਣੇ ਝੁਕਣ ਲਈ ਮਜ਼ਬੂਰ ਹੋਣਾ ਪਿਆ ਹੈ; ਪੰਥ, ਪੰਜਾਬ ਅਤੇ ਕਿਸਾਨਾਂ ਦੇ ਹਿੱਤਾਂ ਲਈ ਲੜਨ ਵਾਲਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਜਿਹੜਾ ਕੁਰਸੀ ਖਾਤਰ ਪਿਛਲੇ 25 ਸਾਲਾਂ ਤੋਂ ਭਾਜਪਾ ਦੀ ਝੋਲੀ 'ਚ ਪੈ ਕੇ ਪੰਥ, ਪੰਜਾਬ ਅਤੇ ਕਿਸਾਨਾਂ ਵਿਰੁੱਧ ਭਾਜਪਾ/ਆਰ.ਐੱਸ.ਐੱਸ. ਦੇ ਹਰ ਫੈਸਲੇ ਅਤੇ ਕਦਮ ਦੀ ਜੋਰਦਾਰ ਢੰਗ ਨਾਲ ਹਿਮਾਇਤ ਕਰਦਾ ਰਿਹੈ ਉਸ ਨੂੰ ਭਾਜਪਾ ਨਾਲੋਂ ਆਪਣਾ ਗੱਠਜੋੜ ਤੋੜਨ ਅਤੇ ਕੇਂਦਰੀ ਮੰਤਰੀ ਮੰਡਲ 'ਚੋਂ ਅਸਤੀਫ਼ਾ ਦੇਣ ਲਈ ਮਜ਼ਬੂਰ ਹੋਣਾ ਪਿਆ ਹੈ, ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਮੁੜ ਮੰਗ ਕਰਨੀ ਸ਼ੁਰੂ ਕਰ ਦਿੱਤੀ ਜਦੋਂ ਕਿ ਪਹਿਲਾਂ ਇਹੀ ਬਾਦਲ ਦਲ ਸੂਬਿਆਂ ਦੇ ਅਧਿਕਾਰਾਂ 'ਤੇ ਕੇਂਦਰ ਵੱਲੋਂ ਛਾਪਾ ਮਾਰਨ ਦੇ ਹਰ ਫੈਸਲੇ ਦੇ ਹੱਕ 'ਚ ਭੁਗਤਦਾ ਰਿਹਾ ਹੈ। ਸਾਰੀਆਂ ਹੀ ਸਿਆਸੀ ਪਾਰਟੀਆਂ ਕਿਸਾਨ ਏਜੰਡੇ ਮੁਤਾਬਿਕ ਆਪਣੇ ਪ੍ਰੋਗਰਾਮ ਉਲੀਕਣ ਲਈ ਮਜ਼ਬੂਰ ਹੋ ਰਹੀਆਂ ਹਨ। ਜਿੱਥੇ ਚੋਣਾਂ ਦੌਰਾਨ ਆਗੂਆਂ ਨੂੰ ਲੋਕ ਆਪਣੇ ਘਰਾਂ 'ਚ ਸੱਦ ਕੇ ਨੋਟਾਂ ਦੇ ਹਾਰ ਪਾਉਂਦੇ ਅਤੇ ਕਾਜੂ ਬਦਾਮ ਤੇ ਕਾਜੂ ਬਰਫੀ ਨਾਲ ਸੇਵਾ ਕਰਦੇ ਸਨ ਉੱਥੇ ਅੱਜ ਉਨ੍ਹਾਂ ਨੂੰ ਸਵਾਲ ਪੁੱਛੇ ਜਾ ਰਹੇ ਹਨ ਕਿ ਪਿਛਲੀਆਂ ਚੋਣਾਂ 'ਚ ਕੀਤੇ ਵਾਅਦੇ ਪੂਰੇ ਕਿਉਂ ਨਹੀਂ ਕੀਤੇ ਅਤੇ ਹੁਣ ਕੀਤੇ ਜਾ ਰਹੇ ਵਾਅਦਿਆਂ ਨੂੰ ਪੂਰਾ ਕਰਨ ਲਈ ਪੈਸਾ ਕਿੱਥੋਂ ਲਿਆਵੋਗੇ? **ਸੱਚ ਪੁੱਛੋ ਤਾਂ ਕਿਸਾਨ ਮੋਰਚੇ ਨੇ ਸਿੱਖਾਂ ਵਲੋਂ ਵਿਦੇਸ਼ੀ ਜਰਵਾਣੇ ਅਤੇ ਜੁਲਮੀ ਲੁਟੇਰਿਆਂ ਦਾ ਰਾਹ ਰੋਕਣ, ਜਾਲਮ ਮੁਗਲ ਸਰਕਾਰ ਦਾ ਤਖ਼ਤਾ ਪਲਟਣ ਅਤੇ ਅੰਗਰੇਜ਼ ਸਰਕਾਰ ਤੋਂ ਭਾਰਤ ਨੂੰ ਆਜ਼ਾਦੀ ਦਿਵਾਉਣ 'ਚ ਪਾਏ ਅਹਿਮ ਯੋਗਦਾਨ ਦਾ ਇਤਿਹਾਸ ਮੁੜ ਸਿਤਾਰੇ ਵਾਂਗ ਚਮਕਾ ਦਿੱਤਾ ਹੈ, ਜਿਸ ਨੂੰ ਹੁਣ ਤੱਕ ਦੀ ਹਰ ਕੇਂਦਰੀ ਅਤੇ ਸੂਬਿਆਂ ਦੀਆਂ ਸਰਕਾਰਾਂ ਮਨਫ਼ੀ ਕਰਨ ਦੀਆਂ ਭਰਪੂਰ ਕੋਸ਼ਿਸ਼ਾਂ ਕਰ ਰਹੀਆਂ ਸਨ।**

ਇਸ ਤਰ੍ਹਾਂ ਕਿਸਾਨ ਮੋਰਚੇ ਨੇ ਕੇਵਲ ਭਾਰਤ ਹੀ ਨਹੀਂ ਬਲਕਿ ਪੂਰੇ ਸੰਸਾਰ 'ਚ ਇਹ ਸੰਦੇਸ਼ ਪਹੁੰਚਾ ਦਿੱਤਾ ਹੈ ਕਿ ਏਕਤਾ ਅਤੇ ਭਾਈਚਾਰਕ ਸਾਂਝ 'ਚ ਬਲ ਹੈ ਜਦੋਂ ਕਿ ਸੰਪ੍ਰਦਾਇਕ ਝਗੜੇ ਅਤੇ ਦੰਗੇ ਕਿਸੇ ਸਿਆਸੀ ਪਾਰਟੀ ਲਈ ਲਾਭਦਾਇਕ ਹੋਣ ਕਰਕੇ ਸਿਆਸੀ ਸ਼ਹਿ ਤੇ ਕਰਵਾ ਕੇ ਦੇਸ਼ ਅਤੇ ਲੋਕਾਂ ਦਾ ਭਾਰੀ ਨੁਕਸਾਨ ਕੀਤਾ ਜਾ ਰਿਹੈ ਜਿਸ ਤੋਂ ਬਚਣ ਦਾ ਫ਼ਾਰਮੂਲਾ ਕਿਸਾਨ ਜਥੇਬੰਦੀਆਂ ਤੋਂ ਸਿੱਖਣ ਦੀ ਲੋੜ ਹੈ।

**ਸੰਪਾਦਕੀ ਬੋਰਡ ਵਲੋਂ-** 19 ਨਵੰਬਰ ਦੇ ਐਲਾਨ ਤੋਂ ਬਾਅਦ ਸਰਕਾਰ ਨੇ ਲੋਕ ਸਭਾ ਅਤੇ ਰਾਜ ਸਭਾ ਵਿੱਚ ਬਿੱਲ ਰੱਦ ਕਰਵਾ ਕੇ ਰਾਸ਼ਟਰਪਤੀ ਤੋਂ ਦਸਤਖ਼ਤ ਕਰਵਾਏ। ਪਰ ਕਿਸਾਨਾਂ ਨੇ ਐਮ.ਐੱਸ.ਪੀ., ਪਰਾਲੀ ਕਾਨੂੰਨ ਅਤੇ ਬਿਜਲੀ ਸੋਧ ਬਿਲਾਂ ਸੰਬੰਧੀ ਲਿਖਤੀ ਗਰੰਟੀ ਮੰਗੀ ਅਤੇ 10 ਦਸੰਬਰ 2021 ਨੂੰ ਸਰਕਾਰ ਵਲੋਂ ਦਸਤਖ਼ਤ ਹੋਣ ਤੋਂ ਬਾਅਦ ਮੋਰਚੇ ਨੂੰ ਮੁਲਤਵੀ ਕਰ ਦਿੱਤਾ ਗਿਆ ਅਤੇ 11 ਦਸੰਬਰ ਸਵੇਰੇ 9 ਵਜੇ ਅਰਦਾਸ ਕਰਕੇ ਘਰਾਂ ਨੂੰ ਰਵਾਨਾ ਹੋ ਗਏ।

-0-




# ਆਓ ਜਾਣੀਏ ਜਹਾਜ਼ ਵਿਚਲੇ ਬਲੈਕ ਬਾਕਸ ਬਾਰੇ

**-ਸ਼ਮਸ਼ੇਰ ਸਿੰਘ ਸੋਹੀ** -ਪਿੰਡ ਸੋਹੀਆਂ, ਡਾਕ: ਚੀਮਾ ਖੁੱਡੀ, ਜ਼ਿਲ੍ਹਾ ਗੁਰਦਾਸਪੁਰ

ਪਿਆਰੇ ਬੱਚਿਓ, ਪਿਛਲੇ ਦਿਨੀਂ ਹੈਲੀਕਾਪਟਰ ਹਾਦਸੇ ਵਿਚ ਸਾਡੇ ਦੇਸ਼ ਦੇ ਪਹਿਲੇ ਚੀਫ਼ ਆਫ਼ ਡਿਫੈਂਸ ਸਟਾਫ਼ ਜਨਰਲ ਬਿਪਿਨ ਰਾਵਤ, ਪਤਨੀ ਮਧੁਲਿਕਾ ਤੇ ਉਨ੍ਹਾਂ ਦੇ ਨਾਲ ਸਫ਼ਰ ਕਰ ਰਹੇ ਜਵਾਨਾਂ ਦੇ ਮਾਰੇ ਜਾਣ ਦੀ ਖ਼ਬਰ ਨੇ ਦੇਸ਼ ਵਾਸੀਆਂ ਦੇ ਦਿਲ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਜਦੋਂ ਵੀ ਕਦੇ ਅਜਿਹਾ ਹਾਦਸਾ ਹੁੰਦਾ ਹੈ ਤਾਂ ਸਾਰੇ ਲੋਕ ਇਹ ਚਾਹੁੰਦੇ ਹਨ ਕਿ ਹਾਦਸੇ ਦੇ ਕਾਰਨਾ ਦਾ ਪਤਾ ਲੱਗੇ। ਜਾਂਚ ਕਰ ਰਹੇ ਅਧਿਕਾਰੀ ਹੈਲੀਕਾਪਟਰ ਜਾਂ ਜਹਾਜ਼ ਵਿਚ ਲੱਗਾ ਬਲੈਕ ਬਾਕਸ ਲੱਭ ਕੇ ਉਸ ਵਿਚੋਂ ਪ੍ਰਾਪਤ ਜਾਣਕਾਰੀ ਦੇ ਆਧਾਰ ਤੇ ਹਾਦਸੇ ਦਾ ਕਾਰਨ ਪਤਾ ਕਰਦੇ ਹਨ। ਬਲੈਕ ਬਾਕਸ ਦੀ ਮਦਦ ਨਾਲ ਅਸੀਂ ਜਾਣ ਸਕਦੇ ਹਾਂ ਕਿ ਇਹ ਹਾਦਸਾ ਕਿਉਂ ਤੇ ਕਿਸ ਸਥਿਤੀ ਵਿਚ ਵਾਪਰਿਆ, ਹਾਦਸੇ ਤੋਂ ਪਹਿਲਾਂ ਪਾਇਲਟਾਂ ਦੀ ਆਪਸੀ ਤੇ ਹਵਾਈ ਟ੍ਰੈਫਿਕ ਕੰਟਰੋਲ ਨਾਲ ਹੋਈ ਗੱਲਬਾਤ, ਜਹਾਜ਼ ਦੀ ਰਫ਼ਤਾਰ, ਪਾਇਲਟ ਦੀ ਗ਼ਲਤੀ ਜਾਂ ਤਕਨੀਕੀ ਖ਼ਰਾਬੀ ਤੇ ਹੋਰ ਬਹੁਤ ਸਾਰੀਆਂ ਜਾਣਕਾਰੀਆਂ ਇਹ ਬਲੈਕ ਬਾਕਸ ਸਾਨੂੰ ਦਿੰਦਾ ਹੈ।

ਬਲੈਕ ਬਾਕਸ ਦਾ ਜਨਮ ਉਦੋਂ ਹੋਇਆ ਜਦੋਂ ਦੂਜੇ ਵਿਸ਼ਵ ਯੁੱਧ ਵਿਚ ਬ੍ਰਿਟਿਸ਼ ਫ਼ੌਜੀਆਂ ਨੂੰ ਜਹਾਜ਼ ਕ੍ਰੈਸ਼ ਹੋਣ ਦੇ ਕਾਰਨਾਂ ਦਾ ਪਤਾ ਨਹੀਂ ਸੀ ਲਗਦਾ। ਇਸ ਦੀ ਖੋਜ ਦਾ ਸਿਹਰਾ ਆਸਟ੍ਰੇਲੀਆ ਦੇ ਵਿਗਿਆਨੀ ਡੇਵਿਡ ਵਾਰੇਨ ਨੂੰ ਜਾਂਦਾ ਹੈ। ਉਸ ਦੇ ਪਿਤਾ ਦੀ ਮੌਤ ਵੀ ਜਹਾਜ਼ ਹਾਦਸੇ ਨਾਲ ਹੋਈ ਸੀ। ਉਸ ਵਲੋਂ ਤਿਆਰ ਕੀਤਾ ਇਹ ਉਪਕਰਨ ਲਾਲ ਰੰਗ ਦਾ ਸੀ। ਭਾਵੇਂ ਕਿ ਇਸ ਇਲੈਕਟ੍ਰਾਨਿਕ ਰਿਕਾਰਡਿੰਗ ਉਪਕਰਨ ਦਾ ਨਾਂਅ ਬਲੈਕ ਬਾਕਸ ਹੈ ਪਰ ਇਸਦਾ ਰੰਗ ਗੂੜ੍ਹਾ ਸੰਤਰੀ ਹੁੰਦਾ ਹੈ। ਜਹਾਜ਼ ਦੇ ਮਲਬੇ 'ਚੋਂ ਇਸ ਨੂੰ ਲੱਭਣ ਵਿਚ ਮੁਸ਼ਕਲ ਨਾ ਆਵੇ ਇਸ ਲਈ ਇਸ ਦਾ ਰੰਗ ਬਦਲਿਆ ਗਿਆ ਸੀ।




ਇਸ ਨੂੰ ਫਲਾਈਟ ਰਿਕਾਰਡਰ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਇਸ ਵਿਚ ਇਕ ਮੈਮੋਰੀ ਚਿੱਪ ਹੁੰਦੀ ਹੈ ਜਿੱਥੇ ਸਾਰੀ ਜਾਣਕਾਰੀ ਰਿਕਾਰਡ ਰਹਿੰਦੀ ਹੈ। ਇਹ ਦੋ ਤਰ੍ਹਾਂ ਦੇ ਹੁੰਦੇ ਹਨ। ਐੱਫ.ਡੀ.ਆਰ ਤੇ ਸੀ.ਵੀ.ਆਰ। ਇਨ੍ਹਾਂ ਦੋਵਾਂ ਨੂੰ ਜੋੜ ਕੇ ਇਕ ਡੱਬਾ ਨੁਮਾ ਆਕਾਰ ਦਾ ਇਹ ਯੂਨਿਟ ਹੁੰਦਾ ਹੈ। ਇਹ ਸਟੀਲ ਜਾਂ ਟਾਈਟੇਨੀਅਮ ਦਾ ਬਣਿਆ ਹੁੰਦਾ ਹੈ। ਜ਼ਿਆਦਾ ਗਰਮੀ, ਠੰਢ ਤੇ ਪਾਣੀ ਵਿਚ ਵੀ ਬਲੈਕ ਬਾਕਸ ਨੂੰ ਕੁਝ ਨਹੀਂ ਹੁੰਦਾ। ਉਚਾਈ ਤੋਂ ਡਿਗਣ ਤੇ ਇਹ ਟੁੱਟਦਾ ਵੀ ਨਹੀਂ ਤੇ ਅੱਗ ਦਾ ਪ੍ਰਭਾਵ ਵੀ ਇਸ 'ਤੇ ਨਹੀਂ ਹੁੰਦਾ। ਬਲੈਕ ਬਾਕਸ ਨੂੰ ਜਹਾਜ਼ ਦੀ ਪੂਛ ਵਿਚ ਫਿੱਟ ਕੀਤਾ ਜਾਂਦਾ ਹੈ ਤਾਂ ਕਿ ਜਦੋਂ ਵੀ ਕਦੇ ਜਹਾਜ਼ ਹਾਦਸੇ ਦਾ ਸ਼ਿਕਾਰ ਹੋਵੇ ਤਾਂ ਇਸ 'ਤੇ ਘੱਟ ਤੋਂ ਘੱਟ ਪ੍ਰਭਾਵ ਪਵੇ। ਬਲੈਕ ਬਾਕਸ ਵਿਚ ਪਾਇਲਟਾਂ ਦੀ ਆਪਸੀ ਗੱਲਬਾਤ ਵੀ ਰਿਕਾਰਡ ਹੁੰਦੀ ਹੈ ਇਸ ਕਰਕੇ ਦੋ ਘੰਟੇ ਬਾਅਦ ਪਹਿਲੀ ਜਾਣਕਾਰੀ ਡਿਲੀਟ ਹੋ ਜਾਂਦੀ ਹੈ ਤੇ ਨਵੀਂ ਭਰਨੀ ਸ਼ੁਰੂ ਹੋ ਜਾਂਦੀ ਹੈ। ਪਾਇਲਟ ਇਸ ਰਿਕਾਰਡ ਹੋ ਰਹੀ ਜਾਣਕਾਰੀ ਨੂੰ ਮਿਟਾ ਵੀ ਸਕਦਾ ਹੈ ਪਰ ਉਹ ਅਜਿਹਾ ਕਰਦਾ ਨਹੀਂ।

ਬਲੈਕ ਬਾਕਸ ਯੂ.ਏ.ਐਲ.ਵੀ ਨਾਲ ਲੈਸ ਹੁੰਦਾ ਹੈ। ਕਈ ਵਾਰ ਜਦੋਂ ਜਹਾਜ਼ ਕ੍ਰੈਸ਼ ਹੋ ਕੇ ਸਮੁੰਦਰ ਵਿਚ ਡਿੱਗ ਜਾਂਦਾ ਹੈ ਤਾਂ ਇਹ ਉਪਕਰਨ ਮਹੀਨੇ ਤਕ ਡੂੰਘਾਈ ਤੋਂ ਵੀ ਆਡੀਓ ਉਪਕਰਨਾਂ ਨਾਲ ਡਿਟੈਕਟ ਹੋਣ ਵਾਲੀ ਅਲਟ੍ਰਾਸੋਨਿਕ ਪੱਲਸ ਭੇਜਦਾ ਰਹਿੰਦਾ ਹੈ, ਪਰ ਜਦੋਂ ਜਹਾਜ਼ ਜ਼ਮੀਨ 'ਤੇ ਕ੍ਰੈਸ਼ ਹੁੰਦਾ ਹੈ ਤਾਂ ਇਹ ਅਲਟ੍ਰਾਸੋਨਿਕ ਪਿੰਗ ਨਹੀਂ ਭੇਜਦਾ। ਇਹ ਉਪਕਰਨ ਬੈਟਰੀ ਖ਼ਤਮ ਹੋਣ ਤਕ ਸੰਕੇਤ ਭੇਜਦਾ ਰਹਿੰਦਾ ਹੈ। ਜਦੋਂ ਇਹ ਉਪਕਰਨ ਜਾਂਚ ਅਧਿਕਾਰੀਆਂ ਨੂੰ ਮਿਲ ਜਾਂਦਾ ਹੈ ਤਾਂ ਇਸ ਵਿਚਲੀ ਜਾਣਕਾਰੀ ਨਾਲ ਉਹ ਦੋ ਕੁ ਹਫ਼ਤਿਆਂ ਦੇ ਸਮੇਂ ਵਿਚ ਜਹਾਜ਼ ਹਾਦਸੇ ਦੇ ਕਾਰਨਾਂ ਦਾ ਪਤਾ ਲਗਾ ਲੈਂਦੇ ਹਨ।

-0-

# ਬੀਰਬਲ ਦੀ ਖਿਚੜੀ

**-ਸਫਰੀ ਸਠਿਆਲਾ ਮੋਬਾਈਲ**
**# 81460-04540**

ਪਿਆਰੇ ਬੱਚਿਓ, ਤੁਸੀਂ ਅਕਬਰ ਅਤੇ ਬੀਰਬਲ ਬਾਰੇ ਪੜ੍ਹਿਆ ਹੋਵੇਗਾ। ਅੱਜ ਮੈਂ ਤੁਹਾਨੂੰ ਦੱਸਾਂਗਾ ਬੀਰਬਲ ਦੀ ਖਿਚੜੀ ਬਾਰੇ। ਬਾਦਸ਼ਾਹ ਅਕਬਰ ਤੇ ਮੰਤਰੀ ਬੀਰਬਲ ਮਹਿਲ ਵਿਚ ਟਹਿਲ ਰਹੇ ਸਨ। ਬਾਦਸ਼ਾਹ ਅਕਬਰ ਨੇ ਕਿਹਾ ਠੰਢ ਬਹੁਤ ਪੈ ਰਹੀ ਹੈ। ਇਸ ਕਰਕੇ ਲੋਕ ਬਾਹਰ ਨਹੀਂ ਆ ਰਹੇ। ਬੀਰਬਲ ਨੇ ਬਾਦਸ਼ਾਹ ਨੂੰ ਕਿਹਾ ਕਿ ਲੋਕ ਠੰਢ ਵਿਚ ਆਪਣੀਆਂ ਲੋੜਾਂ ਕਰਕੇ ਬਾਹਰ ਆ ਸਕਦੇ ਹਨ। ਬੀਰਬਲ ਨੇ ਕਿਹਾ ਲੋਕ ਪੈਸੇ ਲਈ ਕੁਝ ਵੀ ਕਰ ਸਕਦੇ ਹਨ। ਬਾਦਸ਼ਾਹ ਨੇ ਕਿਹਾ ਕਿ ਬੀਰਬਲ ਤੁਸੀਂ ਹਮੇਸ਼ਾ ਮੇਰੇ ਫ਼ੈਸਲੇ ਦੇ ਖਿਲਾਫ਼ ਜਾਂਦੇ ਹੋ ਤੇ ਬੀਰਬਲ ਨੇ ਕਿਹਾ ਕਿ ਨਹੀਂ ਹਜ਼ੂਰ, ਮੈਂ ਸਾਬਤ ਕਰ ਸਕਦਾ ਹਾਂ। ਅਗਲੇ ਦਿਨ ਇਕ ਗ਼ਰੀਬ ਆਦਮੀ ਨੂੰ ਦਰਬਾਰ ਵਿਚ ਪੇਸ਼ ਕੀਤਾ ਗਿਆ ਤਾਂ ਬਾਦਸ਼ਾਹ ਨੇ ਗ਼ਰੀਬ ਆਦਮੀ ਨੂੰ ਕਿਹਾ ਕਿ ਠੰਢੇ ਪਾਣੀ ਵਿਚ ਸਾਰੀ ਰਾਤ ਖੜ੍ਹੇ ਹੋਣ 'ਤੇ ਸੋਨੇ ਦੀਆਂ ਮੋਹਰਾਂ ਮਿਲਣਗੀਆਂ ਤੇ ਗ਼ਰੀਬ ਆਦਮੀ ਝਟ ਮੰਨ ਗਿਆ। ਬਾਦਸ਼ਾਹ ਨੇ ਦੋ ਸੈਨਿਕ ਗ਼ਰੀਬ ਗੰਗਾ ਰਾਮ 'ਤੇ ਧਿਆਨ ਰੱਖਣ ਲਈ ਖੜ੍ਹੇ ਕੀਤੇ। ਬਾਦਸ਼ਾਹ ਨੇ ਕਿਹਾ ਇਸ ਆਦਮੀ ਦੀ ਚੰਗੀ ਸੇਵਾ ਕੀਤੀ ਜਾਵੇ, ਸ਼ਾਇਦ ਅੱਜ ਇਸ ਦੀ ਆਖਰੀ ਰਾਤ ਹੋਵੇਗੀ।

ਅਗਲੇ ਦਿਨ ਬੀਰਬਲ ਦਰਬਾਰ ਵਿਚ ਹਾਜ਼ਰ ਹੋਇਆ ਤੇ ਗੰਗਾ ਰਾਮ ਨੂੰ ਪੇਸ਼ ਕੀਤਾ। ਗੰਗਾ ਰਾਮ ਨੂੰ ਵੇਖ ਕੇ ਬਾਦਸ਼ਾਹ ਹੈਰਾਨ ਹੋ ਗਿਆ। ਗੰਗਾ ਰਾਮ ਨੂੰ ਪੁੱਛਿਆ ਗਿਆ। ਗੰਗਾ ਰਾਮ ਤੂੰ ਠੰਢੇ ਪਾਣੀ ਦੇ ਤਲਾਬ ਵਿਚ ਰਾਤ ਕਿਵੇਂ ਗੁਜ਼ਾਰੀ ਤਾਂ ਉਸ ਨੇ ਕਿਹਾ ਕਿ ਬਾਦਸ਼ਾਹ ਹਜ਼ੂਰ, ਮੈਂ ਤੁਹਾਡੇ ਮਹਿਲ 'ਚ ਜਗਦੀ ਰੌਸ਼ਨੀ ਦੀ ਲੋਅ ਵੱਲ ਵੇਖ ਕੇ ਕੱਟੀ ਹੈ। ਬਾਦਸ਼ਾਹ ਨੇ ਗੁੱਸੇ ਵਿਚ ਕਿਹਾ ਕਿ ਤੂੰ ਧੋਖਾ ਕੀਤਾ ਹੈ। ਗੰਗਾ ਰਾਮ ਤੈਨੂੰ ਰੌਸ਼ਨੀ ਦੀ ਲੋਅ ਦੀ ਗਰਮੀ ਮਿਲਣ ਨਾਲ ਨਿੱਘਾ ਮਿਲਦਾ ਰਿਹਾ ਹੈ। ਬਾਦਸ਼ਾਹ ਨੇ ਆਪਣੇ ਸੈਨਿਕਾਂ ਨੂੰ ਹੁਕਮ ਦਿੱਤਾ ਕਿ ਇਹ ਆਦਮੀ ਇਨਾਮ ਦਾ ਹੱਕਦਾਰ ਨਹੀਂ ਹੈ। ਇਸ ਨੂੰ ਦਰਬਾਰ ਵਿਚੋਂ ਬਾਹਰ ਕੱਢ ਦਿਉ। ਬਾਦਸ਼ਾਹ ਨੇ ਕਿਹਾ ਕਿ ਬੀਰਬਲ ਤੁਸੀਂ ਹਾਰ ਗਏ ਹੋ। ਬੀਰਬਲ ਨੇ ਕਿਹਾ ਮੈਨੂੰ ਘਰ ਜਾਣ ਦੀ ਆਗਿਆ ਦਿਉ ਬਾਦਸ਼ਾਹ। ਬੀਰਬਲ ਘਰ ਚਲੇ ਗਿਆ। ਪੰਜ ਦਿਨ ਬੀਰਬਲ ਦੇ ਨਾ ਆਉਣ 'ਤੇ ਬਾਦਸ਼ਾਹ ਅਕਬਰ ਬੀਰਬਲ ਨੂੰ ਦਰਬਾਰ ਵਿਚ ਬੁਲਾਉਣ ਲਈ ਇਕ ਦਰਬਾਰੀ ਨੂੰ ਭੇਜਿਆ ਗਿਆ। ਉਸ ਨੇ ਬਾਦਸ਼ਾਹ ਨੂੰ ਕਿਹਾ ਕਿ ਉਹ ਖਾਣਾ ਪਕਾ ਰਿਹਾ ਹੈ। ਅਗਲੇ ਦਿਨ ਫਿਰ ਬੀਰਬਲ ਨਾ ਆਇਆ ਤਾਂ ਦਰਬਾਰੀ ਨੇ ਫਿਰ ਕਿਹਾ ਕਿ



ਉਹ ਖਾਣਾ ਪਕਾ ਰਿਹਾ ਹੈ। ਅਕਬਰ ਬਾਦਸ਼ਾਹ ਬੀਰਬਲ ਦੇ ਘਰ ਗਿਆ ਤਾਂ ਉਸ ਨੇ ਬਾਂਸ ਦੇ ਤਿੰਨ ਡੰਡਿਆਂ ਤੇ ਹਾਂਡੀ ਟੰਗ ਕੇ ਹੇਠ ਅੱਗ ਬਾਲੀ ਵੇਖੀ ਤਾਂ ਅਕਬਰ ਨੇ ਬੀਰਬਲ ਨੂੰ ਪੁੱਛਿਆ, ਤੁਸੀਂ ਕੀ ਪਕਾ ਰਹੇ ਹੋ? ਬੀਰਬਲ ਨੇ ਕਿਹਾ ਕਿ ਉਹ ਖਿਚੜੀ ਪਕਾ ਰਿਹਾ ਹੈ। ਬਾਦਸ਼ਾਹ ਨੇ ਕਿਹਾ ਕਿ ਏਨੀ ਉਚਾਈ 'ਤੇ ਕਿਵੇਂ ਤੇਰੀ ਖਿਚੜੀ ਪੱਕੇਗੀ? ਬੀਰਬਲ ਨੇ ਬਾਦਸ਼ਾਹ ਨੂੰ ਕਿਹਾ ਕਿ ਜਿਸ ਤਰ੍ਹਾਂ ਗ਼ਰੀਬ ਆਦਮੀ ਨੂੰ ਠੰਢੇ ਤਲਾਬ ਵਿਚ ਖੜ੍ਹੇ ਹੋ ਕੇ ਤੁਹਾਡੇ ਮਹਿਲ ਵਿਚੋਂ ਰੌਸ਼ਨੀ ਦੀ ਲੋਅ ਨਾਲ ਗਰਮੀ ਮਿਲੀ ਸੀ। ਉਸੇ ਤਰ੍ਹਾਂ ਮੇਰੀ ਖਿਚੜੀ ਪੱਕ ਜਾਵੇਗੀ। ਬਾਦਸ਼ਾਹ ਨੇ ਕਿਹਾ ਕਿ ਬੀਰਬਲ ਤੂੰ ਜਿੱਤ ਗਿਆ ਹੈ। ਅਗਲੇ ਦਿਨ ਬਾਦਸ਼ਾਹ ਅਕਬਰ ਨੇ ਗੰਗਾ ਰਾਮ ਤੇ ਬੀਰਬਲ ਨੂੰ ਸੋਨੇ ਦੀਆ ਮੋਹਰਾਂ ਦੀ ਥੈਲੀਆਂ ਨਾਲ ਸਨਮਾਨਿਤ ਕੀਤਾ।-0-

## ਬਾਲ ਕਹਾਣੀ: ਖਿਡੌਣਾ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਰੇਸੀ ਗਰਾਊਂਡ ਵਿਚ ਦੁਸਹਿਰੇ ਦਾ ਮੇਲਾ ਲੱਗਿਆ ਹੋਇਆ ਸੀ। ਨੰਨੀ ਵੀ ਆਪਣੇ ਪਰਿਵਾਰ ਨਾਲ ਮੇਲਾ ਵੇਖਣ ਗਈ। ਮੇਲੇ ਵਿਚ ਬਹੁਤ ਸਾਰੇ ਲੋਕ ਆਏ ਹੋਏ ਸਨ। ਬਹੁਤ ਰੌਣਕ ਲੱਗੀ ਹੋਈ ਸੀ। ਉਥੇ ਬਹੁਤ ਸਾਰੀਆਂ ਦੁਕਾਨਾਂ ਸਜੀਆਂ ਹੋਈਆਂ ਸਨ, ਝੂਟੇ ਵੀ ਬਹੁਤ ਤਰ੍ਹਾਂ ਦੇ ਸਨ ਤੇ ਕਈ ਕਿਸਮ ਦੇ ਖੇਡ ਤਮਾਸ਼ੇ ਵੀ ਸਨ ਜੋ ਲੋਕਾਂ ਦਾ ਮਨੋਰੰਜਨ ਕਰ ਰਹੇ ਸਨ। ਬਹੁਤ ਸਾਰੇ ਲੋਕ ਦੁਕਾਨਾਂ ਤੋਂ ਚੀਜ਼ਾਂ ਖਰੀਦ ਰਹੇ ਸਨ। ਨੰਨੀ ਵੀ ਇਕ ਖਿਡੌਣਿਆਂ ਦੀ ਦੁਕਾਨ 'ਤੇ ਜਾ ਕੇ ਖੜ੍ਹੀ ਹੋ ਗਈ। ਉਥੇ ਉਸ ਨੂੰ ਇਕ ਖਿਡੌਣਾ ਪਸੰਦ ਆ ਗਿਆ, ਜਿਸ ਵਿਚ ਦੋ ਰੰਗ ਬਰੰਗੀਆਂ ਚਿੜੀਆਂ ਸਨ। ਨੰਨੀ ਨੂੰ ਦੁਕਾਨਦਾਰ ਨੇ ਉਸ ਖਿਡੌਣੇ ਵਿਚ ਦੋ ਸੈਲ ਪਾ ਕੇ ਕਿਹਾ, 'ਬੇਟੇ ਤਾੜੀ ਮਾਰ। ਜਦੋਂ ਨੰਨੀ ਨੇ ਆਪਣੇ ਹੱਥਾਂ ਨਾਲ ਜ਼ੋਰ ਦੀ ਤਾੜੀ ਮਾਰੀ ਤਾਂ ਚਿੜੀਆਂ ਬੋਲ ਪਈਆਂ ਕੀ ਏ... ਕੀ...ਏ। ਨੰਨੀ ਬਹੁਤ ਖੁਸ਼ ਹੋਈ। ਉਸ ਨੇ ਆਪਣੇ ਮੰਮੀ ਡੈਡੀ ਨੂੰ ਉਹੀ ਚਿੜੀਆਂ ਲੈ ਕੇ ਦੇਣ ਦੀ ਜ਼ਿੱਦ ਕੀਤੀ ਪਰ ਉਸ ਦੇ ਡੈਡੀ ਨੇ ਉਹ ਖਿਡੌਣਾ ਲੈ ਕੇ ਦੇਣ ਤੋਂ ਨਾਂਹ ਕਰ ਦਿੱਤੀ। ਨੰਨੀ ਨੇ ਫਿਰ ਜ਼ਿੱਦ ਕੀਤੀ ਤੇ ਅੱਖਾਂ ਵਿਚ ਅੱਥਰੂ ਭਰ ਲਏ। ਉਸ ਦੀ ਉਦਾਸੀ ਨੂੰ ਵੇਖ ਕੇ ਉਸ ਦੇ ਡੈਡੀ ਨੂੰ ਉਹੀ ਖਿਡੌਣਾ ਲੈ ਕੇ ਦੇਣਾ ਹੀ ਪਿਆ। ਨੰਨੀ ਤੇ ਉਸ ਦੇ ਪਰਿਵਾਰ ਵਾਲਿਆਂ ਨੇ ਕੁਝ ਖਾਧਾ ਪੀਤਾ, ਝੂਟੇ ਵੀ ਲਏ ਤੇ ਫਿਰ ਘਰ ਨੂੰ ਪਰਤ ਆਏ।

ਜਦੋਂ ਵੀ ਘਰ ਕੋਈ ਆਉਂਦਾ ਤਾਂ ਨੰਨੀ ਉਨ੍ਹਾਂ ਨੂੰ ਆਪਣਾ ਖਿਡੌਣਾ ਜ਼ਰੂਰ ਦਿਖਾਉਂਦੀ ਤੇ ਕੁਝ ਖੜਾਕ ਕਰਕੇ ਚਿੜੀਆਂ ਦੀ ਆਵਾਜ਼ ਕੀ : ਏ.. ਕੀ..ਏ. ਜ਼ਰੂਰ ਸੁਣਾਉਂਦੀ। ਸਾਰੇ ਬਹੁਤ ਖੁਸ਼ ਹੁੰਦੇ। ਇਕ ਦਿਨ ਘਰ ਸਾਰੇ ਸੁੱਤੇ ਪਏ ਸਨ ਕਿ ਅਚਾਨਕ ਚਿੜੀਆਂ ਦੀ ਆਵਾਜ਼ ਆਉਣ ਲੱਗ ਪਈ। ਨੰਨੀ ਦੀ ਨੀਂਦ ਖੁੱਲ੍ਹ ਗਈ। ਉਸ ਨੇ ਆਪਣੇ ਡੈਡੀ ਨੂੰ ਕਿਹਾ, "ਡੈਡੀ ਲਗਦਾ ਏ ਕੋਈ ਕਮਰੇ ਵਿਚ ਹੈ।" ਸੌਂ ਜਾ, ਸੌਂ ਜਾ, ਚੁੱਪ ਕਰਕੇ ਕੋਈ ਚੂਹੇ ਨੇ ਚੀਜ਼ ਸੁੱਟ ਦਿੱਤੀ ਹੋਣੀ ਏ ਖੜਾਕ ਕਰਕੇ ਚਿੜੀਆਂ ਦੀ ਆਵਾਜ਼ ਆ ਰਹੀ ਸੀ। ਥੋੜ੍ਹੀ ਦੇਰ ਬਾਅਦ ਫਿਰ ਚਿੜੀਆਂ ਦੀ ਆਵਾਜ਼ ਆਈ। ਹੁਣ ਨੰਨੀ ਦੇ ਡੈਡੀ ਚੌਕੰਨੇ ਹੋ ਗਏ। ਉਹ ਉੱਠੇ ਤੇ ਉਸ ਕਮਰੇ ਵਿਚ ਗਏ ਜਿਥੇ ਚਿੜੀਆਂ ਦਾ ਖਿਡੌਣਾ ਪਿਆ ਸੀ। ਉਥੇ ਉਹ ਦੇਖ ਕੇ ਹੈਰਾਨ ਹੋ ਗਏ ਕਿ ਦੋ ਆਦਮੀ ਕਮਰੇ ਵਿਚ ਪਈਆਂ ਹੋਈਆਂ ਅਲਮਾਰੀਆਂ ਫਰੋਲ ਰਹੇ ਸਨ ਤੇ ਕੁਝ ਸਾਮਾਨ ਉਨ੍ਹਾਂ ਨੇ ਇਕੱਠਾ ਕਰਕੇ ਫਰਸ਼ 'ਤੇ ਰੱਖ ਵੀ ਦਿੱਤਾ ਸੀ। ਨੰਨੀ ਦੇ ਡੈਡੀ ਨੇ ਜ਼ੋਰ ਜ਼ੋਰ ਦੀਆਂ ਆਵਾਜ਼ਾਂ ਮਾਰੀਆਂ ਚੋਰ... ਚੋਰ.. ਚੋਰ। ਉਨ੍ਹਾਂ ਦੀ ਆਵਾਜ਼ ਸੁਣ ਕੇ ਬਾਕੀ ਘਰ ਦੇ ਵੀ ਜਾਗ ਪਏ ਤੇ ਉਨ੍ਹਾਂ ਚੋਰਾਂ ਨੂੰ ਫੜ ਲਿਆ। ਉਨ੍ਹਾਂ ਨੇ ਫੋਨ ਕਰਕੇ ਪੁਲਿਸ ਨੂੰ ਵੀ ਬੁਲਾ ਲਿਆ।

ਜਦੋਂ ਪੁਲਿਸ ਆਈ ਤਾਂ ਉਨ੍ਹਾਂ ਨੇ ਉਸ ਖਿਡੌਣੇ ਬਾਰੇ ਦੱਸਿਆ ਜੋ ਉਨ੍ਹਾਂ ਨੇ ਮੇਲੇ ਵਿਚੋਂ ਖਰੀਦਿਆ ਸੀ ਜੋ ਕਿਸੇ ਕਿਸਮ ਦੀ ਵੀ ਖੜਾਕ ਸੁਣ ਕੇ.. ਕੀ ਏ... ਕੀ ਏ... ਕਰਕੇ ਬੋਲਦਾ ਸੀ। ਏਨੀ ਦੇਰ ਨੂੰ ਨੰਨ੍ਹੀ ਵੀ ਸੁੱਤੀ ਉੱਠ ਕੇ ਆ ਗਈ ਤੇ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਕਹਿਣ ਲੱਗੀ, "ਪੁਲਿਸ ਅੰਕਲ, ਮੇਰੇ ਡੈਡੀ ਤਾਂ ਮੈਨੂੰ ਇਹ ਖਿਡੌਣਾ ਲੈਣ ਨਹੀਂ ਦਿੰਦੇ ਸਨ ਪਰ ਮੈਂ ਜ਼ਿੱਦ ਕਰਕੇ ਖਿਡੌਣਾ ਲੈ ਹੀ ਲਿਆ। ਵੇਖਿਆ ਅੰਕਲ ਮੇਰੇ ਇਸ ਖਿਡੌਣੇ ਦਾ ਕਮਾਲ ਜਿਸ ਨੇ ਚੋਰਾਂ ਨੂੰ ਕੀ ਏ... ਕੀ ਏ... ਕਹਿ ਕੇ ਫੜਾ ਦਿੱਤਾ ਤੇ ਚੋਰੀ ਦੀ ਵਾਰਦਾਤ ਹੋਣ ਤੋਂ ਬਚਾ ਲਿਆ ਤੇ ਕੋਈ ਨੁਕਸਾਨ ਵੀ ਨਹੀਂ ਹੋਇਆ।" ਠੀਕ ਹੈ ਬੇਟਾ, ਤਦੇ ਤਾਂ ਕਹਿੰਦੇ ਹਨ ਕਦੀ ਖੋਟਾ ਸਿੱਕਾ ਵੀ ਕੰਮ ਆ ਜਾਂਦਾ ਹੈ। ਉਨ੍ਹਾਂ ਦੀ ਗੱਲ ਸੁਣ ਕੇ ਸਾਰੇ ਹੱਸ ਪਏ। ਪੁਲਿਸ ਵਾਲਿਆਂ ਨੇ ਉਨ੍ਹਾਂ ਚੋਰਾਂ ਨੂੰ ਗੱਡੀ ਵਿਚ ਬਿਠਾਇਆ ਤੇ ਅਗਲੀ ਕਾਰਵਾਈ ਲਈ ਆਪਣੇ ਨਾਲ ਲੈ ਗਏ। -0-

**ਬਾਲ ਕਵਿਤਾ:**

## ਗੂੜ੍ਹਾ ਸਿਆਲ

ਗੂੜ੍ਹਾ ਹੁਣ ਆ ਗਿਆ ਸਿਆਲ ਬੱਚਿਓ,
ਸਿਹਤ ਦਾ ਰੱਖਿਓ ਖਿਆਲ ਬੱਚਿਓ।
ਕਰਨੀ ਪੜ੍ਹਾਈ ਤੇ ਕੰਮਕਾਰ ਘਰ ਦੇ,
ਲਗ ਨਾ ਜਾਵੇ ਠੰਢ ਤੁਸੀਂ ਰਹਿਓ ਡਰਦੇ।
ਆਪੇ ਨੂੰ ਰੱਖਿਓ ਸੰਭਾਲ ਬੱਚਿਓ,
ਗੂੜ੍ਹਾ ਆ ਗਿਆ ਸਿਆਲ ਬੱਚਿਓ,
ਸਿਹਤ ਦਾ ਰੱਖਿਓ...।

ਗਰਮੀਆਂ ਵਾਲੇ ਕੱਪੜੇ ਹੁਣ ਪਾਇਓ ਨਾ,
ਬੂਟ ਤੇ ਜੁਰਾਬਾਂ ਸਿਰੋਂ ਟੋਪੀ ਲਾਹਿਓ ਨਾ,
ਹਵਾ ਤੋਂ ਬਚਾਵੇ ਗਰਮ ਸ਼ਾਲ ਬੱਚਿਓ,
ਸਿਹਤ ਦਾ ਰੱਖਿਓ...।

ਠੰਢੀ ਠੰਢੀ ਹਵਾ ਰੋਜ਼ ਰਵੇ ਵਗਦੀ,
ਬੱਚਿਆਂ ਤੇ ਬੁੱਢਿਆਂ ਨੂੰ ਜ਼ਿਆਦਾ ਲਗਦੀ,
ਪਾਓ ਕੋਟੀ ਸਵੈਟਰ ਪੈਂਟ ਨਾਲ ਬੱਚਿਓ,
ਗੂੜ੍ਹਾ ਹੁਣ ਆ ਗਿਆ ਸਿਆਲ ਬੱਚਿਓ,
ਸਿਹਤ ਦਾ ਰੱਖਿਓ...।

ਧੁੱਪੇ ਧੁੱਪੇ ਸਾਰੇ ਕੰਮ ਨੂੰ ਮੁਕਾਈਦਾ,
ਠੰਢ ਵਿਚ ਨਹੀਉਂ ਬਹੁਤਾ ਬਾਹਰ ਜਾਈਦਾ,
'ਹਰਪ੍ਰੀਤ ਪੱਤੋ' ਗੱਲ ਸੱਚੀ ਦੱਸਦਾ,
ਥੋੜੇ ਨਾਲ ਸਾਰਾ ਸੰਸਾਰ ਵੱਸਦਾ,
ਘੁੱਲ ਮਿਲ ਜਾਂਦੇ ਸਭ ਨਾਲ ਬੱਚਿਓ,
ਗੂੜ੍ਹਾ ਹੁਣ ਆ ਗਿਆ ਸਿਆਲ ਬੱਚਿਓ,
ਸਿਹਤ ਦਾ ਰੱਖਿਓ ਖਿਆਲ ਬੱਚਿਓ। -0-

# ਅਹੁਦੇ ਦੀ ਸੁਹਿਰਦ ਵਰਤੋਂ




–ਕੈਪਟਨ
ਅਵਤਾਰ ਸਿੰਘ
97819-90206


ਹਰ 5 ਸਾਲ ਬਾਅਦ ਚੋਣਾਂ ਹੁੰਦੀਆਂ ਹਨ, ਸਰਕਾਰਾਂ ਬਣਦੀਆਂ ਹਨ, ਬਦਲਦੀਆਂ ਹਨ। ਪਰ ਜਦੋਂ ਰਾਜਨੀਤਿਕ ਲੀਡਰ ਕੁਰਸੀ ’ਤੇ ਬੈਠ ਜਾਂਦੇ ਹਨ, ਉਹ ਕੀਤੇ ਹੋਏ ਵਾਅਦੇ ਤਾਂ ਭੁੱਲਦੇ ਹੀ ਹਨ ਸਗੋਂ ਲੋਕਾਂ ਦੀਆਂ ਆਮ ਲੋੜਾਂ, ਦੁੱਖ ਤਕਲੀਫਾਂ ਵਲੋਂ ਵੀ ਮੂੰਹ ਫੇਰ ਲੈਂਦੇ ਹਨ। ਉੱਚੇ ਅਹੁਦਿਆਂ ’ਤੇ ਬੈਠ ਕੇ ਆਪਣੀ ਤਾਕਤ ਦੀ ਦੁਰਵਰਤੋਂ ਕਰਦੇ ਹੋਏ ਲੋਕਾਂ ਦਾ ਭਲਾ ਕਰਨ ਦੀ ਬਜਾਏ ਉਹਨਾਂ ਦਾ ਬਣਦਾ ਹੱਕ ਵੀ ਖਾ ਜਾਂਦੇ ਹਨ।

ਜਿਵੇਂ ਭਾਰਤ ਸਰਕਾਰ ਨੇ ਕਿਸਾਨ ਵਿਰੋਧੀ ਬਿੱਲ ਪਾਸ ਕਰਕੇ ਕਾਨੂੰਨ ਬਣਾ ਦਿਤੇ ਅਤੇ ਹੋਰ




ਕਾਨੂੰਨ ਬਿਜਲੀ, ਪਰਾਲੀ ਸੰਬੰਧੀ ਪਾਸ ਕਰਨ ਦੀ ਤਿਆਰੀ ਵਿੱਚ ਸਨ ਪਰ ਪੰਜਾਬ ਦੇ ਜਾਗਰੂਕ ਕਿਰਸਾਨ ਵੀਰਾਂ ਨੇ ਕਾਲੇ ਕਾਨੂੰਨਾਂ ਦੇ ਵਿਰੋਧ ਵਿੱਚ ਮੋਰਚਾ ਆਰੰਭ ਕੀਤਾ, ਬੜੀਆਂ ਮੁਸ਼ਕਲਾਂ, ਚੁਣੌਤੀਆਂ ਦਾ ਮੁਕਾਬਲਾ ਕਰਦੇ ਹੋਏ ਕਾਫਲੇ ਨੂੰ ਵੱਡਾ ਕੀਤਾ ਅਤੇ ਇੱਕ ਸਾਲ ਸੜਕਾਂ 'ਤੇ ਬੈਠ ਕੇ ਸਰਕਾਰ ਨੂੰ ਕਾਨੂੰਨ ਵਾਪਸ ਲੈਣ ਵਾਸਤੇ ਮਜਬੂਰ ਕਰ ਦਿੱਤਾ। ਆਖਰਕਾਰ 19 ਨਵੰਬਰ 2021 ਨੂੰ ਗੁਰੂ ਨਾਨਕ ਸਾਹਿਬ ਦੇ ਆਗਮਨ ਪੁਰਬ ਵਾਲੇ ਦਿਨ ਪ੍ਰਧਾਨ ਮੰਤਰੀ ਨੇ ਮੁਆਫੀ ਮੰਗਦੇ ਹੋਏ ਕਾਨੂੰਨ ਵਾਪਸ ਲੈਣ ਦਾ ਐਲਾਨ ਕਰ ਦਿਤਾ।

ਇਨ੍ਹਾਂ ਰਾਜਨੀਤਿਕ ਲੀਡਰਾਂ ਤੋਂ ਭਰੋਸਾ ਏਨਾ ਉਠ ਗਿਆ ਸੀ ਕਿ ਜਿੰਨਾ ਚਿਰ ਰਾਸ਼ਟਰਪਤੀ ਦੇ ਦਸਤਖਤ ਨਹੀਂ ਹੋ ਗਏ, ਕਿਸਾਨ ਮੋਰਚਾ ਟੱਸ ਤੋਂ ਮੱਸ ਨਹੀਂ ਹੋਏ। ਆਖਰ 11 ਦਸੰਬਰ 2021 ਨੂੰ ਮੋਰਚਾ ਮੁਲਤਵੀ ਕਰ ਕੇ 13 ਦਸੰਬਰ ਨੂੰ ਦਰਬਾਰ ਸਾਹਿਬ ਨਤਮਸਤਕ ਹੋ ਕੇ ਆਪਣੇ ਘਰਾਂ ਵਿੱਚ ਪਹੁੰਚੇ।

ਮੇਰਾ ਕਹਿਣ ਦਾ ਭਾਵ ਇਹ ਹੈ ਕਿ ਜੇ ਲੀਡਰ ਆਪਣੇ ਅਹੁਦੇ ਦੀ ਸੱਦ ਵਰਤੋਂ ਕਰਨ ਤਾਂ ਕੋਈ ਵੀ ਅਫਸਰ ਕੁਰੱਪਟ ਨਹੀਂ ਹੋ ਸਕਦਾ ਅਤੇ ਆਪਣੀਆਂ ਸ਼ਕਤੀਆਂ ਦੀ ਯੋਗ ਵਰਤੋਂ ਕਰਕੇ ਮਨੁੱਖੀ ਜੀਵਨ ਨੂੰ ਬੇਹਤਰ ਬਣਾ ਸਕਦਾ ਹੈ। ਸਾਡੇ ਬਹੁਤ ਸਾਰੇ ਮਹਿਕਮੇ ਏਨੇ ਕੁ ਬਦਨਾਮ ਹੋ ਚੁੱਕੇ ਹਨ ਕਿ ਉਹਨਾਂ ਵਿੱਚ ਅਨੁਸ਼ਾਸ਼ਨ ਨਾਂ ਦੀ ਕੋਈ ਚੀਜ਼ ਨਜ਼ਰ ਹੀ ਨਹੀਂ ਆਉਂਦੀ। ਭਾਵੇਂ ਕਿ ਵਰਤਮਾਨ ਹਾਲਤ ਵਿੱਚ ਫੌਜ ਵਿੱਚ ਵੀ ਕੁਝ ਕੁ ਮਾੜੇ ਅਫਸਰ ਹਨ ਪਰ ਫਿਰ ਵੀ ਫੌਜ ਦਾ ਅਨੁਸ਼ਾਸਨ ਅਤੇ ਆਪਸੀ ਪ੍ਰੇਮ ਪਿਆਰ ਇੱਕ ਨਮੂਨਾ ਪੇਸ਼ ਕਰਦਾ ਹੈ।

ਦਾਸ ਫੌਜ ਦੇ ਵਿਚ ਸਿਪਾਹੀ ਭਰਤੀ ਹੋਇਆ ਅਤੇ ਆਪਣੇ ਫਰਜ਼ਾਂ ਦੀ ਪਾਲਣਾ ਕਰਦਾ ਹੋਇਆ ਤਰੱਕੀ ਦੀਆਂ ਪੌੜੀਆਂ ਚੜ੍ਹਦਾ ਗਿਆ। ਜਦੋਂ ਕਿਤੇ ਸੀਨੀਅਰ ਰੈਂਕ ਵਾਲਾ ਮੇਰੇ ਜਾਂ ਕਿਸੇ ਸਾਥੀ ਨਾਲ ਵਧੀਕੀ ਕਰਦਾ ਤਾਂ ਮਨ ਨੂੰ ਬਹੁਤ ਠੇਸ ਵੱਜਦੀ ਕਿ ਇਹ ਮਨੁੱਖ ਆਪਣੇ ਅਹੁਦੇ ਦੀ ਦੁਰਵਰਤੋਂ ਕਰ ਰਿਹਾ ਹੈ। ਕਾਨੂੰਨ ਨੇ ਫੌਜ ਦਾ ਕੰਮ ਚਲਾਉਣ ਖਾਤਰ ਅਹੁਦੇ ਬਣਾਏ ਅਤੇ ਯੋਗ ਵਿਅਕਤੀਆਂ ਨੇ ਇਹ ਅਹੁਦੇ ਪ੍ਰਾਪਤ ਕੀਤੇ ਪਰ ਕੁਰਸੀ ਤੇ ਬੈਠਣ ਉਪਰੰਤ ਕੁਝ ਲੋਕ ਜਿੰਮੇਵਾਰੀਆਂ ਭੁੱਲ ਕੇ ਵਿਅਕਤੀਗਤ ਈਰਖਾ ਵੱਸ ਆਪਣੇ ਥੱਲੇ ਵਾਲੇ ਮੁਲਾਜ਼ਮ (ਜੂਨੀਅਰ) ਦਾ ਹਰ ਪੱਖੋਂ ਨੁਕਸਾਨ ਕਰਨ ਤੇ ਤੁੱਲ ਜਾਂਦੇ ਹਨ। ਜਿਨਾਂ ਵਾਸਤੇ ਗੁਰੂ ਸਾਹਿਬ ਦਾ ਬਚਨ ਹੈ;

**ਕੁਤਾ ਰਾਜ ਬਹਾਲੀਐ ਫਿਰਿ ਚਕੀ ਚਟੈ॥**

ਮੈਨੂੰ ਬਚਪਨ ਵਿਚ ਹੀ ਗੁਰੂ ਘਰ ਜਾਣ ਦਾ ਸ਼ੌਂਕ ਸੀ ਅਤੇ ਗੁਰ ਉਪਦੇਸਾਂ ਬਾਰੇ ਥੋੜੀ ਬਹੁਤ ਜਾਣਕਾਰੀ ਹੋਣ ਕਾਰਨ ਇਹੋ ਜਿਹੇ ਅਫਸਰਾਂ ਦੇ ਵਿਹਾਰ ਤੋਂ ਬਹੁਤ ਦੁੱਖ ਹੁੰਦਾ ਸੀ, ਮਨ ਵਿੱਚ ਇਰਾਦਾ ਜਾਂ ਪ੍ਰਣ ਕੀਤਾ ਕਿ ਜੇ ਵਾਹਿਗੁਰੂ ਦੀ ਕ੍ਰਿਪਾ ਨਾਲ ਤਰੱਕੀ ਮਿਲ ਗਈ ਤਾਂ ਕਦੀ ਵੀ ਕਿਸੇ ਦਾ ਬੇਲੋੜਾ ਨੁਕਸਾਨ ਨਹੀਂ ਕਰਾਂਗਾ। ਸੋ ਦਾਸ ਨੇ ਤਕਰੀਬਨ 1985 ਤੋਂ 2000 ਤੱਕ 15 ਸਾਲ ਵੱਖ-ਵੱਖ ਅਹੁਦਿਆਂ ’ਤੇ ਕੰਮ ਕੀਤਾ ਪਰ ਕਿਸੇ ਵੀ ਸਮੇਂ ਪੈਸੇ ਪੱਖੋਂ, ਨੌਕਰੀ ਪੱਖੋਂ ਕਿਸੇ ਦਾ ਨੁਕਸਾਨ ਨਾ ਕੀਤਾ, ਨਾ ਹੋਣ ਦਿੱਤਾ, ਭਾਵੇਂ ਸਰੀਰਕ ਤੌਰ ਤੇ ਸਜ਼ਾ ਸਮਝਾਉਣ ਖਾਤਰ, ਗਲਤੀ ਦਾ ਇਹਸਾਸ ਕਰਨ ਵਾਸਤੇ ਬਹੁਤ ਸਮੇਂ ਦਿੰਦਾ ਰਿਹਾ।

ਹਰ ਇਕ ਅਫਸਰ ਦੀ ਕੁਦਰਤੀ ਤੌਰ ਤੇ ਇਹ ਖਾਹਿਸ਼ ਹੁੰਦੀ ਹੈ ਕਿ ਉਹ ਇਕ ਕਾਮਯਾਬ ਮਨੁੱਖ ਬਣੇ। ਉਸ ਦੇ ਮਤਾਹਿਤ ਸਾਰੇ ਲੋਕ ਪਿਆਰ ਕਰਨ, ਇਜ਼ਤ ਕਰਨ, ਹੁਕਮ ਮੰਨਣ, ਉਸ ਦੀ ਅਤੇ ਸੰਸਥਾ ਦੀ ਤਰੱਕੀ ਤੇ ਖੁਸ਼ ਰਹਿਣ।

ਆਪ ਇਸ ਤੋਂ ਭਲੀ ਭਾਂਤ ਜਾਣਦੇ ਹੋਵੋਗੇ ਕਿ ਖਿਆਲ (ਵਿਚਾਰ) ਸੱਭ ਤੋਂ ਵੱਡੀ ਸ਼ਕਤੀ ਹੈ। ਤੁਹਾਡਾ ਖ਼ਿਆਲ ਤੁਹਾਡੇ ਤਕ ਹੀ ਮਹਿਸੂਸ ਨਹੀਂ ਰਹਿੰਦਾ, ਸਗੋਂ ਸਾਰੇ ਬ੍ਰਹਿਮੰਡ ਵਿੱਚ ਮਾਰ ਕਰਦਾ ਹੈ। ਤੁਸੀਂ ਜਿਸ ਆਦਮੀ ਸਬੰਧੀ ਘਿਰਣਾ ਦਾ ਖਿਆਲ ਰਖਦੇ ਹੋ, ਉਹ ਖ਼ਿਆਲ ਤੁਹਾਥੋਂ ਉਤਪੰਨ ਹੋ ਕੇ ਉਸ ਆਦਮੀ ਤਕ ਪਹੁੰਚਦਾ ਹੈ ਅਤੇ ਉਸ ਤੇ ਅਸਰ ਪਾ ਕੇ ਉਸਦੇ ਦਿਲ ਵਿਚ ਤੁਹਾਡੇ ਲਈ ਘਿਰਣਾ ਪੈਦਾ ਕਰਦਾ ਹੈ। ਜਿਸ ਆਦਮੀ ਸਬੰਧੀ ਤੁਸੀਂ ਦੋਸਤੀ, ਹਮਦਰਦੀ ਅਤੇ ਖੈਰਖਾਹੀ ਦੇ ਖ਼ਿਆਲ ਆਪਣੇ ਮਨ ਵਿੱਚ ਰਖਦੇ ਹੋ, ਉਹ ਖ਼ਿਆਲ ਤੁਹਾਥੋਂ ਉਤਪੰਨ ਹੋ ਕੇ ਉਸ ਆਦਮੀ ਤਕ ਪਹੁੰਚਦੇ ਹਨ ਅਤੇ ਉਸ ਦੇ ਮਨ ਵਿਚ ਜਾ ਕੇ ਤੁਹਾਡੇ ਸਬੰਧੀ ਦੋਸਤੀ, ਹਮਦਰਦੀ ਤੇ ਖੈਰਖਾਹੀ ਪੈਦਾ ਕਰਦੇ ਹਨ।

ਅਸੀਂ ਅਗਿਆਨਤਾ ਦੇ ਕਾਰਨ ਨਹੀਂ ਜਾਣਦੇ ਕਿ ਅਸੀਂ ਅਤੇ ਸਾਰੇ ਸੰਸਾਰ ਦੇ ਜੀਵ ਭਾਵੇਂ ਬਾਹਰੋਂ ਇਕ ਦੂਸਰੇ ਤੋਂ ਅਲੱਗ ਜਾਪਦੇ ਹਾਂ ਅਤੇ ਵੱਖੋਂ ਵੱਖਰੇ ਰੂਪ, ਰੰਗ, ਸ਼ਕਲਾਂ ਰਖਦੇ ਹਾਂ, ਪਰ ਦਰਅਸਲ ਅਸੀਂ ਅੰਦਰੋਂ ਆਤਮਾ ਕਰਕੇ, ਮਨ ਕਰਕੇ ਆਪਸ ਵਿਚ ਜੁੜੇ ਹੋਏ ਹਾਂ। ਜਿਵੇਂ ਸਮੁੰਦਰ ਦੇ ਬੁਲਬੁਲੇ ਭਾਵੇਂ ਇਕ ਦੂਸਰੇ ਤੋਂ ਕਿਤਨੇ ਫ਼ਾਸਲੇ ਤੇ ਹੀ ਕਿਉਂ ਨਾ ਹੋਣ, ਅੰਦਰੋਂ ਪਾਣੀ ਰਾਹੀਂ ਆਪਸ ਵਿੱਚ ਜੁੜੇ ਹੁੰਦੇ ਹਨ, ਇਸੇ ਤਰ੍ਹਾਂ ਅਸੀਂ ਇਸ ਸ੍ਰਿਸ਼ਟੀ ਦੇ ਜੀਵਾਂ ਨਾਲੋਂ ਭਾਵੇਂ ਹਜ਼ਾਰਾਂ ਮੀਲਾਂ ਦੀ ਵਿਥ ਤੇ ਕਿਉਂ ਨਾ ਹੋਈਏ, ਅਸਲ ਵਿਚ ਆਤਮਾ ਕਰਕੇ ਮਨ ਕਰਕੇ ਅੰਦਰੋਂ ਇਕ ਦੂਸਰੇ ਨਾਲ ਸੰਬੰਧ ਰੱਖਦੇ ਹਾਂ।

ਆਤਮਾ ਦੀ ਉਕਤ ਅਸਲੀਅਤ ਅਨੁਸਾਰ ਅਸੀਂ ਆਪਣੇ ਮਾਤਹਿਤਾਂ ਨਾਲ, ਆਪਣੇ ਨੌਕਰਾਂ ਨਾਲ, ਆਪ ਤੋਂ ਛੋਟਿਆਂ ਨਾਲ ਇੱਕ -ਮਿੱਕ ਹਾਂ ਅਤੇ ਸਾਡੇ ਅੰਦਰ, ਉਹਨਾਂ ਸਬੰਧੀ ਖ਼ਿਆਲ, ਅੰਦਰੋਂ ਉਹਨਾਂ ਤਕ ਪਹੁੰਚਦੇ ਰਹਿੰਦੇ ਹਨ। ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਜਿਸ ਕਿਸਮ ਦੇ ਖ਼ਿਆਲ ਦੂਸਰਿਆਂ ਸਬੰਧੀ ਆਪਣੇ ਮਨ ਵਿੱਚ ਪੈਦਾ ਕਰਦੇ ਹਾਂ, ਉਹ ਖ਼ਿਆਲ ਉਨ੍ਹਾਂ ਲੋਕਾਂ ਵਿੱਚ ਜਾ ਕੇ ਉਸੇ ਕਿਸਮ ਦੇ ਖ਼ਿਆਲ ਪੈਦਾ ਕਰਨਗੇ। ਸਾਡੇ ਮਨ ਵਿਚੋਂ ਕਿਸੇ ਲਈ ਭਲੇ ਦੇ ਖ਼ਿਆਲ ਉਸ ਵਿਚ ਜਾ ਕੇ ਸਾਡੇ ਸਬੰਧੀ ਬੁਰੇ ਖ਼ਿਆਲ ਪੈਦਾ ਨਹੀਂ ਕਰ ਸਕਦੇ, ਇਸ ਵਾਸਤੇ ਆਪਣੇ ਨਾਲ ਸੰਬੰਧ ਰੱਖਣ ਵਾਲੇ ਸਭ ਮਾਤਹਿਤਾਂ ਸੰਬੰਧੀ ਸਾਨੂੰ ਆਪਣੇ ਮਨ ਵਿੱਚ ਹਮੇਸ਼ਾਂ ਸ਼ੁਭ, ਭਲੇ ਤੇ ਹਮਦਰਦੀ ਦੇ ਖ਼ਿਆਲ ਰਖਣੇ ਚਾਹੀਦੇ ਹਨ।

ਸਾਨੂੰ ਆਪਣੇ ਮਾਤਹਿਤਾਂ ਨੂੰ, ਨੌਕਰਾਂ ਨੂੰ ਅਤੇ ਛੋਟਿਆਂ ਨੂੰ ਆਪਣੇ ਬੱਚੇ ਸਮਝਣਾ ਚਾਹੀਦਾ ਹੈ।ਜਿਵੇਂ ਮਾਤਾ ਪਿਤਾ ਨੂੰ ਆਪਣੇ ਬੱਚਿਆਂ ਦੀ ਤਰੱਕੀ ਅਤੇ ਭਲਾਈ ਵਿੱਚ ਖ਼ੁਸ਼ੀ ਹੁੰਦੀ ਹੈ, ਇਸੇ ਤਰ੍ਹਾਂ ਸਾਨੂੰ ਆਪਣੇ ਮਾਤਹਿਤਾਂ ਦੀ ਤਰੱਕੀ ਅਤੇ

ਭਲਾਈ ਵਿੱਚ ਖ਼ੁਸ਼ੀ ਹੋਣੀ ਚਾਹੀਦੀ ਹੈ। ਜਿਉਂ ਜਿਉਂ ਅਸੀਂ ਆਪਣੇ ਮਾਤਹਿਤਾਂ ਦੇ ਦਿਲੋਂ ਸ਼ੁਭਚਿੰਤਕ ਬਣਦੇ ਜਾਵਾਂਗੇ ਉਹ ਸਾਡੇ ਖੈਰਖਾਹ ਅਤੇ ਸ਼ੁਭਚਿੰਤਕ ਬਣਦੇ ਜਾਣਗੇ। ਸਾਡੀ ਉਹਨਾਂ ਸੰਬੰਧੀ ਹਰ ਇਕ ਸ਼ੁਭ ਇੱਛਾ ਉਹਨਾਂ ਅੰਦਰ ਸਾਡੇ ਸੰਬੰਧੀ ਸ਼ੁਭ ਇੱਛਾ ਪੈਦਾ ਕਰੇਗੀ।

ਜਦ ਤੁਹਾਡੇ ਨੌਕਰ ਜਾਂ ਮਾਤਹਿਤ ਕੋਈ ਭੁੱਲ ਕਰਨ ਜਾਂ ਜ਼ਿੰਮੇ ਲਗਾਈ ਸੇਵਾ ਵਿਚ ਕੋਈ ਗਲਤੀ ਜਾਂ ਅਨਦੇਖੀ ਕਰਨ, ਤਾਂ ਤੁਸੀਂ ਉਹਨਾਂ ਨੂੰ ਬੇਸ਼ਕ ਧਮਕਾਵੋ, ਅੱਖਾਂ ਦਿਖਾਵੋਂ, ਸਜ਼ਾ ਦੇਵੋ, ਪਰ ਇਹ ਸਭ ਕੁਝ ਦਿਲੋਂ ਨਹੀਂ ਹੋਣਾ ਚਾਹੀਦਾ ਕੇਵਲ ਜ਼ਾਹਿਰਦਾਰੀ ਵਿਚ। ਜਿਵੇਂ ਮਾਪੇ ਛੋਟੇ ਬੱਚਿਆਂ ਨੂੰ ਗੁੱਸੇ ਹੁੰਦੇ ਹਨ, ਡਰ ਦਿਖਾਂਦੇ ਅਤੇ ਕਈ ਵਾਰੀ ਸਜ਼ਾ ਵੀ ਦਿੰਦੇ ਹਨ ਪਰ ਦਿਲੋਂ ਉਹਨਾਂ ਦਾ ਬੁਰਾ ਨਹੀਂ ਮੰਗਦੇ, ਉਹਨਾਂ ਦੀ ਹਰ ਵੇਲੇ ਭਲਾਈ ਚਾਹੁੰਦੇ ਹਨ, ਤਿਵੇਂ ਤੁਸੀਂ ਆਪਣੇ ਮਾਤਹਿਤਾਂ ਨੂੰ ਡਾਂਟੋ, ਗੁੱਸੇ ਹੋਵੇ, ਰੋਅਬ ਦਿਖਾਓ ਅਤੇ ਜ਼ਰੂਰਤ ਅਨੁਸਾਰ ਸਜ਼ਾ ਵੀ ਦੇਵੋ ਪਰ ਦਿਲੋਂ ਉਹਨਾਂ ਦੇ ਖੈਰਖਾਹ ਰਹੋ। ਮਾਪਿਆਂ ਨੂੰ ਬੱਚਿਆਂ ਨੂੰ ਗੁੱਸੇ ਹੋ ਕੇ, ਸਜ਼ਾ ਦੇ ਕੇ ਕੋਈ ਖ਼ੁਸ਼ੀ ਨਹੀਂ ਹੁੰਦੀ ਕੇਵਲ ਮਜ਼ਬੂਰੀ ਕਰਕੇ ਅਤੇ ਬੱਚਿਆਂ ਦੀ ਭਲਾਈ ਨੂੰ ਮੁੱਖ ਰੱਖ ਕੇ ਉਹ ਬੱਚਿਆਂ ਤੇ ਸਖ਼ਤੀ ਕਰਦੇ ਹਨ, ਇਸੇ ਤਰ੍ਹਾਂ ਤੁਹਾਨੂੰ ਕਦੀ ਆਪਣੇ ਮਾਤਹਿਤਾਂ ਨੂੰ ਗੁੱਸੇ ਹੋ ਕੇ, ਸਜ਼ਾ ਦੇ ਕੇ ਖ਼ੁਸ਼ ਨਹੀਂ ਹੋਣਾ ਚਾਹੀਦਾ ਸਗੋਂ ਸਜ਼ਾ ਦਾ ਮੁੱਖ ਮੰਤਵ ਮਾਤਹਿਤਾਂ ਦਾ ਸੁਧਾਰ ਤੇ ਭਲਾ ਹੋਣਾ ਚਾਹੀਦਾ ਹੈ।

ਅਗਰ ਤੁਸੀਂ ਆਤਮਾ ਦੀ ਇਸ ਅਸਲੀਅਤ ਨੂੰ ਸਮਝ ਜਾਵੋਗੇ ਤਾਂ ਤੁਹਾਡੇ ਮਾਤਹਿਤ ਤੁਹਾਡਾ ਇਕ ਪਰਿਵਾਰ ਬਣ ਜਾਵੇਗਾ, ਜਿਨ੍ਹਾਂ ਦੇ ਦਿਲਾਂ ਵਿਚ ਤੁਹਾਡੇ ਸੰਬੰਧੀ ਇੱਜ਼ਤ, ਪਿਆਰ, ਹੁਕਮ ਮੰਨਣਾ, ਹਮਦਰਦੀ ਤੇ ਖੈਰਖਾਹੀ ਦੇ ਜਜ਼ਬੇ ਸਦਾ ਲਹਿਰਾਂ ਮਾਰਦੇ ਰਹਿਣਗੇ। ਤੁਸੀਂ ਉਹਨਾਂ ਉਤੇ ਭਰੋਸਾ ਕਰ ਸਕੋਗੇ ਅਤੇ ਉਹ ਤੁਹਾਡੇ ਭਰੋਸੇ ਨੂੰ ਸਤਿਕਾਰ ਦੀ ਨਿਗਾਹ ਨਾਲ ਤੱਕਣਗੇ।

ਦਾਸ ’ਤੇ ਤੋਪਖਾਨੇ ਵਿੱਚ ਅਸਿਸਟੈਂਟ ਇੰਸਟਰੱਕਟਰ ਗਨਰੀ (ਏ.ਆਈ.ਜੀ) ਟਰੇਡ ਨਾਲ ਸਬੰਧ ਰੱਖਦਾ ਹੋਣ ਕਰਕੇ ਟਰੇਨਿੰਗ ਦੀ ਜ਼ੁੰਮੇਵਾਰੀ ਹੁੰਦੀ ਸੀ ਅਤੇ ਮੈਂ ਟਰੇਨਿੰਗ ਪੱਖੋਂ ਕਾਫੀ ਸਖਤ ਸੀ। ਫੌਜ ਵਿੱਚ ਕਲਰਕ ਸਟਾਫ ਆਮ ਕਰਕੇ ਪੀ ਟੀ ਪਰੇਡ ਵਗੈਰਾ ਤੋਂ ਬੜੀ ਕੰਨੀ ਕਤਰਉਂਦੇ ਹਨ। ਮੇਰੇ ਨਾਲ ਵੀ ਇਸ ਤਰਾਂ ਹੀ ਸੀ ਪਰ ਮੈਂ ਟਰੇਨਿੰਗ ਅਫਸਰ ਹੋਣ ਨਾਤੇ ਉਨਾਂ ਤੇ ਖਾਸ ਧਿਆਨ ਭਾਵ ਸਖਤੀ ਨਾਲ ਉਨਾਂ ਤੋਂ ਸਰੀਰਕ ਗਤੀਵਿਧੀਆਂ ਕਰਵਾਉਂਦਾ ਸਾਂ। ਉਸ ਸਮੇਂ ਉਹ ਮੇਰੇ ਤੋਂ ਕਾਫੀ ਤੰਗ ਰਹਿੰਦੇ ਸਨ ਅਤੇ ਕਈ ਕਿਸਮ ਦੇ ਤੰਜ ਵੀ ਕਸਦੇ ਸਨ ਪਰ ਮੇਰੇ ਉਤੇ ਕੋਈ ਅਸਰ ਨਹੀਂ ਸੀ ਕਿਉਂਕਿ ਮੈਨੂੰ ਪਤਾ ਸੀ ਕਿ ਮੈਂ ਉਹਨਾਂ ਦਾ ਭਲਾ ਹੀ ਲੋਚਦਾ ਹਾਂ ਅਤੇ ਇਸ ਦਾ ਅਹਿਸਾਸ ਮੈਨੂੰ ਅਤੇ ਉਸ ਸਟਾਫ ਨੂੰ ਸੰਨ 1995 ਵਿੱਚ ਨਾਸਿਕ ਰੋਡ ਤੋਪਖਾਨੇ ਸੈਂਟਰ ਵਿੱਚ ਮੇਰੀ ਬਦਲੀ ਹੋਣ ’ਤੇ ਹੋਇਆ। ਮੇਰੀ ਬਦਲੀ ਨਾਸਿਕ ਰੋਡ ਦੀ ਹੋ ਗਈ। ਮੇਰੇ ਤੋਂ ਪਹਿਲਾਂ ਕੁਝ ਕਲਰਕਾਂ (ਸਾਰੇ ਹੀ ਹਵਲਦਾਰ ਰੈਂਕ) ਦੀ ਬਦਲੀ ਪਹਿਲਾਂ ਹੋ ਗਈ ਸੀ ਜਦ ਕਿ ਮੈਨੂੰ ਉਨਾਂ ਦਾ ਪਤਾ ਵੀ ਨਹੀਂ ਸੀ। ਉਹ 3-4 ਵੀਰ ਮੇਰੇ ਕੋਲ ਕਈ ਕਿਸਮ ਦੇ ਫਾਰਮ ਲੈ ਕੇ ਪਹੁੰਚ ਗਏ ਜਿਨ੍ਹਾਂ ਨੂੰ ਭਰਨ ਨਾਲ ਕਾਨੂੰਨੀ ਤੌਰ ’ਤੇ ਮੈਨੂੰ ਕਈ ਸਹੂਲਤਾਂ ਮਿਲ ਜਾਣੀਆਂ ਸਨ। ਪਰ ਮੈਨੂੰ ਉਹਨਾਂ ਬਾਰੇ ਕੁਝ ਵੀ ਪਤਾ ਨਹੀ ਸੀ ਉਹ ਕਲਰਕ ਹੋਣ ਨਾਤੇ ਇਹ ਸਾਰੀਆਂ ਘੁੰਡੀਆਂ ਜਾਣਦੇ ਸਨ।

ਜੋ ਮੈਂ ਆਪ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ ਕਿ ਇਕ ਦੂਸਰੇ ਪ੍ਰਤੀ ਸ਼ੁਭ ਖਿਆਲ ਰੱਖਣ ਨਾਲ ਕੀ ਵਾਪਰਦਾ ਹੈ ਉਹ ਉਥੇ ਮੇਰੇ ਨਾਲ ਹੋਇਆ। ਮੈਂ ਹੈਰਾਨ ਸਾਂ ਕਿ ਇਹ ਤਾਂ ਮੇਰੇ ਤੋਂ ਬਹੁਤ ਤੰਗ ਸਨ ਅਤੇ ਮੇਰੀ ਪਿੱਠ ਪਿੱਛੇ ਬੁਰਾ ਭਲਾ ਵੀ ਬੋਲਦੇ ਸਨ। ਅੱਜ ਇਹ ਜੋ ਕਰ ਰਹੇ ਹਨ ਕਿਤੇ ਕੋਈ ਬਦਲਾ ਲਊ ਕਾਰਵਾਈ ਤੇ ਨਹੀਂ, ਜਿਸ ਕਰਕੇ ਮੈਂ ਪੁੱਛ ਹੀ ਲਿਆ ਕਿ ਜਦੋਂ ਆਪਾਂ ਯੂਨਿਟ ਵਿੱਚ ਇਕੱਠੇ ਸਾਂ ਤੁਸੀਂ ਮੈਨੂੰ ਬਹੁਤ ਬੁਰਾ ਮੰਨਦੇ ਸੀ ਤੇ ਅੱਜ ਇਹ ਮਿਹਰਬਾਨੀਆਂ ਕਿਵੇਂ ਅਤੇ ਕਿਉਂ?

ਮੇਰੇ ਬਹੁਤ ਹੀ ਅਜੀਜ ਹਵਲਦਾਰ ਸਾਹਿਬ ਜੋ ਮਦਰਾਸ ਸੂਬੇ ਨਾਲ ਸਬੰਧਤ ਸੀ ਕਹਿਣ ਲੱਗੇ ਸਾਹਿਬ ਇਹ ਬਿਲਕੁਲ ਸੱਚ ਹੈ ਕਿ ਅਸੀਂ ਤੁਹਾਨੂੰ ਉਸ ਸਮੇਂ ਬਹੁਤ ਬੁਰਾ ਭਲਾ ਕਹਿੰਦੇ ਸੀ ਪਰ ਜਦੋਂ ਅਸੀਂ ਇਥੇ ਬਦਲੀ ਹੋ ਕੇ ਅਏ ਤਾਂ ਇਥੇ ਸਾਰੇ ਕਲਰਕ ਹੀ ਹੋਣ ਕਰਕੇ ਸਾਨੂੰ ਪੀ.ਟੀ. ਕਰਨੀ ਪੈਂਦੀ, ਰੱਸਾ ਚੜ੍ਹਨਾ, ਦੋ ਮੀਲ ਦੌੜ (ਜੋ ਪਾਸ ਕਰਨੀਆਂ ਜ਼ਰੂਰੀ ਹੁੰਦੀਆਂ ਹਨ) ਕਰਨੀ ਪੈਂਦੀ ਹੈ ਜੋ ਫੇਲ੍ਹ ਹੋ ਜਾਂਦਾ ਹੈ ਉਸ ਨੂੰ ਬਾਰ-ਬਾਰ ਇਹ ਟੈਸਟ ਦੇਣੇ ਪੈਂਦੇ ਹਨ ਪਰ ਅਸੀਂ ਸਾਰੇ ਤੁਹਾਡੀ ਟਰੇਨਿੰਗ ਸਦਕਾ ਪਹਿਲੀ ਵਾਰੀ ਵਿਚ ਹੀ ਪਾਸ ਹੋ ਜਾਂਦੇ ਹਾਂ। ਅਸੀਂ ਤੁਹਾਨੂੰ ਯਾਦ ਵੀ ਕਰਦੇ ਅਤੇ ਧੰਨਵਾਦ ਵੀ ਕਰਦੇ ਸਾਂ ਹੁਣ ਕੁਦਰਤੀ ਮੌਕਾ ਮਿਲਿਆ ਅਤੇ ਅਸੀਂ ਸਾਰਿਆਂ ਨੇ ਤੁਹਾਡੀ ਮਿਹਨਤ ਦਾ ਮੁੱਲ ਮੋੜਨਾ ਚਾਹਿਆ ਸੋ ਇਸ ਵਿੱਚ ਕੋਈ ਹੇਰਾ ਫੇਰੀ ਨਹੀਂ। ਮੈਂ ਬਹੁਤ ਖ਼ੁਸ਼ ਹੋਇਆ ਅਤੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਕਿਰਪਾ ਬਣਾਈ ਰੱਖੀਂ। ਮੇਰੇ ਕੋਲੋਂ ਕਿਸੇ ਦਾ ਮਾੜਾ ਨਾ ਹੋਵੇ। ‘ਕਰ ਭਲਾ ਤੇ ਹੋ ਭਲਾ’ ਵਾਲੀ ਕਹਾਵਤ ਸਿੱਧ ਹੋਈ ਮੈਨੂੰ ਉਹਨਾਂ ਸਹੂਲਤਾਂ ਦਾ ਪਤਾ ਵੀ ਨਹੀਂ ਸੀ ਜੋ ਉਹਨਾਂ ਵੀਰਾਂ ਦੀ ਮਦਦ ਨਾਲ ਕਾਨੂੰਨੀ ਤੌਰ ਤੇ ਮੈਨੂੰ ਮਿਲ ਗਈਆਂ।

ਸੋ ਆਖਰੀ ਮੈਂ ਇਹ ਹੀ ਕਹਾਂਗਾ ਕਿ ਕਿਸੇ ਵੀ ਅਹੁਦੇ ਤੇ ਰਹਿੰਦੇ ਹੋਏ ਆਪਣੇ ਤੋਂ ਹੇਠਲੇ ਅਤੇ ਸੰਸਥਾ ਦਾ ਹਮੇਸ਼ਾਂ ਭਲਾ ਹੀ ਕਰਨਾ ਚਾਹੀਦਾ ਹੈ। ਭਾਵੇਂ ਕਿੰਨਾਂ ਵੀ ਸਖਤ ਹੋਣਾ ਪਵੇ ਪਰ ਉਸ ਵਿੱਚ ਭਾਵਨਾ ਮਾੜੀ ਨਾ ਹੋਵੇ। ਗੁਰੂ ਸਾਹਿਬ ਦਾ ਫੁਰਮਾਨ ਹੈ;

**ਪਰ ਕਾ ਬੁਰਾ ਨ ਰਾਖਹੁ ਚੀਤ**
**ਤੁਮ ਕਉ ਦੁਖੁ ਨਹੀ ਭਾਈ ਮੀਤ॥ (386)**

-0-

**ਅਸੀਂ ਅਗਿਆਨਤਾ ਦੇ ਕਾਰਨ ਨਹੀਂ ਜਾਣਦੇ ਕਿ ਅਸੀਂ ਅਤੇ ਸਾਰੇ ਸੰਸਾਰ ਦੇ ਜੀਵ ਭਾਵੇਂ ਬਾਹਰੋਂ ਇਕ ਦੂਸਰੇ ਤੋਂ ਅਲੱਗ ਜਾਪਦੇ ਹਾਂ ਅਤੇ ਵੱਖੋਂ ਵੱਖਰੇ ਰੂਪ, ਰੰਗ, ਸ਼ਕਲਾਂ ਰਖਦੇ ਹਾਂ, ਪਰ ਦਰਅਸਲ ਅਸੀਂ ਅੰਦਰੋਂ ਆਤਮਾ ਕਰਕੇ, ਮਨ ਕਰਕੇ ਆਪਸ ਵਿਚ ਜੁੜੇ ਹੋਏ ਹਾਂ। ਜਿਵੇਂ ਸਮੁੰਦਰ ਦੇ ਬੁਲਬੁਲੇ ਭਾਵੇਂ ਇਕ ਦੂਸਰੇ ਤੋਂ ਕਿਤਨੇ ਫ਼ਾਸਲੇ ਤੇ ਹੀ ਕਿਉਂ ਨਾ ਹੋਣ, ਅੰਦਰੋਂ ਪਾਣੀ ਰਾਹੀਂ ਆਪਸ ਵਿੱਚ ਜੁੜੇ ਹੁੰਦੇ ਹਨ, ਇਸੇ ਤਰ੍ਹਾਂ ਅਸੀਂ ਇਸ ਸ੍ਰਿਸ਼ਟੀ ਦੇ ਜੀਵਾਂ ਨਾਲੋਂ ਭਾਵੇਂ ਹਜ਼ਾਰਾਂ ਮੀਲਾਂ ਦੀ ਵਿਥ ਤੇ ਕਿਉਂ ਨਾ ਹੋਈਏ, ਅਸਲ ਵਿਚ ਆਤਮਾ ਕਰਕੇ ਮਨ ਕਰਕੇ ਅੰਦਰੋਂ ਇਕ ਦੂਸਰੇ ਨਾਲ ਸੰਬੰਧ ਰੱਖਦੇ ਹਾਂ।**




## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...

**ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ ‘ਗੁਰਮਤਿ ਵਿਰਸਾ’ ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। ‘ਗੁਰਮਤਿ ਵਿਰਸਾ’ ਨਾ ਮਿਲਣ ਦੀ ਸੂਰਤ ਵਿਚ ਮੈਸਜ਼ ਜਾਂ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।**

**ਵੱਲੋਂ ਅਦਾਰਾ ‘ਗੁਰਮਤਿ ਵਿਰਸਾ’**

# ਵੱਕਾਰੀ ਸ਼੍ਰੋਮਣੀ ਸੰਸਥਾ ਦੇ ਗ਼ੈਰ-ਸ਼੍ਰੋਮਣੀ ਕਾਰੇ

**-ਕੁਲਵੰਤ ਕੌਰ (ਡਾ.) 98156-20515**

ਸਦੀ ਤੋਂ ਵੱਧ ਉਮਰ ਹੰਢਾ ਚੁੱਕੀ ਸਾਡੀ ਸ਼੍ਰੋਮਣੀ ਸੰਸਥਾ ਨਿਰਸੰਦੇਹ ਅਤਿਅੰਤ ਵੱਕਾਰੀ ਤੇ ਅਹਿਮ ਹੈ। ਇਸ ਦੇ ਗ਼ੌਰਵਸ਼ਾਲੀ ਅਤੀਤ ਦੀਆਂ ਕਿਆ ਬਾਤਾਂ! 'ਪੰਥ ਵੱਸੇ ਮੈਂ ਉਜੜਾਂ' ਦੀ ਸੋਚ ਦੇ ਧਾਰਨੀ ਰਹੇ ਇਸ ਦੇ ਅਨੇਕ ਜਥੇਦਾਰਾਂ ਨੂੰ ਵੀ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ ਪਰ ਇਸ ਦੇ ਮੌਜੂਦਾ ਸੰਚਾਲਕਾਂ ਤੇ ਅਗਵਾਈ ਪ੍ਰਦਾਨ ਕਰ ਰਹੇ ਸਿਆਸਤਦਾਨਾਂ ਨੇ ਅੱਜ ਇਸ ਦੇ ਵੱਕਾਰ, ਨਾਂ, ਕਰਨੀ ਅਤੇ ਸ਼ਾਨ ਨੂੰ ਰੱਜ ਕੇ ਢਾਅ ਲਾਈ ਹੈ। 'ਸਿੱਖਾਂ ਦੀ ਪਾਰਲੀਮੈਂਟ' ਅਖਵਾਉਂਦੀ ਸੰਸਥਾ ਅੱਜ ਕਿਵੇਂ ਕੁਝ ਬੰਦਿਆਂ ਦੀ ਗੋਲੀ ਬਣਾ ਦਿੱਤੀ ਗਈ ਹੈ, ਸਾਰਾ ਜ਼ਮਾਨਾ ਇਸ ਨੂੰ ਦੇਖ ਕੇ ਹੈਰਾਨ ਤੇ ਪਰੇਸ਼ਾਨ ਹੈ। ਹੋਰ ਤਾਂ ਇਸ ਦੀ ਚਾਪਲੂਸ ਸਾਬਕਾ ਪ੍ਰਧਾਨ ਹੀ ਟਪੂਸੀਆਂ ਮਾਰਦੀ ਫਿਰਦੀ ਹੈ- ਕਦੇ ਇਸ ਮਹੱਤਵਪੂਰਨ ਸੰਸਥਾ ਦੀ ਪ੍ਰਧਾਨ ਤੇ ਲੋੜ ਪੈਣ 'ਤੇ ਸਿਆਸਤ ਦੇ ਡੰਡੇ 'ਤੇ ਉਹਦੀਆਂ ਪੰਜੇ ਉਂਗਲਾਂ ਘੀ ਵਿਚ ਹਨ। ਅੰਨ੍ਹਾ ਵੰਡੇ ਸੀਰਨੀ ਮੁੜ-ਮੁੜ ਆਪਣਿਆਂ ਨੂੰ। ਕੀ ਲਿਖਾਂ! ਕਿੱਥੋਂ ਸ਼ੁਰੂ ਕਰਾਂ? ਤੇ ਕਿੱਥੇ ਮੁਕਾਵਾਂ? ਕੁਝ ਸਮਝ ਨਹੀਂ ਆ ਰਹੀ ਕਿਉਂਕਿ ਅੱਜ ਹਰ ਪੰਥ-ਦਰਦੀ ਖ਼ੂਨ ਦੇ ਹੰਝੂ ਰੋਣ ਲਈ ਮਜਬੂਰ ਹੈ। ਹਰ ਸੁਹਿਰਦ ਸਿੱਖ ਮੌਜੂਦਾ ਹਾਲਾਤ 'ਤੇ ਸਿਰ ਪਿੱਟ ਰਿਹਾ ਹੈ। ਧਰਮ ਪ੍ਰਚਾਰ, ਗੁਰਦਵਾਰਿਆਂ ਦੀ ਸਾਂਭ ਸੰਭਾਲ ਤੇ ਸਿੱਖ ਵਿਰਸੇ 'ਤੇ ਪਹਿਰਾ ਦੇਣ ਲਈ ਬਣਾਈ ਸ਼੍ਰੋਮਣੀ ਕਮੇਟੀ ਅੱਜ ਇਨ੍ਹਾਂ ਵਿੱਚੋਂ ਕੋਈ ਕੰਮ ਵੀ ਨਹੀਂ ਕਰ ਰਹੀ। ਕੰਮ ਤਾਂ ਕਰ ਰਹੀ ਹੈ ਪਰ ਅਪੰਥਕ, ਪੰਥ ਨੂੰ ਡੋਬਣ ਵਾਲੇ ਤੇ ਜੰਗਜੂ ਸਿੱਖ ਰਹਿਤਲ ਨੂੰ ਦਾਗ਼ ਲਾਉਣ ਵਾਲੇ। ਮਨਮਾਨੇ, ਆਪਹੁਦਰੇ, ਗੁਰਮਤਿ ਦੇ ਵਿਰੋਧੀ ਤੇ ਭਾਈ ਭਤੀਜਾਵਾਦ ਨੂੰ ਬੜ੍ਹਾਵਾ ਦੇਣ ਵਾਲੇ ਫ਼ੈਸਲਿਆਂ ਕਾਰਨ ਸਿੱਖ ਸੰਗਤਾਂ ਵਿਚ ਸਿਰੇ ਦਾ ਰੋਸ, ਵਿਰੋਧ ਅਤੇ ਗੁੱਸਾ ਹੈ। ਦੇਸ਼ ਕੀ ਵਿਦੇਸ਼ ਵਿੱਚ ਬੈਠੇ ਗੁਰੂ ਨਾਨਕ ਨਾਮ ਲੇਵਾ ਲੋਕ ਵੀ ਅਜਿਹੇ ਹੀ ਵਿਚਾਰ ਰੱਖਦੇ ਹਨ ਕਿਉਂਕਿ ਪੂਰੇ ਸੰਸਾਰ ਵਿਚ ਆਪਣੀ ਪਹਿਚਾਣ ਬਣਾ ਚੁੱਕੇ ਨਾਨਕਸ਼ਾਹੀ ਕੈਲੰਡਰ ਦਾ ਜਿਸ ਤਰ੍ਹਾਂ ਇਸਨੇ ਕਤਲ ਕਰਵਾਇਆ, ਉਹਦੀ ਵੱਢ-ਟੁੱਕ ਕੀਤੀ ਤੇ ਸ.ਪਾਲ ਸਿੰਘ ਪੁਰੇਵਾਲ ਦੀ ਅਣਥੱਕ ਮਿਹਨਤ ਨੂੰ ਘੱਟੇ ਮਿੱਟੀ ਰੋਲਿਆ, ਇਕੱਲੇ ਓਸੇ ਪਾਪ ਕਰਕੇ ਹੀ ਇਸ ਦੇ ਆਕਾਵਾਂ ਨੂੰ ਮੁਆਫ਼ ਨਹੀਂ ਕੀਤਾ ਜਾ ਸਕਦਾ।



ਬੀਤੇ ਵਰ੍ਹੇ ਵਿਚ, ਇਸ ਦੀ ਕਰਤਾ ਧਰਤਾ ਵੱਲੋਂ ਕੀਤੇ ਗੁਨਾਹਾਂ, ਕੀਤੀਆਂ ਅਵੱਗਿਆਵਾਂ ਅਤੇ ਅਪੰਥਕ ਕਾਰਿਆਂ ਦੀ ਸੂਚੀ ਤਾਂ ਬਹੁਤ ਲੰਮੀ ਹੈ ਪਰ ਦਾਸਰੀ ਇਸਨੂੰ ਓਸ ਪਾਕਿ ਪਵਿੱਤਰ ਤੇ ਮੁਕੱਦਸ ਤਖ਼ਤ ਤੋਂ ਸ਼ੁਰੂ ਕਰਨ ਜਾ ਰਹੀ ਹੈ ਜਿਸ ਨੇ ਪਰਮਾਤਮ-ਮੌਜ ਵਿਚੋਂ ਪ੍ਰਗਟੇ, ਅਕਾਲ ਪੁਰਖ ਕੀ ਫ਼ੌਜ ਖ਼ਾਲਸੇ ਨੂੰ ਇਸ ਮਨੁੱਖਾ ਸਰਜ਼ਮੀ 'ਤੇ ਉਤਾਰਿਆ। ਮੇਰੇ ਪਾਤਿਸ਼ਾਹ ਵੱਲੋਂ ਖ਼ਾਲਸਾ-ਸਿਰਜਣਾ ਲਈ ਚੁਣੀ ਗਈ ਇਸ ਬੇਸ਼ਕੀਮਤੀ ਪੁੰਨ-ਸਥੱਲੀ, ਸ੍ਰੀ ਅਨੰਦਪੁਰ ਸਾਹਿਬ ਦਾ ਓਹ ਪਾਵਨ ਪੁਨੀਤ ਸਥਾਨ, ਸ੍ਰੀ ਕੇਸਗੜ੍ਹ ਵੀ ਖ਼ਾਲਸੇ ਦੇ ਸ਼ਰੀਕਾਂ ਨੂੰ ਚੁੱਭਿਆ ਜਿਨ੍ਹਾਂ ਨੇ ਪਹਿਲਾਂ ਦਸ਼ਮੇਸ਼ ਪਿਤਾ ਦੀ ਪੁਸ਼ਾਕ ਵਰਗਾ ਸਵਾਂਗ ਰਚਾ ਕੇ ਜ਼ਹਿਰ ਘੋਲੀ ਤੇ 'ਸੱਤ ਸਿਤਾਰੇ' ਨਹੀਂ ਸੱਤ ਹੈਂਸਿਆਰੇ (ਜ਼ਾਲਮ) ਸਾਜਣ ਦਾ ਪਾਖੰਡ ਰਚਿਆ। ਫਿਰ ਸ੍ਰੀ ਗੁਰੂ ਗ੍ਰੰਥ ਦੇ ਪਾਕੀਜ਼ ਸਰੂਪਾਂ ਦੀ ਚੋਰੀ, ਬੇਅਦਬੀ, ਨਿਰੰਤਰ ਬੇਅਦਬੀ ਅਤੇ ਸੰਗਤੀ ਵਿਰੋਧ 'ਤੇ, ਆਪਣਿਆਂ ਲਗਦਿਆਂ ਨੂੰ ਖ਼ੁਸ਼ ਕਰਨ ਲਈ, ਗੋਲੀਆਂ ਦੀ ਬਰਸਾਤ। ਅਦਾਲਤੀ ਕੇਸਾਂ ਦੀ ਅਣਗੌਲਣਾ, ਚਾਰਜ ਸ਼ੀਟਾਂ ਹੀ ਪੇਸ਼ ਨਾ ਕਰਨੀਆਂ। ਸਾਰੇ ਦੋਸ਼ੀਆਂ ਨੂੰ ਬਰੀ ਕਰਵਾ ਲੈਣਾ ਤੇ ਓਸ ਦੰਭੀ, ਕਾਮੀ ਤੇ ਪਾਜੀ ਸਾਧ ਨੂੰ ਸਭ ਤੋਂ ਅਹਿਮ ਤਖ਼ਤ ਤੋਂ ਆਪ ਹੁਦਰੇ ਹੀ ਮੁਆਫ਼ੀ ਵੀ ਦੁਆ ਦੇਣਾ ਤਾਂ ਜੋ ਪ੍ਰੇਮੀਆਂ ਦੀਆਂ ਵੋਟਾਂ ਬਟੋਰ ਕੇ ਅਕਾਲੀ ਸਰਕਾਰ 'ਤੇ ਕਾਬਜ਼ ਹੋਇਆ ਜਾ ਸਕੇ। ਸਾਧ ਨਾਲ ਰੋਟੀ ਬੇਟੀ ਦੀ ਸਾਂਝ ਤੋੜਣ ਤੇ ਸਮਾਜਿਕ ਬਾਈਕਾਟ ਦਾ ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਣ ਦੇ ਬਾਵਜੂਦ ਕੀ ਅਕਾਲੀ ਲੀਡਰ ਵਿਭਚਾਰੀ ਸਾਧ ਦੇ ਦਰਬਾਰ ਵਿਚ ਨਤਮਸਤਕ ਨਹੀਂ ਹੁੰਦੇ ਰਹੇ? ਸਾਡੇ ਕੋਲ ਓਹ ਵੀਡੀਓਜ਼ ਮੌਜੂਦ ਹਨ ਜਿੱਥੇ ਬਾਪ ਬੇਟਾ ਓਸ ਕਮੀਨੇ ਅੱਗੇ ਵੋਟਾਂ ਲਈ ਗਿੜਗਿੜਾ ਰਹੇ ਹਨ। ਅੱਜ ਮੀਡੀਆ ਅੱਗੇ, ਅਕਾਲੀ ਦਲ ਦੇ ਬੁਲਾਰੇ, ਕਾਂਗਰਸੀ ਮੰਤਰੀਆਂ ਸੰਤਰੀਆਂ ਦੀ 'ਨਾਮ ਚਰਚਾ' ਘਰਾਂ ਵਿੱਚ ਸ਼ਮੂਲੀਅਤ ਨੂੰ ਲੈ ਕੇ ਸਮਾਜਿਕ ਬਾਈਕਾਟ ਦੇ ਨਾਅਰੇ ਲਾ ਰਹੇ ਹਨ, ਮੈਂ ਪੁੱਛਦੀ ਹਾਂ ਕਿ ਤੁਹਾਡੇ ਆਗੂਆਂ ਨੇ ਤਾਂ ਗੁਰੂ-ਵਰੋਸਾਏ ਤਖ਼ਤ ਦੇ ਹੁਕਮਾਂ ਦੀਆਂ ਧੱਜੀਆਂ ਉਡਾ ਕੇ ਪਾਖੰਡੀ ਦੀਆਂ ਚੌਂਕੀਆਂ ਭਰੀਆਂ ਸਨ ਤੇ ਤੁਸੀਂ ਕਿਹੜੇ ਮੂੰਹ ਨਾਲ ਸਮਾਜਿਕ ਤੋੜ ਵਿਛੋੜੇ ਦੀ ਗੱਲ ਕਰ ਰਹੇ ਹੋ? ਇਸ ਹਮਾਮ ਵਿਚ ਤੁਸੀਂ ਸਾਰੇ ਦੇ ਸਾਰੇ ਨੰਗੇ ਹੋ। ਇੱਕੋ ਥੈਲੀ ਦੇ ਚੱਟੇ ਵੱਟੇ!! ਦੰਮਾਂ ਦੇ ਲੋਭੀ!! ਕੁਰਸੀਆਂ ਦੇ ਭੁੱਖੇ!!

ਹਾਂ, ਇਹ ਬਿਰਤਾਂਤ ਤੇ ਇਨ੍ਹਾਂ ਵੱਲੋਂ ਕੀਤੇ ਕਾਰੇ ਇਸ ਕਦਰ ਲੰਮੇ ਹਨ ਕਿ ਇਕ ਇਕ ਵਾਕਿਆ ਹੀ ਗੱਲ ਅਗਾਂਹ ਨਹੀਂ ਤੁਰਨ ਦਿੰਦਾ। ਸ੍ਰੀ ਕੇਸਗੜ੍ਹ ਦੀ ਰੇਕੀ ਕਰਕੇ, ਮਾਚਸ ਦੀ ਤੀਲੀ ਹੱਥ ਵਿਚ ਲੈ ਕੇ ਘਾਤ ਲਾ ਕੇ, ਪੂਰੀ ਸਾਜਿਸ਼ ਰਚ ਕੇ ਤੇ ਸਾਡੇ ਜ਼ਿੰਮੇਵਾਰਾਂ ਨੂੰ ਚੁਣੌਤੀ ਦੇ ਕੇ ਜਿਹੜਾ ਹੈਂਸਿਆਰਾ (ਸਿਤਾਰਾ) ਇਨ੍ਹਾਂ ਸਾਰਿਆਂ ਦੇ ਸਿਰ ਵਿਚ ਸੁਆਹ ਪਾ ਕੇ ਓਸ ਪਵਿੱਤਰ ਹਾਲ ਤੱਕ ਪੁੱਜ ਗਿਆ ਜਿਹਦੀ ਮਹਿਮਾ, ਵਡਿਆਈ, ਗਰਿਮਾ, ਵਿਲੱਖਣਤਾ, ਸਦੀਵਤਾ ਤੇ ਯੋਗਦਾਨ ਨਿਰਵਿਵਾਦਤ ਹੈ ਤੇ ਸਥਾਈ ਵੀ। ਇਸ ਵੰਗਾਰਮਈ ਮੌਕੇ, ਦਰਸ਼ਨਾਂ ਨੂੰ ਅੰਮ੍ਰਿਤ ਵੇਲੇ ਆਈ ਇਕ ਜਾਗਰੂਕ ਸਵਾਣੀ ਅਤੇ ਸੁਰੱਖਿਆ ਕਰਮੀ ਵੇਲਾ ਨਾ ਸੰਭਾਲਦੇ ਤਾਂ ਸਾਡੇ ਇਸ਼ਟ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅੱਗ ਦੀਆਂ ਲਪਟਾਂ ਦੇ ਹਵਾਲੇ ਕਰਨ ਦੀ ਓਸ ਮਨਚਲੇ ਡੇਰਾ-ਦੂਤ ਨੇ ਕੋਈ ਕਸਰ ਨਹੀਂ ਸੀ ਛੱਡੀ। ਜਿਸ ਪਾਵਨ ਭੂਮੀ ਤੋਂ ਰੱਤ ਪੀਣੀਆਂ ਜੋਕਾਂ ਮਾਰਨ ਦੇ ਜੈਕਾਰੇ ਗੂੰਜੇ ਹੋਣ, ਜ਼ੁਲਮ ਖ਼ਿਲਾਫ਼ ਤਲਵਾਰਾਂ ਉੱਠੀਆਂ ਹੋਣ, ਮਨੁੱਖਤਾ ਦੇ ਰਾਖੇ ਖ਼ਾਲਸੇ ਦਾ ਜਨਮ ਹੋਇਆ ਹੋਵੇ, ਉਸਨੂੰ ਰਾਖ ਵਿਚ ਬਦਲ ਦੇਣ ਦੀ ਹਿਮਾਕਤ ਕਿਸੇ ਬਹੁਤ ਵੱਡੀ ਸਾਜਿਸ਼ ਦਾ ਹਿੱਸਾ ਸੀ ਤੇ ਹੈ ਵੀ ਕਿਉਂਕਿ ਮਹਿੰਗੇ ਮੁੱਲਾਂ ਤੇ ਪ੍ਰਾਪਤ ਕੀਤੀ ਸਿੱਖੀ ਦੇ ਦੁਸ਼ਮਣ ਸਿੱਖੀ ਦੇ ਸੋਮਿਆਂ 'ਤੇ ਲਗਾਤਾਰ, ਯੋਜਨਾਬੱਧ, ਮਾਰੂ ਤੇ ਤਬਾਹਕੁੰਨ ਹਮਲੇ ਕਰਨ ਵਿਚ ਸਫ਼ਲ ਹੋ ਰਹੇ ਹਨ। ਪਰ! ਪਰ ਸਾਡਾ ਪੰਥਕ ਬੰਦੋਬਸਤ, ਸੁਰੱਖਿਆ ਤੰਤਰ, ਪੁੱਛ-ਪੜਤਾਲ ਤੇ

ਜਾਂਚ ਕੇਡਾ ਕੱਚਾ, ਨਾਕਾਫ਼ੀ ਅਤੇ ਨਖਿੱਧ ਹੈ ਕਿ ਕੋਈ ਨਿਹੰਗ ਸਿੰਘ ਗੋਲੀ ਚਲਾ ਦੇਵੇ। ਮਲਾਈ ਖਾਂਦੇ ਜਥੇਦਾਰ ਵੇਲੇ ਸਿਰ ਨਦਾਰਦ! ਸ਼੍ਰੋਮਣੀ ਕਮੇਟੀ ਦੀ ਚੁਣ ਚੁਣ ਕੇ ਪਾਲੀ ਹੋਈ ਟਾਸਕ ਫੋਰਸ ਗ਼ੈਰਹਾਜ਼ਰ!! ਕਿਸਨੂੰ ਪ੍ਰਵਾਹ ਹੈ ਸਾਡੇ ਪਵਿੱਤਰ ਗੁਰਧਾਮਾਂ ਦੀ? ਜ਼ਿੰਮੇਵਾਰ ਜਥੇਦਾਰ ਦਾ ਆਨੀ ਬਹਾਨੀਂ ਬੀਮਾਰੀ ਦਾ ਢਕਵੰਜ ਰਚ ਕੇ ਜਲੰਧਰ ਜਾਂ ਹਸਪਤਾਲ ਦਾਖ਼ਲ ਹੋਣਾ ਤੇ ਬੀਬੀ ਵੱਲੋਂ ਪਾਖੰਡਪੂਰਨ ਬਿਆਨਬਾਜ਼ੀ ਕਰਕੇ ਓਸ ਦਾ ਬਚਾਅ ਤੇ ਉਸ ਦੀ ਨੌਕਰੀ ਦਾ ਬਚਾਅ, ਆਖ਼ਰ ਕੀ ਸੰਕੇਤ ਕਰ ਰਹੇ ਹਨ? ਸੰਗਤੀ ਦਬਾਅ ਕਾਰਨ ਮੈਨੇਜਰ ਦਾ ਤਬਾਦਲਾ ਤਾਂ ਕੀਤਾ ਪਰ ਆਪਣੇ ਟਪੂਸੀ ਮਾਰਨ ਦੇ ਆਖ਼ਰੀ ਦਿਨ ਓਸੇ ਦਾਗੀ ਮੈਨੇਜਰ ਦਾ ਮੁੜ ਸ੍ਰੀ ਕੇਸਗੜ੍ਹ ਸਾਹਿਬ ਤਬਾਦਲਾ ਕਰ ਜਾਣਾ ਇਕ ਬਹੁਤ ਗਹਿਰੀ ਤੇ ਮਾਰੂ ਸਾਜਿਸ਼ ਵਲ ਇਸ਼ਾਰਾ ਹੈ। ਅੱਜ ਬਹੁਤ ਵੱਡੇ ਬਦਲਾਅ ਦੀ ਲੋੜ ਹੈ ਤੇ ਗੁਰਧਾਮਾਂ ਨੂੰ ਬੌਣੇ, ਮਿੱਟੀ ਦੇ ਮਾਧੋ, ਊਣੇ, ਲਾਲਚੀ ਅਤੇ ਹੱਥ ਠੋਕੇ ਜਥੇਦਾਰਾਂ ਤੋਂ ਰਹਿਤ ਕਰਨ ਦੀ ਜ਼ਰੂਰਤ! ਕੀ ਨਵੇਂ ਥਾਪੇ ਪ੍ਰਧਾਨ ਆਜ਼ਾਦ ਹੋ ਕੇ ਕੋਈ ਸੁਧਾਰ ਕਰਨ ਦੀ ਕੋਸ਼ਿਸ਼ ਕਰਨਗੇ?

'ਬੇਅਦਬੀਆਂ', ਸ਼੍ਰੋਮਣੀ ਕਮੇਟੀ ਦੇ ਸੌ ਸਾਲਾ ਇਤਿਹਾਸ ਵਿਚ ਸ਼ਾਇਦ ਸਭ ਤੋਂ ਵੱਡਾ ਤੇ ਚਰਚਿਤ ਮੁੱਦਾ ਰਿਹਾ ਹੋਵੇ ਕਿਉਂਕਿ ਇਕ ਨਹੀਂ, ਕਈ ਕਈ ਸਰਕਾਰਾਂ ਤੇ ਸਿਆਸੀ ਚਿਹਰੇ ਇਸ ਨਾਲ ਓਤਪੋਤ ਦੇਖੇ ਗਏ ਹਨ। ਮੰਦਰ ਮਸਜਿਦ ਵਿਵਾਦ ਵਾਂਗ ਇਸ ਮਰਹਲੇ 'ਤੇ ਵੀ ਬੇਹੱਦ ਕਾਗਜੀ ਤੇ ਜ਼ਬਾਨੀ ਕਲਾਮੀ ਕਾਰਵਾਈ ਹੋਈ ਹੈ। ਲੋਕਲਾਜੀ ਪੜਤਾਲਾਂ ਹੋਈਆਂ, ਕਮਿਸ਼ਨ ਬੈਠੇ ਤੇ ਕਚਹਿਰੀਆਂ ਦੇ ਦਿਖਾਵੇ ਵੀ ਕੀਤੇ ਗਏ ਪਰ ਪਰਨਾਲਾ ਉੱਥੇ ਦਾ ਉੱਥੇ। ਮੁੱਦਾ ਉੱਥੇ ਦਾ ਉੱਥੇ। ਕਾਰਨ ਸਪਸ਼ਟ ਹਨ ਕਿ ਕਰਨ ਕਰਾਉਣ ਵਾਲਿਆਂ ਦੇ ਹੱਥ ਐਨੇ ਲੰਮੇ ਸਨ ਕਿ ਕੁਝ ਵੀ ਨਿਸ਼ਾਨ ਬਾਕੀ ਨਹੀਂ ਛੱਡੇ ਗਏ। ਤਾਕਤ ਦੇ ਨਸ਼ੇ ਵਿਚ ਇਹਨਾਂ ਆਪਣਾ ਇਸ਼ਟ ਅਲੋਪ ਕਰ ਦਿੱਤਾ ਤੇ ਯਾਰੀ ਪੰਥ-ਦੋਖੀਆਂ ਨਾਲ ਪਾਲੀ। ਅੱਜ ਸੰਤਪਿਤ ਗੁਰੂ ਦੀਆਂ ਸੰਗਤਾਂ ਦੁਹੱਥੜੀ ਪਿੱਟ ਰਹੀਆਂ ਹਨ ਪਰ ਸੁਣਵਾਈ ਕੋਈ ਨਹੀਂ। ਇੱਥੇ ਹੀ ਅਲੋਪ ਕੀਤੇ 328 ਸਰੂਪਾਂ ਦੀ ਦੁਖਦਾਇਕ ਘਟਨਾ ਵੀ ਵਿਚਾਰੀ ਜਾ ਰਹੀ ਹੈ ਜਿਸ ਖ਼ਾਤਿਰ ਐਡਾ ਅੰਦੋਲਨ ਹੋਇਆ, ਧਰਨੇ ਲੱਗੇ ਅਤੇ ਸੰਗਤੀ-ਵਿਰੋਧ ਵੀ ਪਰੰਤੂ ਸਾਡੇ ਆਹਲਾ ਪੰਥਕ ਅਧਿਕਾਰੀਆਂ ਤੇ ਜ਼ਿੰਮੇਵਾਰ ਲੋਕਾਂ ਨੇ ਗੱਲ ਕਿਸੇ ਤਣ ਪੱਤਣ ਨਹੀਂ ਲੱਗਣ ਦਿੱਤੀ। ਛੋਟੇ ਮੁਲਾਜ਼ਮਾਂ ਨੂੰ ਬਲੀ ਦਾ ਬੱਕਰਾ ਬਣਾਉਂਦਿਆਂ ਵੱਡੇ ਗੁਨਾਹਗਾਰਾਂ ਨੂੰ ਹੱਥ ਤੱਕ ਨਹੀਂ ਲਾਇਆ ਗਿਆ। ਨਿਸਚੇ ਹੀ ਪਾਵਨ ਸਰੂਪਾਂ ਦੀ ਐਡੀ ਵੱਡੀ ਤਾਦਾਦ ਵਿਚ ਗੁੰਮਸ਼ੁਦਗੀ ਕਿਸੇ ਬੇਹੱਦ ਡੂੰਘੀ ਸਾਜਿਸ਼ ਵੱਲ ਸੰਕੇਤ ਹੈ ਤੇ ਚਰਚਾ ਤਾਂ ਇੱਥੋਂ ਤੱਕ ਵੀ ਹੁੰਦੀ ਰਹੀ ਹੈ ਕਿ ਪਰਿਕਰਮਾ ਵਿਚ ਨਵੇਂ ਫਰਸ਼ਾਂ ਦੀ ਵਿਛਾਈ ਮੌਕੇ ਲਾਈਆਂ ਗਈਆਂ ਇੱਟਾਂ ਉੱਪਰ 'ਸ੍ਰੀ ਰਾਮ' ਉੱਕਰਿਆ ਹੋਇਆ ਸੀ ਤਾਂ ਜੋ ਕਦੇ ਲੰਮੇ ਅਰਸੇ ਬਾਅਦ ਇਸ ਨੂੰ ਗਣੇਸ਼ ਦੇ ਮੰਦਰ ਵਜੋਂ ਪਰਚਾਰਿਆ ਜਾ ਸਕੇ। ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਪਹਿਲੀਆਂ ਯੋਜਨਾਬੱਧ ਬੇਅਦਬੀਆਂ ਦਾ ਲੇਖਾ ਜੋਖਾ, ਹਿਸਾਬ-ਕਿਤਾਬ ਅਤੇ ਤਫ਼ਤੀਸ਼ ਨਾ ਹੋਣ ਕਰਕੇ ਇਹ ਅਮਲ ਬਾਦਸਤੂਰ ਜਾਰੀ ਹਨ। ਲਾਹਨਤ ਹੈ ਅਜਿਹੇ ਪ੍ਰਬੰਧਕਾਂ, ਸੰਚਾਲਕਾਂ ਅਤੇ ਆਗੂਆਂ ਦੇ ਜਿਹੜੇ ਆਪਣੇ ਇਸ਼ਟ ਦੀ ਬੇਹੁਰਮਤੀ, ਬੇਇਜ਼ਤੀ, ਘਟਾ, ਅਣਗੌਲਣਾ ਤੇ ਬੇਰੁਖ਼ੀ ਨੂੰ ਹਜ਼ਮ ਕਰ ਸਕਦੀਆਂ ਹਨ ਤੇ ਕੈਸ਼ ਕਰਨ ਦੀ ਹਿਮਾਕਤ ਵੀ।

ਲੇਖਕਾ ਹਮੇਸ਼ਾ ਤੋਂ ਇਸ ਵਿਚਾਰ 'ਤੇ ਬੱਲ ਦਿੰਦੀ ਆਈ ਹੈ ਕਿ ਸ਼੍ਰੋਮਣੀ ਕਮੇਟੀ ਸਾਰੇ ਇਤਿਹਾਸਕ ਤੇ ਸਭਿਆਚਾਰਕ ਮਹੱਤਵ ਵਾਲੇ ਗੁਰਧਾਮਾਂ ਦੇ ਪ੍ਰਬੰਧਕਾਂ ਨੂੰ ਦਿਸ਼ਾ-ਨਿਰਦੇਸ਼ ਦੇਵੇ ਕਿ ਕਿਧਰੇ ਵੀ ਗੁਰਦਵਾਰਿਆਂ ਨੂੰ ਸੁੰਨੇ ਨਾ ਛੱਡਿਆ ਜਾਵੇ। ਆਮ ਤੌਰ 'ਤੇ ਸਵੇਰੇ ਸ਼ਾਮ ਦੇ ਦੀਵਾਨਾਂ ਤੋਂ ਬਾਅਦ ਇਨ੍ਹਾਂ ਨੂੰ ਤਾਲੇ ਲਾ ਦਿੱਤੇ ਜਾਂਦੇ ਹਨ ਪਰ ਕੋਈ ਵੀ ਦੋਖੀ, ਸ਼ਾਤਰ ਤੇ ਮਨਮੁਖ ਇੱਥੇ ਮਨਮਾਨੇ ਕਾਰੇ ਕਰ ਸਕਦਾ ਹੈ। ਬਦਲੇ ਹਾਲਾਤ ਵਿਚ, ਸੇਵਾ-ਮੁਕਤ ਮੁਲਾਜ਼ਮਾਂ, ਬੀਬੀਆਂ ਜਾਂ ਬਜ਼ੁਰਗਾਂ ਨੂੰ ਗੁਰੂ ਘਰਾਂ ਵਿਚ ਧਾਰਮਿਕ ਲਾਇਬਰੇਰੀਆਂ ਖੋਲ੍ਹ ਕੇ ਇੱਕ ਪੰਥ ਦੋ ਕਾਜ ਕੀਤੇ ਜਾ ਸਕਦੇ ਹਨ ਅਤੇ ਗੁਰਦਵਾਰਿਆਂ ਦੀ ਰਖਵਾਲੀ ਵੀ ਕੀਤੀ ਜਾ ਸਕਦੀ ਹੈ। ਇਸ ਕਿਸ਼ਤ ਦੀ ਸਮਾਪਤੀ ਕਰਦਿਆਂ, ਮੈਂ ਭਰੇ ਮਨ ਨਾਲ ਕੇਵਲ ਇੰਨਾ ਹੀ ਆਖਣਾ ਚਾਹੁੰਦੀ ਹਾਂ ਕਿ ਨਿਹਾਇਤ ਕੁਰਬਾਨੀਆਂ ਤੋਂ ਪਿੱਛੋਂ ਹੋਂਦ ਵਿਚ ਆਈ ਸ਼੍ਰੋਮਣੀ ਕਮੇਟੀ ਅੱਜ ਅਸਲ ਮੁੱਦਿਆਂ ਤੋਂ ਭਟਕ ਕੇ ਗੰਦੀ ਰਾਜਨੀਤੀ ਦੀ ਕੁੱਛੜ ਚੜ੍ਹ ਚੁੱਕੀ ਹੈ।

ਇਕ ਦਿਨ ਸਵੇਰੇ ਸਵੇਰੇ ਜਦੋਂ ਅਖ਼ਬਾਰ ਵਿੱਚੋਂ ਕਿਸੇ ਗੁਰਦਵਾਰੇ ਦੇ ਗ੍ਰੰਥੀ ਦੀ ਸ਼ਰਾਬ ਦੇ ਨਸ਼ੇ ਵਿਚ ਧੁੱਤ ਹੋ ਕੇ ਨਿੱਤਨੇਮ ਸੰਪੂਰਨ ਕਰਨ ਦੀ ਸਨਸਨੀਖੇਜ਼ ਖ਼ਬਰ ਪੜ੍ਹੀ ਤਾਂ ਦਿਲ ਖ਼ੂਨ ਦੇ ਹੰਝੂ ਰੋ ਉੱਠਿਆ। ਆਪਣੀਆਂ ਅੱਖਾਂ 'ਤੇ ਯਕੀਨ ਨਾ ਆਵੇ। ਸੋਚਾਂ ਕਿ ਐਵੇਂ ਕਿਸੇ ਨੇ ਲਿਖ ਦਿੱਤਾ ਹੋਣਾ ਹੈ ਪਰ ਜਦੋਂ ਪਿੰਡ ਜ਼ਿਲ੍ਹਾ ਤੇ ਸਾਰਾ ਵਿਸਤਾਰ ਦੇ ਕੇ ਲਾਈ ਖ਼ਬਰ ਦੋਬਾਰਾ ਪੜ੍ਹੀ ਤਾਂ ਸ਼ੰਕੇ ਸੰਸੇ ਵਾਲੀ ਕੋਈ ਕਸਰ ਹੀ ਬਾਕੀ ਨਹੀਂ ਸੀ ਰਹਿ ਗਈ। ਚਿੱਟੇ ਦਿਨ ਵਾਂਗ ਸਾਫ਼ ਸੀ ਕਿ ਭਾਈ ਜੀ ਦਾਰੂ ਦਾਸੀਏ ਹਨ ਤੇ ਸ਼ੁੱਧ ਪਾਠ ਕਰਨ ਲਈ ਇਹ ਉਨ੍ਹਾਂ ਦੀ ਸਹਾਇਤਾ ਕਰਦੀ ਹੈ। ਲੱਖ ਲਾਹਨਤ ਹੈ ਸਾਡੀ ਕਰਤੂਤ ਤੇ ਅਮਲਾਂ 'ਤੇ ਜਿੱਥੇ 'ਨਾਮ ਖ਼ੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤਿ' ਦੀ ਬਜਾਇ ਹੁਣ ਸ਼ਰਾਬ ਦੀ ਖ਼ੁਮਾਰੀ ਸਾਡੇ 'ਤੇ ਭਾਰੂ ਹੋ ਚੁੱਕੀ ਹੈ। ਹੋਰ ਗ੍ਰਿਹਸਥੀਆਂ ਦੇ ਨਾਲ-ਨਾਲ ਹੁਣ ਪਾਠੀਆਂ, ਗ੍ਰੰਥੀਆਂ ਤੇ ਧਾਰਮਿਕ ਕਾਰਜਾਂ ਵਿਚ ਦਿਖਾਵੇ ਲਈ ਜੁੜੇ ਲੋਕਾਂ ਦਾ ਸ਼ਰਾਬ ਦੀ ਪਰੀ ਨਾਲ ਬਾਵਸਤਾ ਹੋਣਾ ਆਮ ਰਿਵਾਇਤ ਹੀ ਬਣ ਗਈ ਹੈ। ਮੈਂ ਕਈ ਵਾਰ ਪਹਿਲਾਂ ਵੀ ਜ਼ਿਕਰ ਕਰ ਚੁੱਕੀ ਹਾਂ ਕਿ ਕੁਝ ਸਾਲ ਪਹਿਲਾਂ, ਕਿਸੇ ਸ਼੍ਰੋਮਣੀ ਕਮੇਟੀ ਮੈਂਬਰ ਦੇ ਪੁੱਤਰ ਦੇ ਵਿਆਹ ਵਿਚ ਮੀਟ ਸ਼ਰਾਬ ਦਾ ਜਿਹੜਾ ਛਲਕਦਾ-ਗਟਕਦਾ ਰੂਪ ਮੈਨੂੰ ਦੇਖਣ ਦਾ ਮੌਕਾ ਮਿਲਿਆ, ਉਸਦਾ ਮੈਂ ਵਰਨਣ ਹੀ ਨਹੀਂ ਕਰ ਸਕਦੀ। 'ਪੀਓ ਤੇ ਜੀਓ', ਆਖ਼ਿਰ ਪੰਜਾਬ ਵੀ ਤਾਂ ਚਲਾਉਣੈ, ਜੇਕਰ ਪੈਰ-ਪੈਰ 'ਤੇ ਖੁੱਲ੍ਹੇ ਠੇਕਿਆਂ 'ਤੇ ਵਿੱਕਰੀ ਨਹੀਂ ਤਾਂ ਸਰਕਾਰ ਦੀ ਗੱਡੀ ਵੀ ਖੜ੍ਹੀ ਹੋ ਜਾਊ ਜਿਹੜੀ ਚਲਦੀ ਹੀ ਸ਼ਰਾਬ ਦੇ ਸਿਰ 'ਤੇ ਹੈ। 'ਅੰਮ੍ਰਿਤ ਦਾ ਵਪਾਰੀ' ਹੋ ਕੇ ਮੱਦ ਦੇ ਪਿਆਲਿਆਂ ਵਿਚ ਡੁੱਬ ਚੁੱਕਾ ਪੰਜਾਬੀ ਸ਼ਖ਼ਸ ਕਿਸੇ ਵੀ ਕਿੱਤੇ ਨਾਲ ਇਨਸਾਫ਼ ਨਹੀਂ ਕਰ ਸਕਦਾ, ਧਾਰਮਿਕ ਨਾਲ ਤਾਂ ਉੱਕਾ ਹੀ ਨਹੀਂ। ਪਹਿਲਾ ਵੀ, ਗੁਰਦਵਾਰਿਆਂ ਤੋਂ ਬੇਅਦਬੀ ਤੇ ਹੋਰ ਗ਼ਲਤ ਹਰਕਤਾਂ (ਬਲਾਤਕਾਰਾਂ) ਦੀਆਂ ਖ਼ਬਰਾਂ ਆਉਂਦੀਆਂ ਰਹੀਆਂ ਹਨ, ਇਸੇ ਕਰਕੇ ਕਈ ਵਾਰ ਅਵਾਜ਼ ਬੁਲੰਦ ਕਰਨ ਦੀ ਕੋਸ਼ਿਸ਼ ਕਰਦੀ ਰਹੀ ਹਾਂ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਮੂਹ ਗੁਰਦਵਾਰਿਆਂ ਦੀਆਂ ਕਮੇਟੀਆਂ ਨੂੰ ਪੱਕੇ ਦਿਸ਼ਾ-ਨਿਰਦੇਸ਼ ਦੱਤੇ ਜਾਣ ਤੇ ਪਿੰਡਾਂ ਤੇ ਨਗਰਾਂ ਦੇ ਮੁਹਤਬਰਾਂ ਨੂੰ ਇਸ ਸੇਵਾ ਵਿਚ ਭਾਗੀਦਾਰ ਬਣਾਇਆ ਜਾਵੇ। ਵਿਦੇਸ਼ਾਂ ਵਿਚ ਆਪਣੇ ਪੱਧਰ 'ਤੇ ਅਜਿਹੇ ਨਿਯਮ ਅਪਣਾਏ ਜਾ ਰਹੇ ਹਨ ਤੇ ਗੁਰਦਵਾਰੇ ਕਦੇ ਵੀ ਸੁੰਨੇ ਨਹੀਂ ਛੱਡੇ ਜਾਂਦੇ। ਇਸ ਪ੍ਰਬੰਧ ਨੂੰ ਹੋਰ ਪਾਰਦਰਸ਼ੀ ਢੰਗ ਨਾਲ ਚਲਾਏ ਜਾਣ ਲਈ ਸਮੇਂ-ਸਮੇਂ ਮੇਲ ਮੁਲਾਕਾਤਾਂ ਵੀ ਜ਼ਰੂਰੀ ਹਨ। ਪੁੱਛ ਪੜਤਾਲ ਤੇ ਅਚਨਚੇਤੀ ਚੈਕਿੰਗ ਵੀ ਲੋੜੀਂਦੀ ਹੈ।

ਸਾਰਾ ਜੱਗ ਜਾਣਦੈ ਕਿ ਸਿੱਖੀ ਦੇ ਸੋਮੇ ਪੰਜਾਬ ਵਿਚ ਹੀ ਸਿੱਖੀ ਨੂੰ ਘੁਣ ਲੱਗ ਚੁੱਕਾ ਹੈ। ਸਿੱਖੀ ਸਰੂਪ, ਸਿੱਖ ਵਿਚਾਰਧਾਰਾ ਅਤੇ ਸਿੱਖੀ ਕਿਰਦਾਰ ਆਪਣੇ ਖਾਸੇ ਤੋਂ ਦੂਰ ਜਾ ਚੁੱਕੇ ਹਨ। ਸਰਹੱਦੀ ਨਗਰਾਂ ਤੇ ਪਿੰਡਾਂ ਵਿਚ ਈਸਾਈਅਤ ਦਾ ਰੱਜ ਕੇ ਬੋਲਬਾਲਾ ਹੈ। ਸ਼ਹਿਰਾਂ ਵਿਚ ਧੜਾਧੜ ਮੂਰਤੀਆਂ ਸਥਾਪਿਤ ਹੋ ਰਹੀਆਂ ਹਨ। ਜੇ ਸੁਚਾਰੂ ਜਤਨ

ਨਦਾਰਦ ਹਨ ਤਾਂ ਉਹ ਸਿੱਖੀ ਨਾਲ ਸੰਬੰਧਿਤ ਹੀ ਹਨ। ਕੋਰੋਨਾ ਕਾਲ ਵਿਚ ਜਿਹੜੇ ਮਾੜੇ ਮੋਟੇ ਜਤਨ ਅਸੀਂ ਕਰਦੇ ਰਹੇ ਹਾਂ, ਹੁਣ ਉਹ ਵੀ ਬਹੁਤ ਘਟ ਚੁੱਕੇ ਹਨ। ਕਿਤੇ ਸਰਵ ਸਾਂਝੇ ਗੁਰਮਤਿ ਕੈਂਪ ਨਹੀਂ, ਕੋਈ ਧਾਰਮਿਕ ਸਬਕ ਨਹੀਂ। ਗੱਲ ਕੀ ਕਿਸੇ ਧਰਮ ਪ੍ਰਚਾਰਕ ਵਲੋਂ ਉੱਕਾ ਹੀ ਕੋਈ ਕੋਸ਼ਿਸ਼ ਨਹੀਂ ਹੋ ਰਹੀ ਕਿਉਂਕਿ ਸ਼੍ਰੋਮਣੀ ਕਮੇਟੀ ਵੱਲੋਂ ਹਮਾਇਤ ਹੀ ਕੋਈ ਨਹੀਂ। ਕੀ ਬਣੂੰ ਸਾਡਾ? ਸਾਡੇ ਸ਼ਰੀਕ ਤਾਂ ਸਾਨੂੰ ਰੋਕਣ ਲਈ ਪੱਬਾਂ ਭਾਰ ਹਨ। ਕਾਰ ਸੇਵਾ ਦੇ ਬਹਾਨੇ, ਸਾਡੇ ਮਹਾਨ ਇਤਿਹਾਸ ਨੂੰ ਖ਼ਤਮ ਕਰਨ ਦਾ ਤਾਂ ਪਹਿਲਾਂ ਹੀ ਜ਼ੋਰ ਲੱਗਿਆ ਹੋਇਆ। ਸੰਗਮਰਮਰਾਂ ਥੱਲੇ ਦਫ਼ਨ ਕੀਤਾ ਜਾ ਰਿਹਾ ਜਾਂ ਕੀਤਾ ਜਾ ਚੁੱਕਾ ਸਾਡਾ ਲਹੂ ਭਿੱਜਾ ਇਤਿਹਾਸ ਪਹਿਲਾਂ ਹੀ ਸਾਡੇ ਦੁਸ਼ਮਣਾਂ ਨੇ ਅਲੋਪ ਕਰ ਦਿੱਤਾ ਹੈ ਤੇ ਤਖ਼ਤਾਂ ਦੇ ਜਥੇਦਾਰਾਂ ਦੇ ਨਾਂ ਹੇਠ ਛਪੀਆਂ, ਭੰਬਲ ਭੂਸਿਆਂ ’ਚ ਪਾਉਣ ਵਾਲੀਆਂ ਕਿਤਾਬਾਂ, ਸ਼ਰਧਾ ਵੱਸ ਗ਼ਲਤ ਵੇਰਵੇ ਦੇ ਕੇ ਛਾਪੇ ਗੁਰ ਇਤਿਹਾਸ, ਗੁਰਦਵਾਰਿਆਂ ਵਿਚ ਹੁੰਦੀਆਂ ਇਨ੍ਹਾਂ ਪੁਸਤਕਾਂ ਦੀਆਂ ਕਥਾਵਾਂ, ਆਰ.ਐਸ.ਐਸ. ਨਾਲ ਜੁੜੇ ਕਥਾਕਾਰਾਂ ਤੇ ਪ੍ਰਚਾਰਕਾਂ ਦੀਆਂ ਸੇਵਾਵਾਂ ਕਿੱਧਰ ਸੰਕੇਤ ਕਰ ਰਹੀਆਂ ਹਨ? ਨਵੇਂ ਥਾਪੇ ਪ੍ਰਧਾਨ ਜੀ ਵਾਅਦੇ ਤਾਂ ਕਰ ਰਹੇ ਹਨ ਨੌਜਵਾਨੀ ਨੂੰ ਸਿੱਖ ਫਲਸਫ਼ੇ ਨਾਲ ਜੋੜਨ ਦੇ ਅਤੇ ਸਦਾਚਾਰਕ ਕੀਮਤਾਂ ਦੇ ਪ੍ਰਸਾਰ ਪ੍ਰਚਾਰ ਦੇ ਪਰੰਤੂ ਪਹਿਲਾਂ ਆਪਣੀ ਪੀਹੜੀ ਥੱਲੇ ਸੋਟਾ ਤਾਂ ਫੇਰਨ! ਗੁਰਦਵਾਰਿਆਂ ਦੇ ਮੁਲਾਜ਼ਮਾਂ ਤੇ ਗ੍ਰੰਥੀਆਂ ਵਿਚ ਹੀ ਜੇਕਰ ਐਨੀਆਂ ਸਦਾਚਾਰਕ ਕਮਜ਼ੋਰੀਆਂ, ਕਮੀਆਂ ਤੇ ਊਣਤਾਈਆਂ ਹਨ ਤਾਂ ਨੌਜਵਾਨੀ ਨੂੰ ਸਮਝਾਊ ਕਿਹੜਾ?

ਦਾਸਰੀ ਮਰਹੂਮ ਸ੍ਰ. ਬਲਦੇਵ ਸਿੰਘ (ਅਖੰਡ ਕੀਰਤਨੀ ਜਥੇ ਦੇ ਆਗੂ) ਨਾਲ ਮਿਲ ਕੇ ਸੈਂਕੜੇ ਪਿੰਡਾਂ ਵਿਚ ਧਰਮ ਪ੍ਰਚਾਰ ਲਹਿਰ ਦੀ ਸਰਗਰਮੀ ਨਾਲ ਜੁੜ ਰਹੀ ਹੈ। ਬਹੁਤ ਫ਼ਰਕ ਪੈ ਗਿਆ ਸੀ ਉਦੋਂ ਜਦੋਂ ਉਹ ਹਜ਼ਾਰਾਂ ਹੀ ਪਿੰਡਾਂ ਵਿਚ ਪੂਰਾ-ਪੂਰਾ ਹਫ਼ਤਾ ਪ੍ਰਭਾਤ ਫੇਰੀਆਂ ਕੱਢ ਕੇ ਪ੍ਰਚਾਰ ਕਰਨ ਢੁੱਕਦੇ ਸਨ। ਉਹੋ ਜਿਹੀ ਲਹਿਰ ਦੀ ਅੱਜ ਸ਼ਿੱਦਤ ਭਰੀ ਲੋੜ ਹੈ। ਕਮ-ਜ਼-ਕਮ ਨੌਵੇਂ ਨਾਨਕ ਦੇ ਚਾਰ ਸੌ ਸਾਲਾ ਮੁਬਾਰਕ ਪ੍ਰਕਾਸ਼ ਪੁਰਬ ਮੌਕੇ ਹੀ ਅਜਿਹਾ ਕੋਈ ਜਤਨ ਕੀਤਾ ਗਿਆ ਹੁੰਦਾ ਕਿਉਂਕਿ ਗੁਰੂ ਤੇਗ਼ ਬਹਾਦਰ ਸਾਹਿਬ ਖ਼ੁਦ ਪੁੱਤਰ ਦੀ ਦਾਤ ਮਿਲਣ ਸਮੇਂ ਵੀ ਪ੍ਰਚਾਰ ਦੌਰਿਆਂ 'ਤੇ ਸਨ ਅਤੇ ਆਪਣੇ ਸਤਿਗੁਰੂ ਜੀ ਵੱਲੋਂ ਗਾਹੀਆਂ ਵਾਟਾਂ 'ਤੇ ਤੁਰ ਰਹੇ ਸਨ। ਸਾਰੇ ਗੁਰੂ ਪਾਤਿਸ਼ਾਹਾਂ ਨੇ ਇਲਾਹੀ ਸੱਚ ਦੇ ਪ੍ਰਚਾਰ ਦੇ ਅਨੇਕ ਜਤਨ ਕੀਤੇ। ਰੱਬੀ ਏਕਤਾ ਦਾ ਪੈਗ਼ਾਮ ਘਰ-ਘਰ ਤੇ ਘਟ-ਘਟ ਤੱਕ ਪਹੁੰਚਾਇਆ ਸੀ ਪਰ ਉਨ੍ਹਾਂ ਦੇ ਵਾਰਿਸ ਇਸ ਕਦਰ ਅਵੇਸਲੇ, ਢੌਂਗੀ ਅਤੇ ਉਲਾਰੂ ਹੋ ਜਾਣਗੇ, ਇਹ ਸ਼ਾਇਦ ਉਨ੍ਹਾਂ ਨੇ ਕਦੇ ਵੀ ਨਾ ਚਿਤਵਿਆ ਹੋਵੇ।

ਗੁਰਦਵਾਰਿਆਂ ਨੂੰ ਸਿਆਸਤਦਾਨਾਂ ਨੇ ਗੰਦੀ ਰਾਜਨੀਤੀ ਦੇ ਅੱਡੇ ਬਣਾ ਦਿੱਤਾ ਹੈ। 'ਗੁਰਦਵਾਰੇ ਹੋਇ ਸੋਝੀ ਪਾਇਸੀ' ਵਾਲਾ ਫ਼ੁਰਮਾਨ ਅੱਜ ਕਿਧਰੇ ਕਿਧਰੇ ਹੀ ਸੱਚ ਸਾਬਿਤ ਹੁੰਦਾ ਦਿਖਾਈ ਦਿੰਦਾ ਹੈ। ਕਮੇਟੀਆਂ ਵਿਚ ਧੜੇ, ਵੋਟਾਂ ਵਿਚ ਹੇਰਾ ਫੇਰੀਆਂ, ਪਾਰਟੀਬਾਜ਼ੀ, ਸੇਵਾਦਾਰਾਂ ਦੀ ਨਿਯੁਕਤੀ ਵੇਲੇ ਵੱਢੀਆਂ ਤੇ ਕਿੜਾਂ, ਸੁਚਾਰੂ ਤੇ ਦੂਰ ਅੰਦੇਸ਼ ਪ੍ਰੋਗਰਾਮਾਂ ਦੀ ਘਾਟ, ਭੇਡਚਾਲੀ ਪ੍ਰੋਗਰਾਮ, ਪੰਚਮੀਆਂ, ਮੱਸਿਆ ਤੇ ਪੂਰਨਮਾਸੀਆਂ ਦਾ ਚਲਣ ਅਤੇ ਗੁਰਮਤਿ ਸੋਝੀ ਦੀ ਘਾਟ ਆਦਿ ਕਿੰਨਾ ਹੀ ਕੁਝ ਹੈ ਜਿਸ ਕਰਕੇ ਸਾਡੇ ਨੌਜਵਾਨ ਗੁਰਦਵਾਰਿਆਂ 'ਚ ਜਾਣ ਤੋਂ ਸੰਕੋਚ ਕਰਨ ਲੱਗ ਪਏ ਹਨ। ਜ਼ਮਾਨੇ ਦੀ ਹਕੀਕਤ ਸਮਝਦਿਆਂ ਪ੍ਰਬੰਧਕਾਂ ਨੂੰ ਸਮੇਂ ਦੇ ਹਾਣ ਦੇ ਸਮਾਗਮ, ਗੁਰਮਤਿ ਕੈਂਪ, ਖੇਡਾਂ ਦੇ ਪ੍ਰੋਗਰਾਮ, ਸਿੱਖਿਅਕ ਤੇ ਗਾਈਡੈਂਸ ਕੈਂਪ ਆਯੋਜਿਤ ਕਰਨੇ ਚਾਹੀਦੇ ਹਨ। ਸਭ ਤੋਂ ਪਹਿਲਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਜਿਸ ਤੋਂ ਸਾਨੂੰ ਸਰਬਾਂਗੀ ਜੀਵਨ ਜਾਚ ਦੀ ਸੋਝੀ ਹੋ ਸਕਦੀ ਹੈ। ਸਿਆਸਤੀ ਦਖ਼ਲਅੰਦਾਜ਼ੀ ਦਾ ਇਕ ਜਿਉਂਦਾ ਜਾਗਦਾ ਉਦਾਹਰਣ ਹੈ ਮਨਜਿੰਦਰ ਸਿੰਘ ਸਿਰਸਾ। ਜਦੋਂ ਇਹ ਦਿੱਲੀ ਕਮੇਟੀ ਦੀ ਚੋਣ ਹਾਰ ਗਿਆ ਤਾਂ ਸ਼੍ਰੋਮਣੀ ਕਮੇਟੀ ਨੇ ਇਸ ਨੂੰ ਆਪਣੇ ਵੱਲੋਂ ਹੀ ਝੱਟਪੱਟ ਮਨੋਨੀਤ ਕਰ ਦਿੱਤਾ ਤੇ ਜਿਹੜਾ ਚੰਦ ਇਸਨੇ ਹੁਣ ਚੜ੍ਹਾਇਆ ਹੈ, ਇਸ ਨੂੰ ਵੀ ਸਾਡੇ ਜਥੇਦਾਰ ਜਸਟੀਫਾਈ ਕਰੀ ਜਾ ਰਹੇ ਹਨ। ਇਸੇ ਸਿਰਸੇ ਦੇ ਜ਼ੀਰੋ ਗੁਰਮਤਿ ਗਿਆਨ ਦੀਆਂ ਵੀਡੀਓਜ਼ ਵੀ ਨਸ਼ਰ ਹੋ ਚੁੱਕੀਆਂ ਹਨ। ਸੋ, ਸਿਰਸਾ ਹੋਵੇ ਜਾਂ ਸਾਡੀ ਬੀਬੀ, ਟਪੂਸੀਆਂ ਮਾਰਨ ਵਿਚ ਇਨ੍ਹਾਂ ਦਾ ਕੋਈ ਸਾਨੀ ਨਹੀਂ ਹੈ।

ਸ਼੍ਰੋਮਣੀ ਕਮੇਟੀ ਅਧੀਨ ਆਉਂਦੇ ਵਿਦਿਅਕ ਅਦਾਰਿਆਂ ਦੇ ਸਟਾਫ਼ ਨੂੰ ਤਨਖ਼ਾਹਾਂ ਕਾਰਨ ਵੀ ਡਾਹਢਾ ਨਿਰਾਸ਼ ਕੀਤਾ ਜਾ ਰਿਹਾ ਹੈ। ਖਿਡਾਰੀਆਂ 'ਤੇ ਕਰੋੜਾਂ ਰੁਪਏ ਦੀ ਵਰਖਾ ਕਰਨ ਵਾਲੀ ਸਾਬਕਾ ਪ੍ਰਧਾਨ ਨੇ ਆਪਣੇ ਸਕੂਲਾਂ ਤੇ ਕਾਲਜਾਂ ਦੇ ਅਧਿਆਪਨ ਅਮਲੇ ਦੀਆਂ ਜਾਇਜ਼ ਤਨਖ਼ਾਹਾਂ 'ਤੇ ਵੀ ਕੱਟ ਲਾ ਦਿੱਤਾ ਹੈ। ਭਾਵੇਂ ਆਪਣੇ ਪ੍ਰਬੰਧ ਅਧੀਨਲੇ 32 ਕਾਲਜਾਂ, 50 ਸਕੂਲਾਂ ਤੇ ਇਕ ਯੂਨੀਵਰਸਿਟੀ ਦੀ ਦੇਖ ਰੇਖ ਲਈ ਇਕ ਵੱਖਰਾ ਵਿਦਿਅਕ ਡਾਇਰੈਕਟੋਰੇਟ ਵੀ ਸਥਾਪਿਤ ਕੀਤਾ ਹੋਇਆ ਹੈ ਪਰੰਤੂ ਬਾਵਜੂਦ ਇਸ ਦੇ ਚਾਰ ਕਾਲਜਾਂ ਤੋਂ ਇਲਾਵਾ ਬਾਕੀ ਸਾਰੇ ਕਾਲਜਾਂ ਦੇ ਸਟਾਫ਼ ਨੂੰ ਛੇ ਮਹੀਨਿਆਂ ਤੋਂ 15 ਮਹੀਨਿਆਂ ਤੱਕ ਦੀ ਤਨਖ਼ਾਹ ਨਹੀਂ ਮਿਲੀ। ਇਨ੍ਹਾਂ ਚਾਰ ਕਾਲਜਾਂ ਨਾਲ ਹੋਰ ਕਈ ਕਾਲਜਾਂ ਨੂੰ ਸੰਬੰਧਿਤ ਕਰਕੇ ਨਿਯਮਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ। ਮੀਡੀਏ 'ਚ ਆਈ ਰਿਪੋਰਟ ਅਨੁਸਾਰ, 16 ਸਤੰਬਰ ਨੂੰ ਇਕੋ ਦਿਨ ਕਈ ਪੱਤਰ ਜਾਰੀ ਕਰਕੇ ਅਨਕਵਰਡ ਸਟਾਫ ਨੂੰ ਕੇਵਲ 25 ਫੀਸਦੀ ਭੱਤੇ ਦੇਣ ਦੇ ਹੁਕਮ ਕੀਤੇ ਗਏ ਹਨ ਜਦੋਂ ਕਿ ਸਰਕਾਰੀ ਤੌਰ 'ਤੇ ਇਹ 148 ਫੀਸਦੀ ਹੈ। ਸਰਕਾਰੀ ਗਰਾਂਟ ਮਿਲਦੇ ਪਦਾਂ 'ਤੇ ਕਾਰਜਸ਼ੀਲ ਅਧਿਆਪਕਾਂ ਨੂੰ ਮਹਿਜ 75 ਫੀਸਦੀ ਗਰਾਂਟ ਵਾਲੀ ਤਨਖ਼ਾਹ ਦੇਣ ਦੇ ਨਿਰਦੇਸ਼ ਹਨ। ਦੋ ਸਾਲ ਦੀ ਪਰਖ ਦਾ ਸਮਾਂ ਪੰਜ ਸਾਲ ਤੇ ਸੇਵਾਲੀਨ ਪ੍ਰੋਫ਼ੈਸਰਾਂ ਵੱਲੋਂ ਪੀ.ਐਚ.ਡੀ. ਕਰਨ 'ਤੇ ਮਿਲਣ ਵਾਲੀ ਉਚੇਚੀ ਤਰੱਕੀ ਬੰਦ ਕਰਨ ਦੇ ਹੁਕਮ ਵੀ ਹਨ। ਸਰਕਾਰ ਨੇ ਤਾਂ ਸਿੱਖਿਆ ਕਰਮੀਆਂ ਨੂੰ ਰੋਲਿਆ ਹੀ ਹੋਇਆ ਹੈ, ਹੁਣ ਸ਼੍ਰੋਮਣੀ ਕਮੇਟੀ ਨੇ ਵੀ ਕੋਈ ਕਸਰ ਨਹੀਂ ਛੱਡੀ। ਵੱਡੀਆਂ-ਵੱਡੀਆਂ ਡੀਗਾਂ ਮਾਰਨ ਵਾਲੀ ਇਸ ਸੰਸਥਾ ਦੀ ਸਿੱਖਿਆ ਸ਼ਾਸਤਰੀਆਂ ਪ੍ਰਤਿ ਕੀ ਹੈ? ਪਹੁੰਚ ਬਦਲਵੀਂ ਪਹੁੰਚ ਅਪਣਾਉਣਗੇ ਕੋਈ?

ਸ਼੍ਰੋਮਣੀ ਕਮੇਟੀ ਅਧੀਨਲੇ ਗੁਰੂ ਰਾਮ ਦਾਸ ਹਸਪਤਾਲ ਬਾਰੇ ਜੋ ਨਵੀਂ ਜਾਣਕਾਰੀ ਹੱਥ ਲੱਗੀ ਹੈ, ਉਹ ਵੀ ਬੜੀ ਤ੍ਰਾਸਦਿਕ ਹੈ। ਮੇਰੇ ਕਿਸੇ ਸਨੇਹੀ ਦੇ ਪਿਤਾ ਨੂੰ ਇੱਥੇ ਦਾਖ਼ਲ ਕਰਾਇਆ ਗਿਆ ਸੀ, ਇਹ ਸੋਚ ਕੇ ਕਿ ਖ਼ਰਚ ਬਣਦਾ ਸਰਦਾ ਹੀ ਆਵੇਗਾ ਪਰ ਜਦੋਂ ਸਾਰੇ ਰਿਸ਼ਤੇਦਾਰਾਂ ਤੋਂ ਮੰਗ ਮੰਗਾ ਕੇ ਅੱਸੀ ਹਜ਼ਾਰ ਨਾਲ ਵੀ ਨਾ ਸਰਿਆ ਤਾਂ ਅਸੀਂ ਪਟਿਆਲੇ ਤੋਂ ਇਕੱਠਾ ਕਰਕੇ ਵੀਹ ਹਜ਼ਾਰ ਭੇਜਿਆ। ਓਸ ਇਲਾਕੇ ਦੇ ਮੈਂਬਰ ਦੀ ਸਿਫ਼ਾਰਸ਼ੀ ਚਿੱਠੀ ਨੇ ਵੀ ਕੋਈ ਮੱਦਦ ਨਾ ਕੀਤੀ। ਅਖ਼ੀਰ ਮੌਤ ਨੇ ਓਸ ਕਥਾਕਾਰ ਦੇ ਬਾਪ ਦੀ ਇੱਥੋਂ ਖ਼ਲਾਸੀ ਕਰਾਈ।

ਸਮੁੱਚੇ ਤੌਰ ’ਤੇ ਇਹੀ ਕਹਿਣਾ ਚਾਹਾਂਗੀ ਕਿ ਸਿੱਖਾਂ ਦੀ ਇਸ ਸਿਰਮੌਰ, ਨਾਮਵਰ, ਵੱਕਾਰੀ ਤੇ ਅਹਿਮ ਸੰਸਥਾ ਨੂੰ ਵੀ ਧਾਰਮਿਕ ਪ੍ਰਦੂਸ਼ਣ ਲੱਗ ਚੁੱਕਾ ਹੈ। ਇਸ 'ਤੇ ਅੱਜ ਕਾਬਜ਼ ਵਿਅਕਤੀ ਮਿਸ਼ਨਰੀ ਤੇ ਨਿਰਸਵਾਰਥਤਾ ਦਾ ਸਬਕ ਭੁੱਲ ਚੁੱਕੇ ਹਨ। ਇਸ ਨੂੰ ਸਿਆਸਤ ਦਾ ਗੜ੍ਹ ਬਣਾ ਦੇਣ ਤੇ ਲਿਫਾਫਿਆਂ ਵਿੱਚੋਂ ਪ੍ਰਧਾਨ ਕੱਢਣ ਕਰਕੇ ਇਹ ਸੰਸਥਾ ਆਪਣਾ ਰੁਤਬਾ ਕਾਇਮ ਨਹੀਂ ਰੱਖ ਸਕੀ। ਪੜ੍ਹੇ ਲਿਖੇ ਨਵੇਂ ਪ੍ਰਧਾਨ ਜੀ ਤੋਂ ਕੀ ਆਸ ਰੱਖੀਏ ਕਿ ਉਹ ਇਸ ਨੂੰ ਪਹਿਲੇ ਵਾਲੇ ਰੁਤਬੇ ਤੱਕ ਪਹੁੰਚਾਉਣ ਲਈ ਜ਼ੋਰ ਲਾਉਣਗੇ? -0-

# ਬੁੱਧ ਭ੍ਰਿਸ਼ਟ ਕਰ ਰਿਹਾ ਫੇਸਬੁੱਕੀ ਪ੍ਰੇਤ

ਡਾਕਟਰ ਬਲਜਿੰਦਰ
# 9417079720

ਐਸ.ਐਸ.ਆਰ.ਐਸ ਪਲੇਟਫ਼ਾਰਮ ਵੱਲੋਂ ਸੀ.ਐਨ.ਐਨ. ਨੈਟਵਰਕ 'ਤੇ ਕੀਤੇ ਗਏ ਇੱਕ ਹਾਲੀਆ ਸਰਵੇ 'ਚ ਇਹ ਗੱਲ ਸਾਹਮਣੇ ਆਈ ਹੈ ਜਿਸ 'ਚ ਚਾਰ 'ਚੋਂ ਤਿੰਨ ਅਮਰੀਕੀ ਬਾਲਗ਼ਾਂ ਨੇ ਕਿਹਾ ਹੈ ਕਿ ਫੇਸਬੁੱਕ ਅਮਰੀਕੀ ਸਮਾਜ ਦਾ ਬੇੜਾ ਗਰਕ ਕਰ ਰਹੀ ਹੈ। ਇਸ ਦੇ ਕਾਰਨਾਂ 'ਚ ਜਾਂਦਿਆਂ ੫੫% ਦਾ ਕਹਿਣਾ ਸੀ ਕਿ ਜੋ ਲੋਕ ਇਸ ਪਲੇਟਫ਼ਾਰਮ ਦੀ ਵਰਤੋਂ ਕਰਦੇ ਹਨ ਉਹ ਹੀ ਇਸ ਦੇ ਦੋਸ਼ੀ ਹਨ ਜਦਕਿ ੪੫% ਦਾ ਕਹਿਣਾ ਸੀ ਕਿ ਇਹ ਸਾਰਾ ਕੁੱਝ ਖ਼ੁਦ ਫੇਸਬੁੱਕ ਦਾ ਚਲਣ-ਢੰਗ ਦਾ ਹੀ ਨਤੀਜਾ ਹੈ। ੪੯% ਅਮਰੀਕਨਾਂ ਦਾ ਕਹਿਣਾ ਸੀ ਕਿ ਉਹ ਕਿਸੇ ਨਾ ਕਿਸੇ ਅਜਿਹੇ ਸ਼ਖਸ ਨੂੰ ਜਾਣਦੇ ਹਨ ਜਿਹੜਾ ਕਿ ਫੇਸਬੁੱਕ 'ਤੇ ਪਾਈ ਜਾਂਦੀ ਸਮੱਗਰੀ ਕਰਕੇ ਸਾਜ਼ਸ਼ੀ ਥਿਊਰੀ 'ਚ ਯਕੀਨ ਨਾ ਕਰਨ ਲੱਗ ਪਿਆ ਹੋਵੇ। ਅਜਿਹੀ ਸੋਚ ਰੱਖਣ ਵਾਲ਼ਿਆਂ 'ਚ ਨੌਜਵਾਨਾਂ ਦੀ ਗਿਣਤੀ ਵਧੇਰੇ ਹੈ। ੩੫ ਸਾਲ ਤੋਂ ਘੱਟ ਉਮਰ ਦੇ ੬੧% ਬਾਲਗ਼ਾਂ ਦਾ ਕਹਿਣਾ ਸੀ ਕਿ ਉਹਨਾਂ ਦੀ ਪਹਿਚਾਣ ਦਾ ਕੋਈ ਨਾ ਕੋਈ ਜਣਾ ਫੇਸਬੁੱਕ 'ਤੇ ਪਰੋਸੀ ਜਾਂਦੀ ਸਮੱਗਰੀ ਕਰਕੇ ਅਜਿਹੀ ਸਾਜ਼ਸ਼ ਦਾ ਸ਼ਿਕਾਰ ਹੋਇਆ ਹੈ।

ਸੂਚਨਾਵਾਂ ਦੇ ਆਦਾਨ-ਪ੍ਰਦਾਨ ਦੇ ਨਾਲ-ਨਾਲ ਫੇਸਬੁੱਕ ਅਤੇ ਇੰਸਟਾਗਰਾਮ ਨਾਂ ਦੇ ਦੋਵੇਂ ਸੂਚਨਾ ਤਕਨਾਲੋਜੀ ਪਲੇਟਫ਼ਾਰਮ ਕਿਸ ਹੱਦ ਤੱਕ ਲੋਕਾਂ ਦਰਮਿਆਨ ਨਫ਼ਰਤ, ਵੰਡੀਆਂ ਆਦਿ ਦਾ ਸੰਚਾਰ ਕਰਦੇ ਹਨ, ਲੋਕਾਂ ਖਾਸਕਰ ਬੱਚਿਆਂ ਦੀ ਸਿਹਤ ਨਾਲ ਖਿਲਵਾੜ ਕਰਦੇ ਹਨ- ਇਸਦਾ ਵੀ ਅਜਿਹਾ ਹੀ ਸਨਸਨੀਖ਼ੇਜ਼ ਖੁਲਾਸਾ ਸਾਹਮਣੇ ਆਇਆ ਹੈ।

ਸੰਚਾਰ ਤਕਨਾਲੋਜੀ ਦੇ ਇਹਨਾਂ ਪਲੇਟਫ਼ਾਰਮਾਂ ਨੇ ਆਪਣੇ ਮੁਨਾਫ਼ਿਆਂ ਨੂੰ ਮੁੱਖ ਰੱਖਕੇ ਲੋਕਾਂ ਦੀ ਜ਼ਿੰਦਗੀ ਦਾਅ 'ਤੇ ਲਾਈ ਹੋਈ ਹੈ। ਵਪਾਰ, ਵਿਗਿਆਨ ਅਤੇ ਆਵਾਜਾਈ (ਕਾਮਰਸ, ਸਾਇੰਸ ਐਂਡ ਟਰਾਂਸਪੋਰਟੇਸ਼ਨ) ਨਾਲ ਸਬੰਧਤ ਕੰਜ਼ਿਊਮਰ ਸੁਰੱਖਿਆ, ਪ੍ਰਾਡਕਟ ਸੁਰੱਖਿਆ ਅਤੇ ਡਾਟਾ ਸੁਰੱਖਿਆ ਬਾਰੇ ਗਠਿਤ ਕੀਤੀ ਗਈ ਅਮਰੀਕੀ ਸੈਨੇਟ ਦੀ ਸਬ-ਕਮੇਟੀ ਸਾਹਮਣੇ ਅਕਤੂਬਰ ੨੦੨੧ 'ਚ ਵ੍ਹਾਈਟ ਹਾਊਸ 'ਚ ਹੋਈ ਸੁਣਵਾਈ 'ਚੋਂ ਹੋਏ ਖੁਲਾਸਿਆਂ ਨੇ ਆਲਮੀ ਪੱਧਰ ਦੇ ਦੁਨੀਆਂ ਭਰ ਦੇ ਮਨੁੱਖੀ ਅਧਿਕਾਰਾਂ ਲਈ ਸਰਗਰਮ ਇਨਸਾਫ ਪਸੰਦ ਅਤੇ ਹੋਰਨਾਂ ਸੁਹਿਰਦ ਲੋਕਾਂ ਵੱਲੋਂ ਜ਼ਾਹਰ ਕੀਤੇ ਗਏ ਉਹਨਾਂ ਹੀ ਸ਼ੰਕਿਆਂ 'ਤੇ ਮੁਹਰ ਲਾਈ ਹੈ ਜਿਹਨਾਂ ਦਾ ਉਹ ਪਿਛਲੇ ਕਾਫ਼ੀ ਅਰਸੇ ਤੋਂ ਹੀ ਲੋਕਾਂ 'ਚ ਲੈ ਕੇ ਜਾਂਦੇ ਰਹੇ ਹਨ।

ਇਸ ਸੁਣਵਾਈ 'ਚ ਸਬ ਕਮੇਟੀ ਸਾਹਮਣੇ ਪੇਸ਼ ਹੁੰਦਿਆਂ ਫੇਸਬੁੱਕ ਦੀ ਸਾਬਕਾ ਡਾਟਾ ਵਿਗਿਆਨੀ ਫਰਾਂਸਿਸ ਹਾਗਨ ਨੇ ਦੱਸਿਆ ਕਿ ਫੇਸਬੁੱਕ ਨੇ ਆਪਣੇ ਮੁਨਾਫ਼ਿਆਂ ਨੂੰ ਜ਼ਰਬਾਂ ਦੇਣ ਨੂੰ ਅਹਿਮੀਅਤ ਦਿੱਤੀ ਬਨਿਸਬਤ ਇਸ ਦੇ ਕਿ ਫੇਸਬੁੱਕ ਆਪਣੇ ਪਲੇਟਫ਼ਾਰਮਾਂ ਨੂੰ ਸੁਰੱਖਿਅਤ ਰੱਖਣ ਲਈ ਅਤੇ ਹੋਰ ਸੁਰੱਖਿਅਤ ਬਣਾਉਣ ਵੱਲ ਕਦਮ ਵਧਾਉਂਦੀ। ਫੇਸਬੁੱਕ ਨੇ ਆਪਣੀ ਉਸ ਅੰਦਰੂਨੀ ਖੋਜ ਨੂੰ ਵੀ ਕਾਨੂੰਨੀ ਰੂਪ 'ਚ ਸਥਾਪਤ ਸੰਸਥਾਨਾਂ ਤੋਂ ਵੀ ਛੁਪਾਈ ਰੱਖਿਆ ਜਿਹਨਾਂ 'ਚ ਇਹ ਖੁਲਾਸੇ ਹੋਏ ਸਨ ਕਿ ਫੇਸਬੁੱਕ ਦੇ ਉਤਪਾਦ (ਸਾਫਟਵੇਅਰ) ਕਿਵੇਂ ਨੁਕਸਾਨਦੇਹ ਹਨ। ਉਸ ਦਾ ਕਹਿਣਾ ਹੈ ਕਿ "ਫੇਸਬੁੱਕ ਵੱਲੋਂ ਅਜਿਹੇ ਢੰਗ-ਤਰੀਕੇ ਵਰਤੋਂ 'ਚ ਲਿਆਉਣ ਦੇ ਹੀ ਨਤੀਜੇ ਹਨ ਕਿ ਜਿਸ ਕਾਰਨ ਲੋਕਾਂ ਦਰਮਿਆਨ ਵੰਡੀਆਂ ਵਧੀਆਂ ਹਨ, ਬਖੇੜੇ ਵਧੇ ਹਨ, ਝੂਠ ਦਾ ਪਸਾਰਾ ਹੋਇਆ ਹੈ, ਹੋਰ ਵਧੇਰੇ ਧਮਕੀਆਂ ਦਿੱਤੀਆਂ ਗਈਆਂ ਹਨ ਅਤੇ ਹੋਰ ਵਧੇਰੇ ਟਕਰਾਅ ਹੋਏ ਹਨ। ਕਈ ਮਾਮਲਿਆਂ 'ਚ ਅਜਿਹੀ ਆਨਲਾਈਨ ਗੱਲਬਾਤ ਹਕੀਕੀ ਹਿੰਸਾ 'ਚ ਵੀ ਵਟ ਗਈ ਜਿਸਨੇ ਨੁਕਸਾਨ ਪਹੁੰਚਾਇਆ ਅਤੇ ਕਈ ਮਾਮਲਿਆਂ 'ਚ ਲੋਕਾਂ ਦੀ ਜਾਨ ਤੱਕ ਚਲੀ ਗਈ।"

ਕਈ ਹਜ਼ਾਰ ਸਫ਼ਿਆਂ ਦੇ ਅੰਦਰੂਨੀ ਖੋਜ ਪੱਤਰਾਂ ਅਤੇ ਦਸਤਾਵੇਜ਼ਾਂ ਦੇ ਹਵਾਲੇ ਦਿੰਦਿਆਂ, ਜਿਹਨਾਂ ਨੂੰ ਦ ਵਾਲ ਸਟ੍ਰੀਟ ਜਰਨਲ ਨੇ ਫੇਸਬੁੱਕ ਫਾਈਲਜ਼ ਦੇ ਉਨਮਾਨ ਤਹਿਤ ਛਾਪਿਆ ਹੈ, ਹਾਗਨ ਦਾ ਕਹਿਣਾ ਹੈ ਕਿ " ਫੇਸਬੁੱਕ 'ਚ ਕੰਮ ਕਰਦਿਆਂ ਮੈਨੂੰ ਇੱਕ ਭਿਅੰਕਰ ਹਕੀਕਤ ਦਾ ਇਲਮ ਹੋਇਆ ਕਿ ਫੇਸਬੁੱਕ ਤੋਂ ਬਾਹਰ ਲਗ-ਪਗ ਕਿਸੇ ਨੂੰ ਵੀ ਇਸ ਗੱਲ ਦਾ ਅਹਿਸਾਸ ਨਹੀਂ ਕਿ ਫੇਸਬੁੱਕ ਦੇ ਅੰਦਰ ਕੀ ਚੱਲ ਰਿਹਾ ਹੈ। ਕੰਪਨੀ ਆਪਣੀ ਅਤਿ ਅਹਿਮ ਜਾਣਕਾਰੀ ਨੂੰ ਮੁਲਕ ਦੀ ਜਨਤਾ ਤੋਂ, ਅਮਰੀਕੀ ਸਰਕਾਰ ਤੋਂ, ਅਤੇ ਦੁਨੀਆਂ ਭਰ ਦੀਆਂ ਸਰਕਾਰਾਂ ਤੋਂ ਜਾਣਬੁੱਝ ਕੇ ਛੁਪਾ ਕੇ ਰੱਖਦੀ ਹੈ।"

ਇੱਥੇ ਧਿਆਨ ਦੇਣ ਯੋਗ ਗੱਲ ਇਹ ਹੈ ਜਿਹੜੀ ਹਰ ਮਾਮੂਲੀ ਸੋਝੀ ਵਾਲਾ ਸ਼ਖਸ ਵੀ ਜਾਣ ਸਕਦਾ ਹੈ ਕਿ ਜਦੋਂ ਵੀ ਕਦੇ ਅਸੀਂ ਫੇਸਬੁੱਕ 'ਤੇ ਆਪਣੀ ਪ੍ਰੋਫਾਈਲ ਨੂੰ ਕਲਿੱਕ ਕਰਦੇ ਹਾਂ ਤਾਂ ਸਾਡੇ ਮਨਪਸੰਦ/ ਬੇਪਸੰਦ ਦੀ ਗੱਲ ਕੀ ਉਸ ਸਾਰੇ ਕੁੱਝ ਦੀ ਲਿਸਟ ਕੰਪਨੀ ਦੇ ਡਾਟਾਬੇਸ 'ਚ ਜਮ੍ਹਾਂ ਪਈ ਹੋਈ ਹੈ ਜਿੱਥੋਂ ਉਹ ਡਾਟਾਬੇਸ ਸਾਨੂੰ ਆਪਣੇ ਗਣਿਤੀ ਫ਼ਾਰਮੂਲਿਆਂ ਰਾਹੀਂ ਉਸੇ ਹੀ ਚੁਰਾਸੀ ਦੇ ਗੇੜ 'ਚ ਪਾਈ ਰੱਖਦਾ ਹੈ ਅਤੇ ਬਾਰਮਬਾਰ ਉਹੀ ਕੁੱਝ ਸਾਡੇ ਸਾਹਮਣੇ ਪ੍ਰਗਟ ਹੁੰਦਾ ਰਹਿੰਦਾ ਹੈ। ਅਤੇ ਜਦ ਕਦੀ ਵੀ ਅਸੀਂ ਜਾਣੇ-ਅਣਜਾਣੇ ਫੇਸਬੁੱਕ 'ਤੇ ਐਡਵਰਟਾਈਜ਼ ਕੀਤੀ ਕਿਸੇ ਵੀ ਵਸਤ ਦੀ ਐਡ(ਇਸ਼ਤਿਹਾਰ) 'ਤੇ ਕਲਿੱਕ ਕਰਦੇ ਹਾਂ ਤਾਂ ਉਹੀ ਇਸ਼ਤਿਹਾਰ ਸਾਨੂੰ ਹਰ ਵਖਤ ਦਿਖਾਈ ਦਿੰਦੀ ਹੈ। ਇੱਕ ਹੋਰ ਗੱਲ ਇਹ ਧਿਆਨ ਦੇਣ ਯੋਗ ਹੈ ਕਿ ਭਾਵੇਂ ਸਾਡੀ ਫਰੈਂਡਸ਼ਿਪ ਲਿਸਟ ਨੂੰ ੫੦੦੦ ਤੱਕ ਦੀ ਸੰਖਿਆ ਤੱਕ ਸੀਮਤ ਕੀਤਾ ਹੋਇਆ ਹੈ ਪਰ ਸਾਡੀ ਕਿਸੇ ਵੀ ਪੋਸਟ ਨੂੰ ਵੱਧ ਤੋਂ ਵੱਧ ਸਿਰਫ ੫੦-੬੦ ਮਿੱਤਰ ਹੀ ਦੇਖ ਪਾਉਂਦੇ ਹਨ, ਬਾਕੀਆਂ ਤੱਕ ਉਹ ਪੋਸਟ ਪਹੁੰਚਦੀ ਹੀ ਨਹੀਂ। ਆਪਣੀ ਹੀ ਸੋਚ ਨੂੰ ਪ੍ਰੋਮੋਟ ਕਰਨ ਲਈ ਅਤੇ ਆਪਣੇ ਗਾਹਕਾਂ ਦੀਆਂ ਵਸਤਾਂ ਵੇਚਣ ਲਈ ਅਜਿਹੇ ਅਲਗੋਅਰਿਦਮ (ਗਣਿਤੀ ਫ਼ਾਰਮੂਲੇ) ਘੜੇ ਗਏ ਹਨ ਜਿਹੜੇ ਅਜਿਹਾ ਕਾਰਜ ਬਾਖ਼ੂਬੀ ਨਿਭਾਉਂਦੇ ਹਨ।

ਤੁਸੀਂ ਸਭ ਨੇ ਕਦੇ ਨਾ ਕਦੇ ਕਿਤੇ ਨਾ ਕਿਤੇ ਇਹ ਪੜ੍ਹਿਆ ਹੀ ਹੋਊ ਕਿ ਫਲਾਣੇ ਇੰਜੀਨੀਅਰਿੰਗ ਕਾਲਜ/ਸੰਸਥਾਨ ਦੇ ਫਲਾਂ-ਫਲਾਂ ਵਿਦਿਆਰਥੀ ਨੂੰ ਫੇਸਬੁੱਕ ਨੇ ਕਰੋੜ ਰੁਪੈ ਸਾਲਾਨਾ ਦੀ ਨੌਕਰੀ ਲਈ ਚੁਣਿਆ ਹੈ। ਉਸ ਵਿਦਿਆਰਥੀ ਨੂੰ ਭਾਗਾਂ ਵਾਲਾ ਦਿਖਾ ਕੇ ਬਾਕੀਆਂ ਦੇ ਨਿਖਿੱਧਪੁਣੇ ਨੂੰ ਸਾਬਤ ਕਰਨ ਦੀ ਮਨਸ਼ਾ ਤਾਂ ਛੁਪੀ ਹੀ ਪਈ ਹੈ ਪਰ ਇਸ ਤੋਂ ਵੀ ਅੱਗੇ ਇਹ ਫੇਸਬੁੱਕ ਅਦਾਰਾ ਐਵੇਂ ਹੀ ਉਸ 'ਹੋਣਹਾਰ' ਵਿਦਿਆਰਥੀ ਨੂੰ ਐਨੇ ਪੈਸੈ ਨਹੀਂ ਦੇ ਰਿਹਾ ਉਹ ਕੰਪਨੀ ਉਸ ਤੋਂ ਅਜਿਹੇ ਫ਼ਾਰਮੂਲੇ ਤਿਆਰ ਕਰਵਾਉਂਦੀ ਹੈ ਜਿਹੜੇ ਉਸ ਨਾਲ ਸਬੰਧਤ ਵਪਾਰਕ ਅਤੇ ਹੋਰ ਭਾਗੀਦਾਰਾਂ ਦੇ ਮਨਸ਼ਿਆਂ ਦੀ ਬਾਖ਼ੂਬੀ ਪੂਰਤੀ ਕਰਦੇ ਹਨ।

ਫੇਸਬੁੱਕ ਦੇ ਅੰਦਰੂਨੀ ਅਧਿਐਨ ਪਰਚੇ ਹੀ ਇਸ ਗੱਲ ਦਾ ਖੁਲਾਸਾ ਕਰਦੇ ਹਨ ਕਿ ਇੰਸਟਾਗਰਾਮ 'ਤੇ ਆਉਣ ਤੋਂ ਬਾਅਦ ਯੂਨਾਈਟਡ ਕਿੰਗਡਮ ਦੀਆਂ ਗਭਰੇਟ (ਟੀਨਏਜ) ਕੁੜੀਆਂ ਅੰਦਰ ਆਤਮਹੱਤਿਆ ਕਰਨ ਦੀ ਪ੍ਰਵਿਰਤੀ 'ਚ ੧੩.੫ ਫੀਸਦੀ ਦੀ ਵਾਧਾ ਨੋਟ ਕੀਤਾ ਗਿਆ। ਇੱਕ ਹੋਰ ਅਧਿਐਨ 'ਚ ਇਹ ਪਾਇਆ ਗਿਆ ਕਿ ਇੰਸਟਾਗਰਾਮ ਨਾਲ ਜੁੜਣ ਤੋਂ ਬਾਅਦ ੧੭ ਫੀਸਦੀ ਕੁੜੀਆਂ ਦਾ ਕਹਿਣਾ ਸੀ ਕਿ ਉਹਨਾਂ ਅੰਦਰ ਚੱਲ ਰਹੀ ਨਾ ਖਾਣ ਦੀ ਜਾਂ ਘੱਟ ਖਾਣ ਦੀ ਬਿਮਾਰੀ 'ਚ ਵਾਧਾ ਹੋਇਆ ਹੈ। ੩੨ ਫੀਸਦੀ ਕੁੜੀਆਂ ਦਾ ਕਹਿਣਾ ਸੀ ਕਿ ਜਦ ਵੀ ਕਦੀ ਉਹ ਆਪਣੇ ਸਰੀਰ ਦੀ ਬਣਤਰ ਨੂੰ ਲੈ ਕੇ ਪ੍ਰੇਸ਼ਾਨ ਹੁੰਦੀਆਂ ਸਨ ਤਾਂ ਫਿਰ ਜੇ ਉਹ ਇੰਸਟਾਗਰਾਮ 'ਤੇ ਚਲੀਆਂ ਜਾਂਦੀਆਂ ਤਾਂ ਉਹਨਾਂ ਦੀਆਂ ਉਹ ਅਲਾਮਤਾਂ ਹੋਰ ਵਧੇਰੇ ਵਧ

ਜਾਂਦੀਆਂ। ਜਾਣਬੁੱਝ ਕੇ ਗਭਰੇਟ ਕੁੜੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਜਦਕਿ ਐਪ ੧੩ ਸਾਲ ਤੋਂ ਉੱਪਰ ਦੇ ਬੱਚਿਆਂ ਲਈ ਪ੍ਰਵਾਨਤ ਹੈ। ਇਹ ਗੱਲਾਂ ਸਾਹਮਣੇ ਲਿਆਉਂਦੀਆਂ ਹਨ ਕਿ ਫੇਸਬੁੱਕ ਨੇ ਆਪਣੇ ਮੁਨਾਫ਼ਿਆਂ ਨੂੰ ਹਰ ਸਮੇਂ ਸਾਹਮਣੇ ਰੱਖਿਆ ਅਤੇ ਬੱਚਿਆਂ ਅਤੇ ਐਪ ਦੇ ਸਾਰੇ ਵਰਤਣ ਵਾਲ਼ਿਆਂ ਦੀ ਖ਼ੈਰੀਅਤ ਨੂੰ ਨਜ਼ਰ ਅੰਦਾਜ਼ ਕੀਤਾ। ਇਸ ਤੋਂ ਵੀ ਅੱਗੇ ਫੇਸਬੁੱਕ ਇੰਸਟਾਗਰਾਮ ਦਾ ਇੱਕ ਹੋਰ ਰੂਪ ੧੩ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਇੰਸਟਾਗਰਾਮ ਨਾਂ ਦਾ ਪਲੇਟਫਾਰਮ ਲਾਂਚ ਕਰਨ ਦੀ ਫ਼ਿਰਾਕ 'ਚ ਹੈ। ਜਿਸ ਦੇ ਨਤੀਜੇ ਕਿਤੇ ਖ਼ਤਰਨਾਕ ਹੋਣੇ ਹਨ।

ਇੱਕ ਹੋਰ ਇੰਕਸ਼ਾਫ 'ਚ ਇਹ ਦੱਸਿਆ ਗਿਆ ਕਿ ਫੇਸਬੁੱਕ ਅਜਿਹੇ ਗਣਿਤੀ ਫ਼ਾਰਮੂਲੇ ਘੜਦੀ ਹੈ ਜੀਹਦੇ 'ਚ ਕਿਸੇ ਪੋਸਟ ਨੂੰ ਕੋਈ ਕਮੈਂਟ, ਲਾਈਕਸ ਜਾਂ ਕੋਈ ਹੋਰ ਟਿੱਪਣੀਆਂ ਦਰਿਆਫ਼ਤ ਹੁੰਦੀਆਂ ਹਨ ਤਾਂ ਉਸ ਪੋਸਟ ਨੂੰ ਪੂਰੀ ਤੇਜ਼ੀ ਨਾਲ ਜੰਗਲ਼ ਦੀ ਅੱਗ ਦੀ ਰਫ਼ਤਾਰ ਨਾਲ ਉਹ ਗਣਿਤੀ ਫ਼ਾਰਮੂਲੇ ਫੈਲਾਉਂਦੇ ਹਨ ਅਤੇ ਉਸ ਪੋਸਟ ਨੂੰ ਪੂਰੀ ਅਹਿਮ ਜਗ੍ਹਾ ਮੁਹੱਈਆ ਕੀਤੀ ਜਾਂਦੀ ਹੈ। ਇੱਥੇ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਅਜਿਹੀਆਂ ਪੋਸਟਾਂ ਦੇ ਮਾਮਲੇ 'ਚ ਕਿਸੇ ਕਰੋਨੋਲੋਜੀਕਲ ਆਰਡਰ (ਸਮੇਂ ਅਨੁਸਾਰ ਅਗੜ-ਪਿਛੜ ਕਰਨ ਦਾ ਕਾਰਜ) ਨੂੰ ਬੇਰਹਿਮੀ ਨਾਲ ਉਲੰਘਿਆ ਜਾਂਦਾ ਹੈ। ਇਸ ਫ਼ਾਰਮੂਲੇ ਤਹਿਤ ਸਨਸਨੀਖੇਜ਼ ਮਸਾਲਾ ਰੌਸ਼ਨੀ ਦੀ ਰਫ਼ਤਾਰ ਨਾਲ ਪਲੇਟਫਾਰਮ ਰਾਹੀਂ ਸਬੰਧਤ ਭਾਈਚਾਰਿਆ ਅੰਦਰ ਫੈਲਦਾ ਹੈ ਅਤੇ ਇਹ ਘ੍ਰਿਣਾ, ਨਫ਼ਰਤ ਅਤੇ ਗਲਤ-ਮਲਤ ਜਾਣਕਾਰੀ ਫੈਲਾਉਣ ਦਾ ਜ਼ਰੀਆ ਮਾਤਰ ਬਣ ਕੇ ਰਹਿ ਜਾਂਦਾ ਹੈ ਜਿਵੇਂ ਕਿ ਜਦੋਂ ਵੀ ਕਿਸੇ ਸਥਾਨ 'ਤੇ ਫਿਰਕੂ/ਨਸਲੀ/ਭਾਸ਼ਾਈ/ਰੰਗਭੇਦੀ/ਇਲਾਕਾਈ ਆਦਿ ਦੰਗੇ ਭੜਕੇ ਹਨ ਤਾਂ ਉਹਨਾਂ ਦੀ ਪਿੱਠਭੂਮੀ 'ਚ ਅਜਿਹੇ ਪਲੇਟਫ਼ਾਰਮਾਂ 'ਤੇ ਉੱਗਲੀ ਗਈ ਜ਼ਹਿਰ ਦਾ ਬਹੁਤ ਅਹਿਮ ਰੋਲ ਨੋਟ ਕੀਤਾ ਗਿਆ। ਨਾਗਰਿਕਤਾ ਵਿਰੋਧੀ ਪ੍ਰਦਰਸ਼ਨਾਂ ਦੌਰਾਨ ਦਿੱਲੀ ਦੇ ਫਿਰਕੂ ਦੰਗਿਆਂ ਦੀ ਮਿਸਾਲ ਸਾਡੇ ਸਾਹਮਣੇ ਹੈ ਜਿਹਨਾਂ ਦੌਰਾਨ ਅਤੇ ਇਹਨਾਂ ਦੰਗਿਆਂ ਤੋਂ ਪਹਿਲਾਂ ਮੁਸਲਿਮ ਵਿਰੋਧੀ ਪ੍ਰਚਾਰ ਪੂਰੇ ਜ਼ੋਰਾਂ 'ਤੇ ਸੀ।

ਇਸ ਦੇ ਨਾਲ ਹੀ ਇਹ ਗੱਲ ਵੀ ਬਹੁਤ ਅਹਿਮ ਹੈ ਕਿ ਫੇਸਬੁੱਕ ਕੋਲ ਜਿਸ ਪੱਧਰ ਦੀ ਜਾਣਕਾਰੀ ਫੇਸਬੁੱਕ ਯੂਜ਼ਰਜ਼ ਬਾਰੇ ਜਮ੍ਹਾਂ ਪਈ ਹੈ ਉਸ ਦੀ ਨਾਜਾਇਜ਼ ਢੰਗ ਨਾਲ ਵਰਤੋਂ ਕੀਤੇ ਜਾਣਨ ਬਾਰੇ ਵੀ ਖ਼ਦਸ਼ੇ ਪਾਏ ਜਾਂਦੇ ਹਨ। ਵਟਜ਼ ਅੱਪ ਬਾਰੇ ਭਾਵੇਂ ਇਹ ਕਿਹਾ ਜਾਂਦਾ ਹੈ ਕਿ ਇਸ ਪਲੇਟਫ਼ਾਰਮ 'ਤੇ ਕੀਤੀ ਗਈ ਗੱਲਬਾਤ ਅਤੇ ਜਾਣਕਾਰੀ ਦਾ ਆਦਾਨ ਪ੍ਰਦਾਨ ਬਿਲਕੁੱਲ ਹੀ ਫੂਲਪਰੂਫ (ਭਾਵ ਕਿ ਕਿਸੇ ਹੋਰ ਨਾਲ ਸਾਂਝਾ ਕੀਤੇ ਜਾਣ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੈ) ਪਰ ਨਾਲ ਹੀ ਇਹ ਕਿ ਜਦ ਵੀ ਸਰਕਾਰ ਕਿਸੇ ਵੀ ਸ਼ਖਸ ਬਾਰੇ ਕੋਈ ਵੀ ਜਾਣਕਾਰੀ ਲੈਣੀ ਚਾਹੇ ਉਹ ਮੁਹੱਈਆ ਕੀਤੀ ਜਾਂਦੀ ਹੈ। ਫੇਸਬੁੱਕ 'ਤੇ ਯੂਜ਼ਰਜ਼ ਬਾਰੇ ਜਾਣਕਾਰੀ ਓਪਨ ਹੀ ਹੈ ਭਾਵ ਖੁੱਲ੍ਹੀ ਕਿਤਾਬ ਵਾਂਗ ਨਸ਼ਰ ਹੈ। ਮਿਸਾਲ ਵਜੋਂ ਜਦ ਵੀ ਅਸੀਂ ਕਿਸੇ ਵੀ ਪ੍ਰਾਡਕਟ ਦੀ ਐਡ 'ਤੇ ਕਲਿੱਕ ਕਰਦੇ ਹਾਂ ਤਾਂ ਉਸ ਪ੍ਰਾਡਕਟ ਦੀ ਉਹੀ ਜਾਂ ਉਹਦੇ ਨਾਲ ਮਿਲਦੀਆਂ-ਜੁਲਦੀਆਂ ਐਡਜ਼ ਸਾਡਾ ਖਹਿੜਾ ਨਹੀਂ ਛੱਡਦੀਆਂ। ਭਾਵ ਉਸ ਡਾਟਾ ਨੂੰ ਇਸ ਫੇਸਬੁੱਕ ਪਲੇਟਫ਼ਾਰਮ ਨੇ ਆਪਣੇ ਵਪਾਰਕ ਮੁਫ਼ਾਦਾਂ ਨੂੰ ਮੁੱਖ ਰੱਖਦਿਆਂ ਉਹਨਾਂ ਵਪਾਰਕ ਅਦਾਰਿਆਂ ਨਾਲ ਸਾਂਝਾ ਕੀਤਾ ਹੋਇਆ ਹੈ। ਫੇਸਬੁੱਕ ਨੂੰ ਯੂਜ਼ਰਜ਼ ਦੇ ਸਿਆਸੀ ਝੁਕਾਵਾਂ, ਉਸਦੀ ਪਸੰਦਗੀ-ਨਾਪਸੰਦਗੀ, ਉਸ ਦੀ ਮਿੱਤਰ ਮੰਡਲੀ, ਯੂਜ਼ਰਜ਼ ਦੀ ਲੋਕੇਸ਼ਨ, ਉਹਨਾਂ ਦੀ ਇੱਕ ਥਾਂ ਤੋਂ ਦੂਜੇ ਸਥਾਨ ਵੱਲ ਜਾਣ ਦੀ ਜਾਣਕਾਰੀ, ਕਿਸ ਨਾਲ ਕਿਹੋ ਜਿਹੀਆਂ ਗੱਲਾਂ, ਵਿਚਾਰ ਸਾਂਝਾ ਕਰਦਾ ਹੈ ਬਾਰੇ ਪੂਰਨ ਸਟੀਕ ਜਾਣਕਾਰੀ ਫੇਸਬੁੱਕ ਕੋਲ ਉਪਲਬਧ ਪਈ ਹੈ ਜਿਸ ਨੂੰ ਸਰਕਾਰਾਂ ਅਤੇ ਸਵਾਰਥੀ ਅਨਸਰ ਅਕਸਰ ਹੀ ਆਪਣੇ ਮੁਫ਼ਾਦਾਂ ਲਈ ਵਰਤੋਂ 'ਚ ਲਿਆਉਂਦੇ ਹਨ।

ਪਰ ਇਸ ਦੇ ਨਾਲ ਹੀ ਸਰਕਾਰ ਦੀ ਆਲੋਚਨਾ ਨੂੰ ਮੁੱਢ 'ਚ ਹੀ ਨੱਪ ਦੇਣ ਦਾ ਪੂਰਾ ਬੰਦੋਬਸਤ ਵੀ ਫੇਸਬੁੱਕ ਨੇ ਬਾਖੂਬੀ ਕੀਤਾ ਹੋਇਆ ਹੈ। ਪਿਛਲਾ ਤਜ਼ਰਬਾ ਦਿਖਾਉਂਦਾ ਹੈ ਕਿ ਕਿਵੇਂ ਸਰਕਾਰ ਦੀ ਕਿਸੇ ਵੀ ਟੀਕਾ-ਟਿੱਪਣੀ ਨੂੰ ਉੱਥੇ ਹੀ ਸਨੱਬ ਕਰ ਦਿੱਤਾ ਜਾਂਦਾ ਹੈ, ਉਸ ਯੂਜ਼ਰ ਨੂੰ ਪੂਰਨ ਰੂਪ 'ਚ ਮਹੀਨੇ ਲਈ ਬਲਾਕ ਕਰ ਦਿੱਤਾ ਜਾਂਦਾ ਹੈ ਇਹ ਕਹਿਕੇ ਕਿ ਉਸਦੀ ਇਹ ਟਿੱਪਣੀ ਸਮਾਜ/ਭਾਈਚਾਰਕ ਮਿਆਰਾਂ ਅਨੁਸਾਰ ਨਹੀਂ ਹੈ ਲਿਹਾਜ਼ਾਂ ਇਹ ਸਮਾਜ ਲਈ ਘਾਤਕ ਹੈ, ਕਿ ਇਹ ਪੋਸਟ ਬਿਨ੍ਹਾਂ ਤੱਥਾਂ ਤੋਂ ਹੈ ਆਦਿ। ਫੇਸਬੁੱਕ ਰਾਹੀਂ ਫੈਲਾਏ ਜਾ ਰਹੇ ਝੂਠ ਤੂਫ਼ਾਨ ਦਾ ਖੁਰਾ-ਖੋਜ ਲੱਭਣ ਲਈ ਕੇਰਲਾ 'ਚ ਫੇਸਬੁੱਕ ਦੇ ਇੱਕ ਖੋਜਾਰਥੀ ਨੇ ਫੇਸਬੁੱਕ 'ਤੇ ਆਪਣਾ ਨਵਾਂ ਖਾਤਾ ਖੋਹਲ ਕੇ ਕੇਰਲਾ ਦੇ ਇੱਕ ਯੂਜ਼ਰ ਦਾ ਤਜ਼ਰਬਾ ਹੱਡੀਂ ਹੰਢਾਉਣ ਦੀ ਵਿਓਂਤ ਬਣਾਈ, ਉਸਨੇ ਆਪਣੇ ਇਸ ਖਾਤੇ ਨੂੰ ਫੇਸਬੁੱਕ ਵੱਲੋਂ ਸੁਝਾਏ ਗਏ ਸਾਰੇ ਫੇਸਬੁੱਕ ਰੇਂਜਾਂ ਨੂੰ ਆਪਣੀ ਗੁਜ਼ਾਰਿਸ਼ਾਂ ਭੇਜੀਆਂ। ਇਸ ਉਪਰੰਤ ਉਸ ਦੀ ਹੈਰਾਨੀ ਦੀ ਕੋਈ ਸੀਮਾ ਨਾ ਰਹੀ ਕਿ ਜਦੋਂ ਉਸਨੇ ਜੋ ਨੋਟ ਕੀਤਾ ਕਿ ਕਿਵੇਂ ਉਸਨੇ ਆਪਣੀ ਨਿਊਜ਼ ਫੀਡ 'ਚ ਮੋਇਆਂ ਦੀਆਂ ਐਨੀਆਂ ਨਿਊਜ਼ ਦੇਖੀਆਂ ਜਿੰਨੇ ਮੋਇਆਂ ਨੂੰ ਕਿ ਉਸਨੇ ਆਪਣੀ ਸਾਰੀ ਜ਼ਿੰਦਗੀ 'ਚ ਦੇਖਿਆ ਹੀ ਨਹੀਂ ਸੀ। ਕਿਓਂਕਿ ਅਜਿਹੀਆਂ ਜਾਹਲੀ ਆਈਡੀਜ਼ ਦੀ ਭਰਮਾਰ ਫੇਸਬੁੱਕ 'ਤੇ ਮੌਜੂਦ ਪਈ ਹੈ। ੧੪ ਫ਼ਰਵਰੀ ਨੂੰ ਪੁਲਵਾਮਾ ਹਮਲੇ ਤੋਂ ਬਾਦ ਦੇ ਅਰਸੇ 'ਚ ਫੇਸਬੁੱਕ ਦੇ ਗਣਿਤੀ ਫ਼ਾਰਮੂਲੇ ਸਿਆਸੀ ਅਤੇ ਫ਼ੌਜੀ ਸਮੱਗਰੀ ਵਾਲੇ ਪੇਜਾਂ ਦੇ ਸੁਝਾਵਾਂ ਨਾਲ ਭਰਪੂਰ ਰਹੇ। ਵਾਚ ਅਤੇ ਲਾਈਵ ਟੈਬਾਂ ਨੂੰ ਕਲਿੱਕ ਕਰਨ 'ਤੇ ਉਹਨੂੰ ਪੋਰਨ(ਲੱਚਰ, ਅਸ਼ਲੀਲ) ਸਮੱਗਰੀ ਅਲਗਾਰਿਦਮ ਨੇ ਪਰੋਸੀ।

ਇੱਥੇ ਇੱਕ ਹੋਰ ਵੀ ਗੱਲ ਨੋਟ ਕਰਨ ਵਾਲੀ ਹੈ ਕਿ ਫੇਸਬੁੱਕ ਨੂੰ ਹੋਣ ਵਾਲੀ ੨੦੨੧ ਦੀ ਪਹਿਲੀ ਚੌਥਾਈ ਦੀ ਆਮਦਨੀ ਦਾ ੫੨.੫% ਹਿੱਸਾ ਅਮਰੀਕਾ ਅਤੇ ਕਨੇਡਾ ਤੋਂ ਬਾਹਰ ਤੋਂ ਪ੍ਰਾਪਤ ਹੋਇਆ ਹੈ ਪਰ ਅਜਿਹੀ ਗਲਤ-ਮਲਤ ਸੂਚਨਾਵਾਂ ਪ੍ਰਦਾਨ ਕਰਨ ਲਈ ਕੀਤੇ ਜਾਣ ਵਾਲੇ ਕੁੱਲ ਆਲਮੀ ਖ਼ਰਚੇ ਦਾ ੮੭% ਸਿਰਫ ਅਮਰੀਕਾ 'ਚ ਹੀ ਖ਼ਰਚਿਆ ਜਾਂਦਾ ਹੈ ਅਤੇ ਬਾਕੀ ਦਾ ਨਗੂਨਾ ਸਾਰੇ ਸੰਸਾਰ ਲਈ ਰੱਖਿਆ ਗਿਆ ਹੈ।

ਵਿਗਿਆਨ ਦੀਆਂ ਹੋਰਨਾਂ ਪ੍ਰਾਪਤੀਆਂ ਵਾਂਗ ਸੂਚਨਾ ਤਕਨਾਲੋਜੀ 'ਚ ਹੋਈ ਲਾਜਵਾਬ ਤਰੱਕੀ ਆਸਰੇ ਵੀ ਮਨੁੱਖ ਨੇ ਅਗਾਂਹ ਵੱਲ ਛਲਾਂਗ ਪੁੱਟਣ ਦੀ ਦਿਸ਼ਾ 'ਚ ਕਦਮ ਵਧਾਏ ਹਨ। ਇਸਨੇ ਹਰ ਯੂਜ਼ਰ ਨੂੰ ਲੱਗਦਾ ਹੈ ਕਿ ਫੇਸਬੁੱਕ ਵਰਗਾ ਪਲੇਟਫ਼ਾਰਮ ਉਸਨੂੰ ਲਗ-ਪਗ ਹਰ ਮਾਮਲੇ 'ਤੇ ਹੀ ਆਪਣੇ ਨਿੱਜੀ ਵਿਚਾਰ ਪ੍ਰਗਟ ਕਰਨ ਲਈ ਮੁਹੱਈਆ ਕੀਤਾ ਹੋਇਆ ਹੈ, ਪਰ ਉਸ ਯੂਜ਼ਰ ਦੀ ਖੁਸ਼ਫਹਿਮੀ ਉਦੋਂ ਕਾਫ਼ੂਰ ਹੋ ਜਾਂਦੀ ਹੈ ਜਦੋਂ ਉਹਦੇ ਵਿਚਾਰਾਂ ਨੂੰ 'ਭਾਈਚਾਰੇ ਦੇ ਮਾਨਕਾਂ 'ਤੇ ਪੂਰੇ ਨਾ ਉਤਰਦੇ ਹੋਣ' ਕਰਕੇ ਬਲਾਕ ਕਰਕੇ ਉਸਦਾ ਖਾਤਾ ਸਸਪੈਂਡ ਕਰ ਦਿੱਤਾ ਜਾਂਦਾ ਹੈ।

ਸਾਮਰਾਜੀ ਸਰਮਾਏਦਾਰਾਨਾ ਯੁੱਗ 'ਚ ਵਿਗਿਆਨ ਦੀ ਹਰ ਤਰੱਕੀ ਨੂੰ ਆਪਣੇ ਨਿੱਜੀ ਸਵਾਰਥੀ ਹਿੱਤਾਂ ਦੀ ਪੂਰਤੀ ਲਈ ਲਗਾਤਾਰ ਵਰਤੇ ਜਾਣਾ ਆਮ ਗੱਲ ਹੈ। ਲੋੜ ਹੈ ਹਾਕਮ ਜਮਾਤਾਂ ਵੱਲੋਂ ਆਪਣੇ ਹੱਕ 'ਚ ਵਰਤੀ ਜਾਂਦੀ ਵਿਗਿਆਨ ਦੀ ਹਰ ਤਰਕੀਬ ਨੂੰ ਡੂੰਘਾਈ ਨਾਲ ਸਮਝਣ ਦੀ ਅਤੇ ਵਿਸ਼ਾਲ ਲੋਕਾਈ ਨੂੰ ਇਸ ਬਾਰੇ ਜਾਗਰੂਕ ਕਰਦਿਆਂ ਵਿਗਿਆਨ ਦੀ ਅਜਿਹੀ ਲੋਕ ਦੋਖੀ ਵਰਤੋਂ ਨੂੰ ਬੰਨ੍ਹ ਮਾਰਨ ਦੀ। ਫੇਸਬੁੱਕ ਵਰਗੇ ਸੋਸ਼ਲ ਪਲੇਟਫ਼ਾਰਮਾਂ ਦੀ ਵਰਤੋਂ 'ਚ ਪਾਰਦਰਸ਼ਤਾ ਲਿਆਉਣ ਲਈ ਆਵਾਜ਼ ਬੁਲੰਦ ਕਰਨ ਦੀ। ਸਰਕਾਰ ਅਤੇ ਕਾਰਪੋਰੇਟ ਜਗਤ ਦਰਮਿਆਨ ਪੱਕੇ ਰਿਸ਼ਤੇ ਨੂੰ ਉਜਾਗਰ ਕਰਨ ਦੀ, ਜੱਗ ਜ਼ਾਹਰ ਕਰਨ ਦੀ, ਤਾਂ ਜੋ ਵਿਗਿਆਨ ਦੀ ਅਜਿਹੀ ਤਰੱਕੀ ਨੂੰ ਵਿਸ਼ਾਲ ਲੋਕਾਈ ਦੇ ਹਿੱਤਾਂ 'ਚ ਵਰਤੋਂ 'ਚ ਲਿਆਂਦਾ ਜਾ ਸਕੇ। ਇੱਕ ਵਧੀਆ ਉਸਾਰੂ ਸਮਾਜ ਸਿਰਜਣ ਦੇ ਲੇਖੇ ਲਾਉਣ ਦੀ।

-0-

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ:

'ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ ਦੀ ਗਾਥਾ' ਕਿਤਾਬ ਵਿਚੋਂ

# ਸਿੱਖ.ਮੈਮੋਰੰਡਮ ਜੋ ਪੰਜਾਬ ਸਰਹੱਦੀ ਕਮਿਸ਼ਨ ਨੂੰ 18 ਜੁਲਾਈ ਨੂੰ ਦਿੱਤਾ ਗਿਆ

**ਰਚਨਾ ਦੋਆਬ- ਇਕ ਗੈਰ-ਮੁਸਲਿਮ ਇਲਾਕਾ**

(73) 1469 ਈਸਵੀ ਵਿਚ ਗੁਰੂ ਨਾਨਕ ਸਾਹਿਬ ਜੀ ਦਾ ਜਨਮ ਤਲਵੰਡੀ ਪਿੰਡ ਵਿਚ ਹੋਇਆ, ਜੋ ਹੁਣ ਦੇ ਸ਼ੇਖੂਪੁਰੇ ਜ਼ਿਲ੍ਹੇ ਵਿਚ ਹੈ। ਇਸ ਪਿੰਡ ਦਾ ਪੁਰਾਣਾ ਨਾਂ ਹੁਣ ਕੋਈ ਨਹੀਂ ਜਾਣਦਾ ਤੇ ਇਸਨੂੰ ਗੁਰੂ ਨਾਨਕ ਸਾਹਿਬ ਜੀ ਦੀ ਯਾਦ ਵਿਚ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ। ਜਦੋਂ ਸਿੱਖ ਧਰਮ ਨੇ ਕਾਫ਼ੀ ਪ੍ਰਫੁੱਲਤਾ ਹਾਸਿਲ ਕਰ ਲਈ ਤਾਂ ਗੁਰੂ ਨਾਨਕ ਸਾਹਿਬ ਜੀ ਦੇ ਜਨਮ ਅਸਥਾਨ ਤੇ ਗੁਰਦੁਆਰਾ ਬਣਾਇਆ ਗਿਆ। ਇਸ ਗੁਰਦੁਆਰੇ ਨੂੰ 'ਜਨਮ ਅਸਥਾਨ' ਕਿਹਾ ਜਾਂਦਾ ਹੈ। **ਦੀ ਪੰਜਾਬ ਆਫ਼ ਟੂਡੇ** ਵਿੱਚ ਟਰੈਵਸਕਿਸ ਨੇ ਇਸ ਨੂੰ ਸਿੱਖਾਂ ਦਾ 'ਪਵਿੱਤਰ ਤੋਂ ਪਵਿੱਤਰ' ਅਸਥਾਨ ਕਿਹਾ ਹੈ। ਜਦੋਂ ਸਿੱਖ ਫ਼ੌਜਾਂ ਨੇ ਮਹਾਨ ਸ਼ਕਤੀ ਪ੍ਰਾਪਤ ਕਰ ਲਈ ਤੇ ਸਿੱਖਾਂ ਦੀ ਪ੍ਰਫੁੱਲਤਾ ਵੀ ਚੰਗੀ ਵਧ ਗਈ; ਤਾਂ ਰਾਜਾ ਤੇਜਾ ਸਿੰਘ ਨੇ ਇਸ ਗੁਰਦੁਆਰੇ ਨੂੰ ਵੱਡਾ ਕਰ ਕੇ ਦੁਬਾਰਾ ਬਣਵਾਇਆ। ਨਨਕਾਣਾ ਸਾਹਿਬ ਦੇ ਸ਼ਹਿਰ ਵਿਚ ਜਨਮ ਅਸਥਾਨ, ਬਾਲ ਲੀਲਾ, ਕਿਆਰਾ ਸਾਹਿਬ, ਤੰਬੂ ਸਾਹਿਬ ਅਤੇ ਮੰਜੀ ਸਾਹਿਬ ਗੁਰਦੁਆਰੇ ਸਥਿਤ ਹਨ ਜੋ ਸਿੱਖ ਧਰਮ ਦੇ ਬਾਨੀ ਦੇ ਜੀਵਨ ਨਾਲ ਸਬੰਧਿਤ ਘਟਨਾਵਾਂ ਦੀ ਯਾਦ ਦੁਆਉਂਦੇ ਹਨ। ਮੈਕਾਲਿਫ਼ ਅਨੁਸਾਰ, "ਨਨਕਾਣਾ ਸਾਹਿਬ ਵਿਚ ਜਿਸ ਚੀਜ਼ ਨਾਲ ਵੀ ਗੁਰੂ ਨਾਨਕ ਸਾਹਿਬ ਜੀ ਦਾ ਸੰਬੰਧ ਸੀ ਉਸਨੂੰ ਪਵਿੱਤਰ ਮੰਨਿਆ ਜਾਂਦਾ ਹੈ"। ਨਨਕਾਣਾ ਸਾਹਿਬ ਦੇ ਸ਼ਹਿਰ ਵਿਚ ਇਕ ਹੋਰ ਗੁਰਦੁਆਰਾ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਦੀ ਪਵਿੱਤਰ ਯਾਦ ਵਿਚ ਹੈ। ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਾ ਨਨਕਾਣਾ ਸਾਹਿਬ ਨੂੰ 17,654 ਏਕੜ ਜ਼ਮੀਨ ਦੀ ਬਹੁਤ ਕੀਮਤੀ ਗਰਾਂਟ ਦਿੱਤੀ। ਜ਼ਮੀਨ ਉੱਤੇ ਵਾਹੀ ਹੁੰਦੀ ਹੈ ਤੇ ਇਸ ਦੀ ਨਹਿਰੀ ਪਾਣੀ ਤੇ ਬਿਜਲੀ ਦੇ ਟਿਊਬਵੈੱਲ ਦੇ ਪਾਣੀ ਨਾਲ ਸਿੰਚਾਈ ਹੁੰਦੀ ਹੈ। ਦਫ਼ਤਰੀ ਰਿਪੋਰਟ ਦੇ ਮੁਤਾਬਿਕ ਗੁਰਦੁਆਰੇ ਦੀ ਜ਼ਮੀਨ ਸਾਰੇ ਇਲਾਕੇ ਦੇ ਵਧੀਆ ਫ਼ਾਰਮਾਂ ਵਿੱਚੋਂ ਹੈ। ਨਨਕਾਣਾ ਸਾਹਿਬ ਸ਼ਹਿਰ ਦੀ ਜ਼ਮੀਨ ਵੀ ਗੁਰਦੁਆਰਾ ਜਨਮ ਅਸਥਾਨ ਦੀ ਮਲਕੀਅਤ ਹੈ।

(74) ਇਕ ਹੋਰ ਬਹੁਤ ਸੋਹਣਾ ਗੁਰਦੁਆਰਾ ਸੱਚਾ ਸੌਦਾ ਹੈ, ਜੋ ਚੂਹੜਕਾਣੇ ਦੀ ਰੈਵੀਨਿਊ ਐਸਟੇਟ ਵਿਚ ਹੈ। ਇਹ ਗੁਰਦੁਆਰਾ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਦੀ ਇਕ ਬਹੁਤ ਮਹੱਤਵਪੂਰਨ ਘਟਨਾ ਦੀ ਯਾਦ ਵਿਚ ਹੈ। ਇਹ ਗੁਰਦੁਆਰਾ ਨਨਕਾਣਾ ਸਾਹਿਬ ਤੋਂ 20 ਮੀਲ ਦੀ ਦੂਰੀ ' ਤੇ ਹੈ ਅਤੇ ਇਸ ਕੋਲ 1,773 ਕਨਾਲ ਨਹਿਰੀ ਪਾਣੀ ਵਾਲੀ ਜ਼ਮੀਨ ਦੀ ਗਰਾਂਟ ਹੈ।

(75) ਨਨਕਾਣਾ ਸਾਹਿਬ ਵਿਚ ਗੁਰਦੁਆਰਾ ਜਨਮ ਅਸਥਾਨ ਅਤੇ ਚੂਹੜਕਾਣੇ ਵਿਚ ਗੁਰਦੁਆਰਾ ਸੱਚਾ ਸੌਦਾ ਵਿਚ ਕਈ ਲੱਖ ਤੀਰਥ ਯਾਤਰੀ ਭਾਰਤ ਦੇ ਸਾਰੇ ਹਿੱਸਿਆਂ ਤੋਂ ਹਰ ਸਾਲ ਆਉਂਦੇ ਹਨ। ਜਨਮ ਅਸਥਾਨ ਗੁਰਦੁਆਰਾ ਸਿੱਖਾਂ ਲਈ ਮੁਸਲਮਾਨਾਂ ਦੇ ਮੱਕੇ ਬਰਾਬਰ ਹੈ।

**ਰਚਨਾ ਦੋਆਬਾ-ਇਕ ਗ਼ੈਰ-ਮੁਸਲਿਮ ਇਲਾਕਾ**

(76) ਨਨਕਾਣਾ ਸਾਹਿਬ ਦੀ ਕੁੱਲ ਆਬਾਦੀ 12,981 ਹੈ, ਜਿਹਨਾਂ ਵਿੱਚੋਂ 10,081 ਗ਼ੈਰ-ਮੁਸਲਮਾਨ ਹਨ ਅਤੇ 2,900 ਮੁਸਲਮਾਨ ਹਨ। ਗ਼ੈਰ-ਮੁਸਲਮਾਨ ਆਬਾਦੀ ਵਿੱਚੋਂ ਨਨਕਾਣਾ ਸਾਹਿਬ ਵਿਚ 5,427 ਸਿਖ ਹਨ। ਨਨਕਾਣਾ ਸਾਹਿਬ ਦੀ ਜਗੀਰ 'ਤੇ 6,603 ਆਬਾਦੀ ਹੈ, ਜਿਸ ਵਿੱਚੋਂ 4,451 ਸਿਖ, 1,679 ਮੁਸਲਮਾਨ ਅਤੇ 473 ਹਿੰਦੂ ਤੇ ਹੋਰ ਹਨ। ਅਜੈਨੀ ਵਾਲਾ, ਖ਼ਾਨਕਾਹ ਡੋਗਰਾਂ, ਛੀਨਾ, ਮੰਗਤ ਅਤੇ ਮਰੜ ਬਲੋਚਾਂ ਪੰਜ ਜ਼ੈਲ ਜੋ ਸ਼ੇਖੂਪੁਰਾ ਜ਼ਿਲ੍ਹੇ ਵਿਚ ਹਨ ਤੇ ਗੁਜਰਾਂਵਾਲੇ ਜ਼ਿਲ੍ਹੇ ਦੇ ਹਾਫ਼ਿਜ਼ਾਬਾਦ ਉਪ ਜ਼ਿਲ੍ਹੇ ਨਾਲ ਲੱਗਦੇ ਹਨ, ਜ਼ਿਆਦਾਤਰ ਮੁਸਲਿਮ ਆਬਾਦੀ ਦੇ ਹਨ। ਇਹਨਾਂ ਜ਼ੈਲਾਂ ਨੂੰ ਛੱਡ ਕੇ ਬਾਕੀ ਸਾਰਾ ਹਿੱਸਾ ਸ਼ੇਖੂਪੁਰਾ ਉਪ ਜ਼ਿਲ੍ਹੇ ਦਾ ਤੇ ਨਨਕਾਣਾ ਸਾਹਿਬ ਦੀ ਜਗੀਰ ਗ਼ੈਰ-ਮੁਸਲਮਾਨਾਂ ਦੀ ਬਹੁ-ਗਿਣਤੀ ਦੀ ਆਬਾਦੀ ਵਾਲਾ ਹੈ ਅਤੇ ਗ਼ੈਰ-ਮੁਸਲਮਾਨ ਇਸ ਜਗ੍ਹਾ ਨਾਲ ਮੁਸਲਮਾਨਾਂ ਨਾਲੋਂ ਜ਼ਿਆਦਾ ਮਹੱਤਵਪੂਰਨ ਤਰੀਕੇ ਨਾਲ ਮਾਲੀ ਤੌਰ 'ਤੇ ਜੁੜੇ ਹੋਏ ਹਨ। 1931 ਵਿਚ ਸ਼ੇਖੂਪੁਰਾ ਉਪ ਜ਼ਿਲ੍ਹੇ ਦੇ ਜ਼ਮੀਨ ਦੇ ਮਾਲੀਏ ਦੇ ਅੰਕੜੇ ਇਸ ਤਰ੍ਹਾਂ ਹਨ:

| | | |
|---|---|---|
| ਸਿੱਖ | - | 7,39,588 |
| ਮੁਸਲਮਾਨ | - | 4,83,241 |
| ਹਿੰਦੂ | - | 91,725 |
| ਹੋਰ | - | 13,229 |

ਮੁਸਲਮਾਨ ਸ਼ੇਖ਼ੂਪੁਰਾ ਉੱਪ ਜ਼ਿਲ੍ਹੇ ਵਿਚ ਮਾਲੀ ਤੌਰ 'ਤੇ ਜ਼ਿਆਦਾਤਰ ਅਜੈਨੀਵਾਲਾ, ਛੀਨਾ, ਮੰਗਤ, ਮਰੜ ਬਲੋਚਾਂ ਅਤੇ ਖ਼ਾਨਕਾਹ ਡੋਗਰਾਂ ਜ਼ੈਲਾਂ ਨਾਲ ਜੁੜੇ ਹੋਏ ਹਨ। ਇਸ ਮੈਮੋਰੰਡਮ ਦੇ ਅੰਤਿਕਾ 'ਏ' ਵਿਚ ਸ਼ੇਖੂਪੁਰਾ ਜ਼ਿਲ੍ਹੇ ਦੇ ਇਸ ਇਲਾਕੇ ਵਿਚ ਵੱਖਰੇ-ਵੱਖਰੇ ਧਰਮਾਂ ਦਾ ਵੇਰਵਾ ਦਿੱਤਾ ਗਿਆ ਹੈ।

(77) ਇਤਿਹਾਸਕ ਤੇ ਧਾਰਮਿਕ ਪੱਖ ਦੇ ਆਧਾਰ 'ਤੇ ਅਤੇ ਮਾਲੀ ਹਿੱਤਾਂ ਨੂੰ ਮੁੱਖ ਰੱਖਦਿਆਂ ਸ਼ੇਖ਼ੂਪੁਰਾ ਦਾ ਇਹ ਹਿੱਸਾ ਪੂਰਬੀ ਪੰਜਾਬ ਦਾ ਹਿੱਸਾ ਹੋਣਾ ਚਾਹੀਦਾ ਹੈ। ਇਸ ਮੈਮੋਰੰਡਮ ਦੇ ਅਪੈਂਡਿਕਸ 'ਬੀ' ਵਿਚ ਲਾਇਲਪੁਰ ਉਪ ਜ਼ਿਲ੍ਹੇ ਦੇ ਰੋੜੂ ਕਾਰੂ, ਲਾਇਲਪੁਰ, ਨਿਵਾਨ, ਨਰਵਾਲਾ, ਸਰ ਸ਼ਮੀਰ, ਠੀਕਰੀ ਵਾਲਾ, ਗਿੱਦੜ ਵਾਲਾ, ਦਿਜਕੋਟ, ਖ਼ਾਨੂਵਾਨਾ ਅਤੇ ਲਾਇਲਪੁਰ ਜ਼ੈਲ ਦੇ ਸਦਰ ਪੁਲਿਸ ਥਾਣੇ ਅਧੀਨ ਉਕਬਾਲਾ, ਜੜ੍ਹਾਂ ਵਾਲਾ ਉੱਪ ਜ਼ਿਲ੍ਹੇ ਦੇ ਬਦੋਵਾਲੀ, ਹਟਰਵਾਲੀ, ਖੁਡੀਆਂ ਵਾਲਾ, ਜੜ੍ਹਾਂ ਵਾਲਾ, ਪੋਲਿਆਨੀ, ਜਸੁਆਨਾ, ਅਵਾਗਟ, ਸਤਿਆਨਾ ਅਤੇ ਬੁਚਿਆਨਾ, ਸਮੁੰਦਰੀ ਉਪ ਜ਼ਿਲ੍ਹੇ ਦੇ ਸਮੁੰਦਰੀ, ਰਸਿਆਨਾ ਅਤੇ ਤਰਖਾਨੀ ਜ਼ੈਲ ਅਤੇ ਟੋਬਾ ਟੇਕ ਸਿੰਘ ਉਪ ਜ਼ਿਲ੍ਹੇ ਦੇ ਪੱਕਾ ਆਨਾ, ਗੋਜਰਾ, ਯੱਕਰ, ਜਾਨੀਵਾਲਾ, ਟੋਬਾ ਟੇਕ ਸਿੰਘ ਅਤੇ ਦਬਨ ਵਾਲਾ ਜ਼ੈਲ ਦੇ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਹਨਾਂ ਜ਼ੈਲਾਂ ਵਿਚ 501 ਪਿੰਡ ਹਨ, ਜਿਨ੍ਹਾਂ ਦੀ ਕੁੱਲ ਆਬਾਦੀ 6,17,979 ਹੈ। ਇਸ ਆਬਾਦੀ ਵਿਚ 4,84,464 ਗ਼ੈਰ-ਮੁਸਲਮਾਨ ਹਨ ਤੇ 2,33,555 ਮੁਸਲਮਾਨ। ਇਸ ਇਲਾਕੇ ਵਿਚ ਸਿੱਖਾਂ ਦੀ ਗਿਣਤੀ 2,31,496 ਹੈ। ਇਸ ਇਲਾਕੇ ਵਿਚ ਕੁਲ ਜ਼ਮੀਨ ਦੀ ਮਲਕੀਅਤ 7,07,109 ਏਕੜ ਦੀ ਹੈ ਤੇ ਇਸ ਵਿੱਚੋਂ 4,77,887 ਏਕੜ ਸਿੱਖਾਂ ਕੋਲ ਹੈ ਤੇ 31,202 ਏਕੜ ਮੁਸਲਮਾਨਾਂ ਕੋਲ। 31,202 ਏਕੜ ਹੋਰ ਦੂਸਰਿਆਂ ਕੋਲ ਹੈ। ਇਹ ਇਲਾਕਾ ਸ਼ੇਖ਼ੂਪੁਰਾ ਜ਼ਿਲ੍ਹੇ ਦੇ ਇਲਾਕੇ, ਜਿਸ ਬਾਰੇ ਉਪਰ ਕਿਹਾ ਗਿਆ ਹੈ, ਨਾਲ ਜੁੜਦਾ ਹੈ ਤੇ ਇਕ ਖੰਡ ਬਣਾਉਂਦਾ ਹੈ।

(78) ਪੈਰਾ 76 ਵਿਚ ਉਪਰ ਦੱਸੇ ਗਏ ਸ਼ੇਖ਼ੂਪੁਰਾ ਜ਼ਿਲ੍ਹੇ ਦੇ ਇਲਾਕੇ ਨਾਲ ਜੁੜਦਾ ਗੁਜਰਾਂਵਾਲਾ ਜ਼ਿਲ੍ਹੇ ਦੀ ਗੁਜਰਾਂਵਾਲਾ ਤਹਿਸੀਲ ਹੈ। ਇਸ ਗੁਜਰਾਂਵਾਲੇ ਦੇ ਉਪ ਜ਼ਿਲ੍ਹੇ ਦੇ ਸਾਲਾਨਾ ਜ਼ਮੀਨ ਦੇ ਮਾਲੀਏ ਦੇ ਅੰਕੜੇ ਫ਼ਿਰਕੇ ਦੇ ਹਿਸਾਬ ਇਹ ਹਨ:

| | | |
|---|---|---|
| ਗ਼ੈਰ-ਮੁਸਲਮਾਨ | - | 5,00,505 ਰੁਪਏ |
| ਮੁਸਲਮਾਨ | - | 2,75,659 ਰੁਪਏ |

ਸਿਰਫ਼ ਗੁਜਰਾਂਵਾਲਾ ਉਪ ਜ਼ਿਲ੍ਹੇ (ਜਾਂ ਤਹਿਸੀਲ) ਵਿਚ ਹੀ ਸਿਖ 3,05,357 ਰੁਪਏ ਸਾਲਾਨਾ ਜ਼ਮੀਨ ਦਾ ਮਾਲੀਆ ਭਰਦੇ ਹਨ। ਸ਼ੇਖ਼ੂਪੁਰਾ ਉਪ ਜ਼ਿਲ੍ਹੇ ਦੇ ਨਾਲ ਲਗਦੇ ਗੁਜਰਾਂਵਾਲਾ ਉਪ ਜ਼ਿਲ੍ਹੇ ਦੇ ਤਿੰਨ ਜ਼ੈਲ ਕਰਿਆਲ, ਨੌਸ਼ਹਿਰਾ ਵਿਰਕਾਂ ਅਤੇ ਮਾਝਾ ਚੱਕ ਹਨ, ਜਿਹਨਾਂ ਵਿਚ ਗ਼ੈਰ-ਮੁਸਲਮਾਨਾਂ ਦੀ ਆਬਾਦੀ ਬਹੁ-ਗਿਣਤੀ ਵਿਚ ਹੈ। ਥਬਲੇ ਜ਼ੈਲ ਦੇ ਬੱਬਰ, ਰੋਖੇ, ਚੂੰਡੀਆਵਾਲਾ, ਕਿਲ੍ਹਾ ਮੂਲ ਸਿੰਘ, ਜਾਗੋਵਾਲਾ ਨਾਊ, ਜਾਗੋਵਾਲਾ ਕੂਹਨਾ, ਨਿਹਾਰਕੇ, ਮੰਝਵਾਲਾ ਅਤੇ ਫਤਹਿਕੇ ਥੱਬਲ ਦਾ ਪਿੰਡ ਅਤੇ ਮੰਗੋਕੇ ਜ਼ੈਲ ਦੇ ਬਦਰੱਤਾ, ਮੋਹਰ, ਪਗਾਲਾ, ਮੇਲੋ, ਗੋਰਾਇਆ ਪਿੰਡ ਵੀ ਇਸ ਇਲਾਕੇ ਨਾਲ ਲਗਦੇ ਹਨ, ਜਿਥੇ ਗ਼ੈਰ-ਮੁਸਲਮਾਨਾਂ ਦੀ ਆਬਾਦੀ ਬਹੁ-ਗਿਣਤੀ ਵਿਚ ਹੈ। ਸਿਰਫ਼ ਆਬਾਦੀ ਦੇ ਆਧਾਰ 'ਤੇ ਹੀ ਗੁਜਰਾਂਵਾਲਾ ਉਪ ਜ਼ਿਲ੍ਹੇ ਦਾ ਇਹ ਹਿੱਸਾ ਜ਼ਰੂਰ ਪੂਰਬੀ ਪੰਜਾਬ ਵਿਚ ਆਉਣਾ ਚਾਹੀਦਾ ਹੈ। ਇਸ ਮੈਮੋਰੰਡਮ ਦੇ ਅਪੈਂਡਿਕਸ 'ਸੀ' ਵਿਚ ਗੁਜਰਾਂਵਾਲਾ ਉਪ ਜ਼ਿਲ੍ਹੇ ਵਿਚ ਸਿੱਖਾਂ ਦੀ ਸਥਿਤੀ ਦੱਸੀ ਗਈ ਹੈ।

(...ਚੱਲਦਾ)

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ



–ਗਿ: ਜਗਤਾਰ ਸਿੰਘ ਜਾਚਕ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਾਰਾਂ ਤੇ ਢਾਡੀ ਪਰੰਪਰਾ

'ਸਿੱਖ ਰੈਫ਼ਰੈਂਸ ਲਾਇਬਰੇਰੀ' ਵਿਚ ਉਸ ਵੇਲੇ ਲਗਭਗ ਪੰਜ ਸੌ ਪੁਰਾਤਨ ਹੱਥ ਲਿਖਤੀ ਬੀੜਾਂ ਸਨ। ਸਬ-ਕਮੇਟੀ ਦੇ ਖੋਜੀ ਵਿਦਵਾਨਾਂ ਨੇ ਇਨ੍ਹਾਂ ਬੀੜਾਂ ਵਿੱਚੋਂ ਸੰਮਤਾਂ ਵਾਲੀਆਂ ਸ਼ੁੱਧ ਤੇ ਪ੍ਰਮਾਣੀਕ ਸੱਠ-ਸੱਤਰ ਬੀੜਾਂ ਛਾਂਟ ਕੇ ਉਨ੍ਹਾਂ ਦੀ ਕਾਲ-ਕ੍ਰਮ ਅਨੁਸਾਰ ਸੂਚੀ ਤਿਆਰ ਕੀਤੀ। ਇਨ੍ਹਾਂ ਬੀੜਾਂ ਤੇ ਸੰਥਾ-ਸੈਂਚੀਆਂ ਦੇ ਪਾਠਾਂ ਨੂੰ ਆਪਸ ਵਿਚ ਮੇਲਣ ਤੋਂ ਜੋ ਜੋ ਫ਼ਰਕ ਉਨ੍ਹਾਂ ਨੂੰ ਮਹਿਸੂਸ ਹੋਏ, ਉਨ੍ਹਾਂ ਪਾਠ-ਭੇਦਾਂ ਦੀ ਸੂਚੀ, ਸ਼ੁੱਧ ਤੇ ਅਸ਼ੁੱਧ ਪਾਠਾਂ ਬਾਰੇ ਆਪਣੀ ਨਿਜੀ ਸਲਾਹ ਅਤੇ ਪੁਰਾਤਨ ਬੀੜਾਂ ਬਾਰੇ ਕੁਝ ਹੋਰ ਵਿਸ਼ੇਸ਼ ਨੋਟ ਲਿਖ ਕੇ ਕਮੇਟੀ ਨੂੰ ਸਉਂਪ ਦਿੱਤੇ। ਮਰਹੂਮ ਸ. ਗੁਰਚਰਨ ਸਿੰਘ ਟੌਹੜਾ ਜੀ ਦੇ ਪ੍ਰਧਾਨਗੀ ਕਾਲ ਵਿਚ ਸ਼੍ਰੋਮਣੀ ਕਮੇਟੀ ਦੇ ਸੂਝਵਾਨ ਸਕੱਤਰ ਸ. ਮਹਿੰਦਰ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਗੁਰਬਖ਼ਸ਼ ਸਿੰਘ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਹਰਿਭਜਨ ਸਿੰਘ ਤੇ ਸ੍ਰੀ ਦਰਬਾਰ ਸਾਹਿਬ ਦੇ ਮੁਖ ਗ੍ਰੰਥੀ ਗਿ. ਕ੍ਰਿਪਾਲ ਸਿੰਘ ਜੀ ਦੇ ਉੱਦਮ ਤੇ ਪ੍ਰੇਰਨਾ ਸਦਕਾ ਸਬ-ਕਮੇਟੀ ਵਲੋਂ ਸਾਲਾਂ ਬੱਧੀ ਮਿਹਨਤ ਨਾਲ ਤਿਆਰ ਕੀਤੀ ਗਈ ਪਾਠ-ਭੇਦਾਂ ਦੀ ਉਪਰੋਕਤ ਸੂਚੀ ਨੂੰ ਪੰਜ ਭਾਗਾਂ ਵਿਚ ਪ੍ਰਕਾਸ਼ਤ ਕਰਨ ਦੀ ਯੋਜਨਾ ਬਣੀ ਤੇ ਪ੍ਰਕਾਸ਼ਿਤ ਹੋਈ।

ਚੰਗੇ ਭਾਗ ਸਨ ਕਿ ਉਨ੍ਹੀਂ ਦਿਨੀਂ ਮੈਂ (ਜਗਤਾਰ ਸਿੰਘ ਜਾਚਕ) 'ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ' ਵਿਖੇ ਸੰਨ 1974-76 ਦੀ ਪ੍ਰਚਾਰਕ ਕਲਾਸ 94 ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿੱਦਿਆ ਪ੍ਰਾਪਤ ਕਰ ਰਿਹਾ ਸਾਂ। ਇਸ ਲਈ ਪ੍ਰਿੰਸੀਪਲ ਸਾਹਿਬ ਜੀ ਹੁਰਾਂ ਨਾਲ ਦਾਸ ਨੂੰ ਵੀ ਕਈ ਵਾਰ ਸਿੱਖ ਰੈਫਰੈਂਸ ਲਾਇਬਰੇਰੀ ਵਿਚ ਜਾ ਕੇ ਖੋਜੀ ਵਿਦਵਾਨਾਂ ਨਾਲ ਮਿਲ ਬੈਠਣ, ਵੀਚਾਰਾਂ ਕਰਨ ਅਤੇ ਕਈ ਮਹੱਤਵਪੂਰਨ ਇਤਿਹਾਸਿਕ ਬੀੜਾਂ ਦੇ ਦਰਸ਼ਨ ਕਰਨ ਦਾ ਅਵਸਰ ਵੀ ਬਣਿਆ। ਜਿਨ੍ਹਾਂ ਵਿੱਚੋਂ ਜ਼ਿਕਰ ਯੋਗ ਹਨ ਸਭ ਤੋਂ ਪ੍ਰਾਚੀਨ ਤੇ ਭਾਈ ਗੁਰਦਾਸ ਜੀ ਦੀ ਮਿਸਲ ਵਾਲੀ ਸ੍ਰੀ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਦੀ ਪ੍ਰਮਾਣੀਕ 1 ਨੰ: ਲਹੌਰੀ ਬੀੜ-ਲਿਖਤ ਸੰਮਤ 1667 (ਸੰਨ 1610), 11/4886 ਨੰ : ਭਾਈ ਪਾਖਰ ਮੱਲ ਢਿੱਲੋਂ ( ਪੋਤਰਾ ਚੌਧਰੀ ਲੰਗਾਹ ) ਲਿਖਤ ਸੰਮਤ 1745 ( ਸੰਨ 1688 ), 97 ਨੂੰ ਦਮਦਮੀ ਸਰੂਪ ਲਿਖਤ ਸੰਮਤ 1739 ( ਸੰਨ 1682 ) ਅਤੇ ਨੌਵੇਂ ਤੇ ਦਸਵੇਂ ਪਾਤਸ਼ਾਹ ਦੇ ਦਰਬਾਰੀ ਲਿਖਾਰੀ ਭਾਈ ਹਰਿਦਾਸ ਜੀ ਵਾਲੀ 7 ਨੰਬਰ ਬੀੜ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਪ੍ਰਿੰਸੀਪਲ ਸਾਹਿਬ ਜੀ ਨੇ ਇਸ ਇਤਿਹਾਸਿਕ ਤੇ ਪ੍ਰਮਾਣਿਕ ਬੀੜ ਦੀਆਂ ਆਪਣੇ ਕੈਮਰੇ ਨਾਲ ਕੁਝ ਤਸਵੀਰਾਂ ਵੀ ਲਈਆਂ ਸਨ। ਹੁਣ ਤਾਂ ਸ਼ਾਇਦ ਉਪਰੋਕਤ ਕਿਸਮ ਦੀਆਂ ਕੀਮਤੀ ਬੀੜਾਂ ਦੀਆਂ ਕੇਵਲ ਕੁਝ ਵੀਡੀਓ ਪ੍ਰਾਪਤ ਹੋ ਸਕਣ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਮੁਖ-ਸੇਵਦਾਰ ਪ੍ਰੋ. ਮਨਜੀਤ ਸਿੰਘ ਜੀ ਦੁਆਰਾ ਸਥਾਪਤ ਪ੍ਰੋ. ਸਾਹਿਬ ਸਿੰਘ ਟ੍ਰਸਟ, ਸ੍ਰੀ ਅਨੰਦਪੁਰ ਸਾਹਿਬ ਪਾਸੋਂ ਅਤੇ ਪ੍ਰਿੰਸੀਪਲ ਸਾਹਿਬ ਦੁਆਰਾ ਖਿੱਚੀਆਂ ਫੋਟੋਆਂ ਪ੍ਰਾਪਤ ਹੋ ਸਕਣ, ਉਨ੍ਹਾਂ ਦੇ ਬੇਟੇ ਪ੍ਰਿੰਸੀਪਲ ਸਤਿਨਾਮ ਸਿੰਘ ਚੰਡੀਗੜ੍ਹ ਕੋਲੋਂ । ਕਿਉਂਕਿ, ਸਿੱਖ ਰੈਫ਼ਰੈਂਸ ਵਾਲਾ ਇਹ ਸਾਰਾ ਇਤਿਹਾਸਿਕ ਤੇ ਸਾਹਿਤਕ ਖ਼ਜ਼ਾਨਾ ਜੂਨ 1984 ਦੇ ਘੱਲੂਘਾਰੇ ਵੇਲੇ ਸਾਡੇ ਹੱਥੋਂ ਜਾਂਦਾ ਰਿਹਾ ਹੈ ਅਤੇ ਰਹਿੰਦਾ-ਖੂੰਹਦਾ ਸਾੜ ਛੱਡਿਆ ਹੈ, ਰਾਗ ਮਾਲਾ ਦੇ ਹਮਾਇਤੀ ਸੰਪਰਦਾਈ ਗ੍ਰੰਥੀਆਂ ਨੇ। ਨੋਟ ਕਰਨ ਵਾਲੀ ਵੱਡੀ ਸਚਾਈ ਇਹ ਹੈ ਕਿ ਬੀੜ ਨੰ: 1 ਨੂੰ ਛੱਡ ਕੇ ਬਾਕੀ ਤਿੰਨਾਂ ਵਿਚ ਨੌਵੇਂ ਮਹਲ ਦੀ ਬਾਣੀ ਦਰਜ ਸੀ । 'ਕਰਤਾਰਪੁਰੀ ਬੀੜ' ਵਿਚ 'ਸੋ ਪੁਰਖ' ਸੰਗ੍ਰਹਿ ਵਾਲੇ ਚਾਰ ਸ਼ਬਦ ਨਹੀਂ ਹਨ; ਪਰ, ਢਿੱਲੋਂ ਵਾਲੀ ਬੀੜ ਵਿਚ 'ਸੋ ਦਰੁ' ਤੇ 'ਸੋ ਪੁਰਖੁ' ਦੇ ਨੌਵਾਂ ਸ਼ਬਦਾਂ ਸਮੇਤ ਜੈਜਾਵੰਤੀ ਮਹਲਾ ਨੌਵਾਂ ਦੇ ਚਾਰ ਸ਼ਬਦ ਬਿਲਕੁਲ ਰਾਗਾਂ ਦੀ ਅਜੋਕੀ ਤਰਤੀਬ ਮੁਤਾਬਕ ਅੰਕਿਤ ਸਨ।

ਜਦੋਂ ਸ. ਰਣਧੀਰ ਸਿੰਘ ਵਾਲੀ ਸਬ-ਕਮੇਟੀ ਵਲੋਂ ਤਿਆਰ ਪਾਠ-ਭੇਦਾਂ ਦੀ ਸੂਚੀ ਪੰਜ ਭਾਗਾਂ ਵਿਚ ਛਪ ਗਈ ਤਾਂ ਐਡੀਸ਼ਨਲ ਸਕੱਤਰ ਸ. ਗੁਰਬਖ਼ਸ਼ ਸਿੰਘ ਜੀ ਨੇ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਹੁਰਾਂ ਨੂੰ ਅਪ੍ਰੈਲ 1976 ਵਿਚ ਭੂਮਿਕਾ ਲਿਖਣ ਲਈ ਖਰੜਾ ਭੇਜਿਆ। ਪ੍ਰਿੰਸੀਪਲ ਜੀ ਹੁਰਾਂ ਮੈਨੂੰ ਘਰ ਬੁਲਾ ਕੇ ਆਖਿਆ:

"ਬੇਟਾ! ਇਹ ਪੋਥੀਆਂ ਲੈ ਜਾਓ, ਚਾਰ ਸਾਥੀ ਆਪਣੇ ਨਾਲ ਹੋਰ ਲਾਓ ਤੇ ਗਿਣਤੀ ਕਰ ਕੇ ਦੱਸੋ ਕਿ ਕੁੱਲ ਕਿਤਨੇ ਪਾਠ-ਭੇਦ ਹਨ। ਰਣਧੀਰ ਸਿੰਘ ਜੀ ਹੁਰਾਂ ਵਲੋਂ ਲਿਖੇ ਵਿਸ਼ੇਸ਼ ਨੋਟਾਂ ਦੇ ਪੰਨੇ ਵੀ ਨੋਟ ਕਰ ਲੈਣੇ; ਕਿਉਂਕਿ ਭੂਮਿਕਾ ਲਿਖਣ ਲਈ ਇਹ ਸਾਰੀ ਜਾਣਕਾਰੀ ਜ਼ਰੂਰੀ ਹੈ। ਇਹ ਪੋਥੀਆਂ ਪੜ੍ਹ ਕੇ ਤੁਹਾਨੂੰ ਪੁਰਾਤਨ ਬੀੜਾਂ ਦੇ ਦਰਸ਼ਨ ਵੀ ਹੋ ਜਾਣਗੇ ਤੇ ਅਸਲੀਅਤ ਦਾ ਵੀ ਪਤਾ ਚੱਲ ਜਾਏਗਾ। ਭਵਿੱਖ ਤੁਹਾਡੇ ਹੱਥਾਂ ਵਿਚ ਹੈ। ਬੇਟੇ! ਯਾਦ ਰੱਖਣਾ, 'ਧੁਰ ਕੀ ਬਾਣੀ' ਦੀ ਸੰਪਾਦਨਾ ਦਾ ਕਾਰਜ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਕ ਨਿਰੰਤਰ ਚੱਲਿਆ ਹੈ। ਸਾਰੇ ਗੁਰੂ ਸਾਹਿਬਾਨ ਨੇ ਇਸ ਅਮੋਲਕ ਰੂਹਾਨੀ ਖ਼ਜ਼ਾਨੇ ਨੂੰ ਆਪਣੀ ਜਾਨ ਤੋਂ ਵੀ ਕੀਮਤੀ ਜਾਣ ਕੇ ਸਦਾ ਹੀ ਆਪਣੇ ਅੰਗ-ਸੰਗ ਸੁਰੱਖਿਅਤ ਰੱਖਿਆ ਤੇ ਸੰਭਾਲਿਆ ਹੈ।

ਪਰ, ਜਿਸ ਪਾਵਨ ਬੀੜ ਨੂੰ ਦਸਵੇਂ ਪਾਤਸ਼ਾਹ ਨੇ ਸੰਪਾਦਤੀ ਸੰਪੂਰਨਤਾ ਬਖ਼ਸ਼ੀ ਅਤੇ ਸ੍ਰੀ ਹਜ਼ੂਰ ਸਾਹਿਬ (ਨੰਦੇੜ) ਪਹੁੰਚ ਕੇ ਆਪਣੇ ਜੋਤੀ - ਜੋਤਿ ਸਮਾਵਣ ਤੋਂ ਪਹਿਲਾਂ ਅਕਤੂਬਰ ਸੰਨ 1708 ਵਿਚ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਕੀਤਾ; ਬਦਕਿਸਮਤੀ ਨਾਲ ਉਹ ਸਰੂਪ ਘੱਲੂਘਾਰਿਆਂ ਵੇਲੇ ਅਸੀਂ ਗੁਆ ਬੈਠੇ ਹਾਂ । ਗੁਰੂ ਅਰਜਨ ਸਾਹਿਬ ਜੀ ਮਹਾਰਾਜ ਵਲੋਂ ਭਾਈ ਗੁਰਦਾਸ ਜੀ ਦੁਆਰਾ ਲਿਖਾਈ ਤੇ ਸੰਪਾਦਿਤ ਕਰਵਾਈ ਗਈ ਬੀੜ ਪ੍ਰਤੀ ਹੁਣ ਤਕ ਦੀ ਹੋਈ ਖੋਜ ਤੇ ਮੇਰੀ ਤੁੱਛ ਬੁੱਧੀ ਮੁਤਾਬਕ ਕੇਵਲ ਦੋ ਹੀ ਨਿਕਟਵਰਤੀ ਉਤਾਰੇ ਹਨ; ਇਕ ਹੈ ਕਰਤਾਰਪੁਰੀ ਬੀੜ ਤੇ ਦੂਜੀ ਹੈ ਸਿੱਖ ਰੈਫ਼ਰੈਂਸ ਲਾਇਬਰੇਰੀ ਵਿਚਲੀ ਸ੍ਰੀ ਹਰਿਗੋਬਿੰਦ ਸਾਹਿਬ ਵਾਲੀ ਲਹੌਰੀ ਬੀੜ।

"ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਭਾਈ ਬੰਨੋ ਹੀ ਪਹਿਲਾ ਸਿੱਖ ਸੀ, ਜਿਸ ਨੇ ਸਤਿਗੁਰਾਂ ਦੀ ਰਜ਼ਾ ਮੁਤਾਬਕ ਭਾਈ ਗੁਰਦਾਸ ਜੀ ਦੀ ਲਿਖੀ ਬੀੜ ਦਾ ਪਹਿਲਾ ਉਤਾਰਾ ਕੀਤਾ। ਭਾਈ ਗੁਰਦਾਸ ਜੀ ਵਾਲੀ ਮੂਲਕ ਬੀੜ (ਪੋਥੀ) ਤਾਂ ਸ੍ਰੀ ਦਰਬਾਰ ਸਾਹਿਬ ਵਿਖੇ ਪ੍ਰਕਾਸ਼ ਲਈ ਸੰਭਾਲ ਲਈ ਗਈ ਅਤੇ ਉਤਾਰਿਆਂ ਲਈ ਭਾਈ ਬੰਨੋ ਵਾਲੀ ਬੀੜ ਹੀ ਲਿਖਾਰੀਆਂ ਲਈ ਉਪਲਬਧ ਰਹੀ। ਇਹੀ ਕਾਰਨ ਹੈ ਕਿ ਥੋੜੀ ਬਹੁਤ ਅਦਲਾ-ਬਦਲੀ ਨਾਲ ਵਧੇਰੇ ਉਤਾਰੇ ਭਾਈ ਬੰਨੋ ਵਾਲੀ ਮਿਸਲ ਦੇ ਮਿਲਦੇ ਹਨ; ਭਾਈ ਗੁਰਦਾਸ ਜੀ ਦੀ ਮਿਸਲ ਵਾਲੇ ਘੱਟ। ਪਰ, ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਭਾਈ ਬੰਨੋ ਵਾਲੀ ਮੂਲ ਬੀੜ ਵੀ ਅਸੀਂ ਸੰਭਾਲ ਨਹੀਂ ਸਕੇ। ਕਿਉਂਕਿ, ਮੇਰਾ ਮਨ ਨਹੀਂ ਮੰਨਦਾ ਕਿ ਭਾਈ ਸਾਹਿਬ ਜੀ ਵਰਗਾ ਗੁਰੂ ਜੀ ਦਾ ਅਤਿ ਨਿਕਟਵਰਤੀ ਤੇ ਸੂਝਵਾਨ ਸਿੱਖ , ਜਿਸ ਨੂੰ ਸਤਿਗੁਰਾਂ ਨੇ ਆਪ ਭਾਈ ਗੁਰਦਾਸ ਜੀ ਦਾ ਸਹਾਇਕ ਲਿਖਾਰੀ ਬਣਾਇਆ ਹੋਵੇ , ਉਹ ਉਤਾਰਾ ਕਰਦਿਆਂ ਸਤਿਗੁਰਾਂ ਦੀ ਆਗਿਆ ਜਾਂ ਭਾਈ ਗੁਰਦਾਸ ਜੀ ਦੀ ਸਲਾਹ ਦੇ ਬਗ਼ੈਰ ਹੀ ' ਰਣਝੁੰਝਨੜਾ ਗਾਉ ਸਖੀ ' ਵਰਗਾ ਅਧੂਰਾ ਸ਼ਬਦ , "ਛਾਡਿ ਮਨ ਹਰਿ ਬਿਮੁਖਨ ਸਿਉ ਸੰਗ ' ਵਰਗੀ ਸਿਰਲੇਖ - ਹੀਣ ਇਕੱਲੀ ਤੁਕ , ਮੀਰਾਂਬਾਈ ਦਾ ਪਦਾ ਅਤੇ ਰਾਗਮਾਲਾ ਵਰਗੀ ਨਾਮੁ ਵਿਹੂਣੀ ਰਚਨਾ ਨੂੰ ਬੀੜ ਵਿਚ ਲਿਖਣ ਦੀ ਅਵੱਗਿਆ ਕਰਦਾ। ਇਸ ਲਈ ਜਿਸ ਬੀੜ ਵਿਚ ਅਜਿਹੀਆਂ ਭੁੱਲਾਂ ਮੌਜੂਦ ਹੋਣ , ਉਸ ਨੂੰ ਭਾਈ ਬੰਨੋ ਜੀ ਵਾਲੀ ਮੂਲਿਕ ਲਿਖਤ ਨਹੀਂ ਮੰਨਿਆ ਜਾ ਸਕਦਾ; ਭਾਵੇਂ ਕਿ ਉਹ ਕਾਨਪੁਰ ਹੋਵੇ ਜਾਂ ਕਿਤੇ ਹੋਰ...!

"ਮੇਰੀ ਜਾਣਕਾਰੀ ਮੁਤਾਬਕ ਦਸਵੇਂ ਪਾਤਸ਼ਾਹ ਦੇ ਵੇਲੇ ਦੀਆਂ ਵੀ ਸਿੱਖ ਰੈਫ਼ਰੈਂਸ ਲਾਇਬਰੇਰੀ ਵਿਚਲੀਆਂ ਦੋ ਹੀ ਪ੍ਰਮਾਣਿਕ ਬੀੜਾਂ ਹਨ; ਇਕ ਹੈ ਦਸਵੇਂ ਪਾਤਸ਼ਾਹ ਦੇ ਹਜ਼ੂਰੀ ਲਿਖਾਰੀ ਤੇ ਅਨਿੰਨ ਸੇਵਕ ਸਿੱਖ ਭਾਈ ਹਰਿਦਾਸ ਜੀ ਵਾਲੀ ਅਤੇ ਦੂਜੀ ਹੈ 97 ਨੰਬਰ ਅਨੰਦਪੁਰੀ ਬੀੜ, ਜਿਸ ਨੂੰ ਸ. ਸ਼ਮਸ਼ੇਰ ਸਿੰਘ ਅਸ਼ੋਕ ਵਰਗਾ ਹੰਢਿਆ ਖੋਜੀ ਵਿਦਵਾਨ ਅਤੇ ਸ਼੍ਰੋਮਣੀ ਕਮੇਟੀ ਦਾ ਰੀਸਰਚ ਸਕਾਲਰ 'ਦਮਦਮੀ ਸਰੂਪ' ਮੰਨਦਾ ਹੈ ਅਤੇ ਇਹ ਹੈ ਵੀ ਸੋਲ੍ਹਾਂ ਆਨੇ ਸੱਚ। ਭੁਲੇਖਾ ਨਾ ਖਾਣਾ! ਇਹ ਦਮਦਮਾ ਸਥਾਨ ਸ੍ਰੀ ਅਨੰਦਪੁਰ ਸਾਹਿਬ ਵਿਚ ਹੈ, ਜਿਥੇ ਦਸਵੇਂ ਪਾਤਸ਼ਾਹ ਨੇ ਗੁਰਦੇਵ ਪਿਤਾ ਜੀ ਦੀ ਬਾਣੀ ਬੀੜ ਵਿਚ ਲਿਖਵਾਈ। ਇਸ ਲਈ ਖ਼ਾਲਸਾ ਪੰਥ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਹੇਠ ਅਤੇ ਉਪਰੋਕਤ ਕਿਸਮ ਦੀਆਂ ਪ੍ਰਮਾਣਿਕ ਬੀੜਾਂ ਦੀ ਰੌਸ਼ਨੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਛਪ ਰਹੇ ਮੌਜੂਦਾ ਸਰੂਪ ਵਿਚਲੀ ਬਾਣੀ ਦੀ ਤਰਤੀਬ ਅਤੇ ਪਾਠ-ਭੇਦਾਂ ਨੂੰ ਦੂਰ ਕਰ ਕੇ ਹੀ ਐਸੀ ਪ੍ਰਮਾਣੀਕਤਾ ਕਾਇਮ ਕੀਤੀ ਜਾ ਸਕਦੀ ਹੈ ਕਿ ਕਿਸੇ ਵੀ ਇਕ ਪੁਰਾਤਨ ਬੀੜ ਨੂੰ ਆਧਾਰ ਬਣਾ ਕੇ ਕੋਈ ਅਨਮਤੀ ਜਾਂ ਸ਼ਰਾਰਤੀ ਬਿਰਤੀ ਵਾਲਾ ਬੰਦਾ ' ਗੁਰੂ ਗ੍ਰੰਥ ਪ੍ਰਤੀ ਸ਼ੱਕ ਦੀ ਉਂਗਲ ਨਾ ਉਠਾ ਸਕੇ। (...ਚੱਲਦਾ)

**ਲੜੀਵਾਰ: ਅੰਕ 3**

# ਸ਼ਬਦਾਂਤਿਕ ਲਗਾਂ ਮਾਤ੍ਰਾਂ

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਵਲੋਂ ਸ. ਤੇਜਾ ਸਿੰਘ ਐੱਮ.ਏ. ਦਾ ਕਿਤਾਬਚਾ **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਬਦਾਂਤਿਕ ਲਗਾਂ ਮਾਤ੍ਰਾਂ ਦੇ ਗੁੱਝੇ ਭੇਦ** ਨੂੰ ਲੜੀਵਾਰ ਛਾਪ ਰਹੇ ਹਨ, ਉਮੀਦ ਹੈ ਪਾਠਕਾਂ ਵਲੋਂ ਭਰਵਾਂ ਹੁੰਗਾਰਾ ਮਿਲੇਗਾ। -ਸੰਪਾਦਕ

### 6. ਕੰਨਾ

ਬਹੁਵਾਚਕ (ਫਲੁਰਉਲ) ; ਯਥਾ, ਜੇ ਸਉ ਚੰਦਾ ਉਗਵਹਿ (ਆਸਾ ਦੀ ਵਾਰ)

ਵਿੱਚ 'ਚੰਦਾ' ਚੰਦ ਦਾ ਬਹੁਵਚਨ ਹੈ। ਇਸੇ ਤਰ੍ਹਾਂ ਆਸਾ ਦੀ ਵਾਰ ਵਿੱਚ 'ਬੰਧਨਾ' (ਪੰ: ੭, ਸ: ੨), 'ਪੁਨਾ' (ਪੰ: ੮, ਸ: ੨), 'ਵਾਦਾਂ' (ਪੰ: ੧੧, ਸ: ੨) ਬਹੁਵਚਨ ਹਨ।

ਰੰਗ ਰਸਾ ਜੈਸੇ ਸੁਪਨਾਹਾ (ਆਸਾ ਮ : ੫)

ਵਿੱਚ 'ਰਸਾ' 'ਰਸ' ਦਾ ਬਹੁਵਚਨ ਹੈ।

ਅਨਦ ਕਰਹਿ ਤੇਰੇ ਦਾਸਾ (ਸੋਰਠਿ ਮ : ੫)

ਵਿੱਚ 'ਦਾਸਾ' ਦਾ ਬਹੁਵਚਨ ਹੈ। ਯਾਦ ਰਹੇ ਕਿ ਇਨ੍ਹਾਂ ਸ਼ਬਦਾਂ ਦਾ ਅੰਤਲਾ ਕੰਨਾ ਸਾਧਾਰਣ ਬਹੁਵਚਨ ਦਾ ਚਿੰਨ੍ਹ ਹੈ, ਕਿਸੇ ਕਾਰਕ ਦੀ ਨਿਸ਼ਾਨੀ ਨਹੀਂ।

### 7. ਸਿਹਾਰੀ (ਿ)

ਸਿਹਾਰੀ ਸਭ ਤੋਂ ਵਧਕੇ ਸੰਬੰਧਕ (ਫਰਇਪੋਸਿਟਿੰਨ) ਦੇ ਅਰਥਾਂ ਵਿੱਚ ਵਰਤੀ ਗਈ ਹੈ। 'ਵਿਚਿ', 'ਬਾਹਰਿ', 'ਉਪਰਿ', ਆਦਿ ਸ਼ਬਦ ਜਿਹੜੇ ਕਿਸੇ ਚੀਜ਼ ਦਾ ਕਿਸੇ ਹੋਰ ਚੀਜ਼ ਨਾਲ ਪਦਵੀਂ ਜਾਂ ਅਸਥਾਨ ਦਾ ਸੰਬੰਧ ਪ੍ਰਗਟ ਕਰਦੇ ਹੋਣ, ਉਨ੍ਹਾਂ ਦੇ ਅੰਤ ਵਿੱਚ ਸਿਹਾਰੀ ਜ਼ਰੂਰ ਆਉਂਦੀ ਹੈ ਅਤੇ ਇਹੋ ਸੰਬੰਧ ਦੱਸਣ ਲਈ ਨਾਵਾਂ ਦੇ ਅੰਤ ਵਿੱਚ ਭੀ ਸਿਹਾਰੀ ਆਉਂਦੀ ਹੈ।

**ੳ. ਸੰਬੰਧਕੀ ਪਦਾਂ ਦੇ ਅੰਤ ਵਿੱਚ:-**

**ਵਿਚਿ :** ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ (ਆਸਾ ਦੀ ਵਾਰ)

**ਉਪਰਿ :** ਲਿਖੇ ਉਪਰਿ ਹੁਕਮੁ ਹੋਇ॥ (ਸਲੋਕ ਮ : ੨, ਵਾਰ ਸਾਰੰਗ)

ਧਵਲੈ ਉਪਰਿ (ਜਪੁ ਜੀ)

**ਹੇਠਿ :** ਕੁੰਨੇ ਹੇਠਿ ਜਲਾਈਐ॥ (ਸਲੋਕ ਫਰੀਦ)

**ਮਧਿ, ਬਾਹਰਿ :** ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ॥ (ਸੀਰੀ ਰਾਗੁ ਮ : ੫)

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥ (ਜਪੁ ਜੀ)

**ਸੰਗਿ :** ਭਰੀਐ ਮਤਿ ਪਾਪਾ ਕੈ ਸੰਗਿ॥ (ਜਪੁ ਜੀ)

**ਸਾਥਿ :** ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥

ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ (ਸੀਰੀ ਰਾਗੁ ਮਹਲਾ ੧)

**ਨਾਲਿ :** ਮੂਰਖੈ ਨਾਲਿ ਨ ਲੁਝੀਐ॥

ਆਪੁ ਪਛਾੜਹਿ ਧਰਤੀ ਨਾਲਿ॥ (ਆਸਾ ਦੀ ਵਾਰ)

**ਪਾਸਿ :** ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ॥ (ਸੀਰੀ ਰਾਗੁ ਮਹਲਾ ੫)

**ਵਸਿ :** ਤ੍ਰੈ ਗੁਣ ਇਨ ਕੈ ਵਸਿ ਕਿਨੈ ਨ ਮੋੜੀਐ॥ (ਵਾਰ ਗੂਜਰੀ ਮ : ੫)

ਅੰਨ੍ਹੇ ਵਸਿ ਮਾਣਕੁ ਪਇਆ ਘਰਿ ਘਰਿ ਵੇਚਣ ਜਾਇ॥ (ਮ : ੩, ਵਾਰ ਸਾਰੰਗ)

**ਨਜੀਕਿ :** ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥ (ਸਲੋਕ ਫਰੀਦ)

**ਬਰਾਬਰਿ :** ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥ (ਬਿਲਾਵਲੁ ਰਵਿਦਾਸ)

**ਗੈਲਿ :** ਉਨ ਕੀ ਗੈਲਿ ਤੋਹਿ ਜਿਨਿ ਲਾਗੈ॥ (ਆਸਾ ਕਬੀਰ)

**ਤੁਲਿ :** ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ॥ (ਵਡਹੰਸੁ ਮਹਲਾ ੧)

ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥ (ਜਪੁ ਜੀ)

**ਸਰਿ (= ਬਰਾਬਰਿ) :** ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ॥ (ਧਨਾਸੀਰੀ ਰਵਿਦਾਸ)

**ਸਿਰਿ (= ਊਪਰਿ) :** ਸਭਨਾ ਉਪਾਵਾ ਸਿਰਿ ਉਪਾਉ ਹੈ ਹਰਿ ਨਾਮੁ ਪਰਾਪਤਿ ਹੋਇ॥ (ਮ : ੩, ਵਾਰ ਗੂਜਰੀ)

ਇਸੇ ਤਰ੍ਹਾਂ ਹੋਰਨਾਂ ਸੰਬੰਧਕੀ ਪਦਾਂ ਦਾ ਹਾਲ ਹੈ, ਜਿਵੇਂ, ਭੀਤਰਿ, ਬੀਚਿ, ਅੰਤਰਿ, ਮੰਝਾਰਿ, ਮਹਿ, ਮਾਹਿ, ਨਿਕਟਿ, ਆਦਿ, ਅੰਤਿ, ਵਲਿ, ਪਾਰਿ, ਵਲਿ, ਪਾਰਿ ਸਮਸਰਿ, ਭਰਿ, ਆਦਿਕ।

**ਅ. ਨਾਵਾਂ ਦੇ ਅੰਤ ਵਿੱਚ ਸੰਬੰਧਕੀ ਚਿੰਨ੍ਹ ਵਜੋਂ:-**

**ਥੋਂ, ਰਾਹੀਂ, ਜਾਂ ਦੁਆਰਾ :** ਸਿਖੀ ਸਿਖਿਆ ਗੁਰ ਵੀਚਾਰਿ॥

ਨਦਰੀ ਕਰਮਿ ਲਘਾਏ ਪਾਰਿ॥ (ਆਸਾ ਦੀ ਵਾਰ)

ਅਰਥਾਤ, ਸਿੱਖਾਂ ਨੇ ਗੁਰੂ ਦੀ ਵਿਚਾਰ ਦੁਆਰਾ ਸਿੱਖਿਆ ਹੈ ਕਿ ਸਵੱਲੀ ਨਜ਼ਰ ਵਾਲਾ ਵਾਹਿਗੁਰੂ ਆਪਣੀ ਬਖਸ਼ਿਸ਼ ਦੁਆਰਾ ਪਾਰ ਲੰਘਾਂਦਾ ਹੈ।

ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ॥ (ਆਸਾ ਦੀ ਵਾਰ)

ਕਈਆਂ ਵਿਦਵਾਨਾਂ ਨੇ 'ਸਬਦਿ' ਪਦ ਦੇ ਅੰਤ ਦੀ ਸਿਹਾਰੀ ਦੇ ਭਾਵ ਨੂੰ ਨਾ ਜਾਣਦਿਆਂ ਹੋਇਆਂ ਅਰਥ ਕੀਤੇ ਹਨ ਕਿ 'ਹਉਮੈ ਦੇ ਸ਼ਬਦ ਨੂੰ ਜਲਾ ਦੇਂਦਾ ਹੈ'। ਪਰ ਠੀਕ ਅਰਥ ਇਹ ਹਨ ਕਿ ਗੁਰੂ ਦੇ ਸ਼ਬਦ ਦੇ ਰਾਹੀਂ ਆਪਣੀ ਹਉਮੈ ਨੂੰ ਸਾੜ ਦੇਵੇ। ਸਿਧ ਗੋਸ਼ਟ ਦੇ ਵੀਹਵੇਂ ਅੰਕ ਵਿਚ ਭੀ ਲਿਖਿਆ ਹੈ ਕਿ,

ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥

ਅਨਹਤਿ ਰਾਤੇ ਇਹੁ ਮਨੁ ਲਾਇਆ॥

ਮਨਸਾ ਆਸਾ ਸਬਦਿ ਜਲਾਈ॥ (ਰਾਮਕਲੀ ਮ: ੧, ਸਿਧ ਗੋਸਟਿ)

ਇਥੇ ਭੀ ਇਹੋ ਭਾਵ ਹੈ ਕਿ ਸਤਿਗੁਰੂ ਦੇ ਘਰ ਧਾਰਮਿਕ ਜਨਮ ਲੈਣ ਨਾਲ ਭਟਕਣਾ ਮੁੱਕ ਗਈ, ਇਕ ਰਸ ਸ਼ਬਦ ਦੀ ਗੂੰਜ ਵਿਚ ਲਿਵ ਜੁੜ ਕੇ ਮਨ ਟਿਕ ਗਿਆ ਅਤੇ ਆਸਾ ਤੇ ਤ੍ਰਿਸ਼ਨਾ ਗੁਰਬਾਣੀ ਦੁਆਰਾ ਸਾੜ ਦਿੱਤੀਆਂ। ਹੋਰ ਵੇਖੋ:

ਗੁਰ ਕੈ ਸਬਦਿ ਹਉਮੈ ਬਿਖੁ ਮਾਰੈ ਤਾ ਨਿਜ ਘਰਿ ਹੋਵੈ ਵਾਸੋ। (ਰਾਮਕਲੀ ਮ: ੧, ਸਿਧ ਗੋਸਟਿ)

ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ॥

ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮ॥ (ਸੁਖਮਨੀ)

ਇਨ੍ਹਾਂ ਤੁਕਾਂ ਦੇ ਅਰਥ ਕਰਨ ਵਿੱਚ ਕਈ ਵੇਰ ਭੁਲੇਖਾ ਪੈ ਜਾਂਦਾ ਹੈ। ਕਈ ਅਰਥ ਇਹ ਕਰਦੇ ਹਨ ਕਿ, ਕਿਸੇ ਤਰੀਕੇ ਨਾਲ ਕਿਧਰੇ ਧਰਮ ਨਹੀਂ ਮਿਲਦਾ। ਨਾਨਕ ਜੀ ਕਹਿੰਦੇ ਹਨ ਕਿ ਉਸ ਨੂੰ (ਧਰਮ) ਮਿਲਦਾ ਹੈ, ਜਿਸ ਦੇ ਲੇਖਾਂ ਵਿਚ ਆਦਿ ਤੋਂ ਕਰਮ ਲਿਖਿਆ ਹੋਇਆ ਹੋਵੇ। "ਧਰਮ" ਅਤੇ "ਕਰਮ" ਪਦਾਂ ਦੇ ਨਾਲ ਸਿਹਾਰੀ ਨੂੰ ਮੁੱਖ ਰੱਖਕੇ ਠੀਕ ਅਰਥ ਇਹ ਹੋਣਗੇ: ਨਾਮ (ਜਿਸ ਦਾ ਉੱਤੇ ਜ਼ਿਕਰ ਚਲਾ ਆਇਆ ਹੈ) ਕਿਸੇ ਜੁਗਤੀ ਜਾਂ ਸੰਪਰਦਾ ਦੁਆਰਾ ਨਹੀਂ ਮਿਲਦਾ। ਇਹ ਨਾਮ ਉਸ ਨੂੰ ਮਿਲਦਾ ਹੈ ਜਿਸ ਲਈ ਧੁਰ ਤੋਂ ਬਖਸ਼ਿਸ਼ ਦਵਾਰਾ ਲਿਖਿਆ ਹੋਇਆ ਹੋਵੇ।

(...ਚੱਲਦਾ)

ਕਾਵਿ ਕਿਆਰੀ

# ਦਿੱਲੀ ਨੂੰ ਜਿੱਤਕੇ ਅਸੀਂ ਮੁੜੇ ਹਾਂ ਪੰਜਾਬ ਨੂੰ

**ਨਛੱਤਰ ਸਿੰਘ ਭਾਂਬੜੀ ਮੋ: 98555-51699**

ਪਹਿਲਾ ਕਿਹਾ ਸੀ ਅਸੀਂ ਦੋ ਚਾਰ ਦਿਨ ਬਹਿਣਾ ਨਹੀਂ ।
ਜੋ ਅਸੀਂ ਕਰ ਨਾ ਸਕੀਏ ਓ ਮੂੰਹੋਂ ਵੀ ਕਹਿਣਾ ਨਹੀਂ ।
ਸਾਨੂੰ ਨਹੀਂ ਹਾਰਨਾ ਆਉਂਦਾ ਦੱਸ ਤਾ ਜਨਾਬ ਨੂੰ ।
ਦਿੱਲੀ ਨੂੰ ਜਿੱਤਕੇ ਅਸੀਂ ਮੁੜੇ ਹਾਂ ਪੰਜਾਬ ਨੂੰ ।
ਦਿੱਲੀ ਤਾਂ ਜਿੱਤੀ ਮਿੱਤਰੋ, ਦਿਲ ਵੀ ਨਾਲ ਜਿੱਤੇ ਆ।
ਜੋ ਸੀ ਅੱਤਵਾਦੀ ਦੱਸਦੇ, ਲੱਭਦੇ ਨਾ ਕਿੱਥੇ ਆ।
ਕੰਡੇ ਸੀ ਕਹਿੰਦੇ, ਏ ਤਾਂ ਸੋਹਣੇ ਜਿਹੇ ਗੁਲਾਬ ਨੂੰ ।
ਦਿੱਲੀ ਨੂੰ ਜਿੱਤਕੇ ਅਸੀਂ, ਮੁੜੇ ਹਾਂ ਪੰਜਾਬ ਨੂੰ।
ਭੁੱਲਿਓ ਨਾ ਅਹਿਸਾਨ ਕਿਸੇ ਦੇ, ਬਹੁਤੇ ਜਾ ਥੋੜੇ ਸੀ ।
ਜਿੱਤੇ ਪੰਜਾਬ ਸਾਡਾ , ਸਿਰ ਸਭਨਾ ਨੇ ਜੋੜੇ ਸੀ ।

ਹਰਿਆਣਾ ਹਿੱਕ ਠੋਕ ਕੇ ਕਹਿੰਦਾ, ਵੱਡਾ ਬਾਈ ਪੰਜਾਬ ਨੂੰ ।
ਦਿੱਲੀ ਨੂੰ ਜਿੱਤਕੇ ਅਸੀਂ, ਮੁੜੇ ਹਾਂ ਪੰਜਾਬ ਨੂੰ।
ਦਿੱਲੀ ਤਾਂ ਜਿੱਤ ਲਈ ਭਾਂਵੇ , ਜਿੱਤਣਾ ਅਜੇ ਬਾਕੀ ਆ ।
ਚਾਹੁੰਦੀ ਪੰਜਾਬ ਨੂੰ ਖਾਣਾ ਨਿੱਕਰ ਜੋ ਖਾਖੀ ਆ ।
ਏਦਾਂ ਨਹੀਂ ਖਾਧਾ ਜਾਣਾ ਨਾਨਕ ਦੇ ਖ਼ੁਆਬ ਨੂੰ ।
ਦਿੱਲੀ ਨੂੰ ਜਿੱਤਕੇ ਅਸੀਂ, ਮੁੜੇ ਹਾਂ ਪੰਜਾਬ ਨੂੰ।
ਚੋਰ ਹੁਣ ਵੰਨ ਸੁਵੰਨੇ ਸਾਨੂੰ ਭਰਮਾਉਣਗੇ ।
ਆਪ ਨੇ ਸੁੱਤੇ ਜਿਹੜੇ , ਸਾਨੂੰ ਕੀ ਜਗਾਉਣਗੇ ।
ਭਾਂਬੜੀ ਕਹੇ ਹੱਥ ਜੋੜਕੇ, ਬਚਾਅ ਲਓ ਪੰਜਾਬ ਨੂੰ ।
ਦਿੱਲੀ ਨੂੰ ਜਿੱਤਕੇ ਅਸੀਂ, ਮੁੜੇ ਹਾਂ ਪੰਜਾਬ ਨੂੰ। -0-

# ਕਿਸਾਨੀ ਹੱਕਾਂ ਦੀ ਲੜਾਈ

**ਨਛੱਤਰ ਸਿੰਘ ਭਾਂਬੜੀ ਮੋ: 98555-51699**

ਕਈਆਂ ਨੂੰ ਸੀ ਭਰਮ ਦੋ ਚਾਰ ਦਿਨ ਰਹਿਣਗੇ ।
ਸਾਨੂੰ ਲਗਦੀ ਹੈ ਠੰਡ ਬੁੱਢੇ ਬਾਪੂ ਮੁੱਖੋ ਕਹਿਣਗੇ ।
ਓ ਨਹੀਂ ਸੀ ਜਾਣਦੇ ਠੰਡਾ ਬੁਰਜ ਏਨਾ ਵੇਖਿਆ ।
ਸਦਾ ਕੱਚਿਆਂ ਨੇ ਸੱਚਿਆਂ ਨੂੰ ਪਰਖ ਕੇ ਵੇਖਿਆ ।
ਤਵੀਆਂ ਤੋਂ ਲੈਕੇ ਰਹੇ ਠੰਡੇ ਬੁਰਜ ਤਾਈ ਹੱਸਦੇ ।
ਚਾਹੁੰਦੇ ਸਾਨੂੰ ਸੀ ਨਚਾਉਣਾ ਹੁਣ ਆਪ ਵੇਖੋ ਨੱਚਦੇ ।
ਕਿਸੇ ਦੇ ਪਿੱਛੇ ਲੱਗ ਕਨੂੰਨ ਬਣਾ ਲਏ ।
ਕਨੂੰਨ ਕੀ ਬਣਾਏ ਗੱਲ ਫਾਹੇ ਤੁਸਾਂ ਪਾ ਲਏ ।
ਜਿਹੜਾ ਚੜਿਆ ਨੀ ਆਪ ਕਦੇ ਖੇਤ ਦੀਆਂ ਵੱਟਾਂ ਤੇ ।
ਥੋਪਣੇ ਕਨੂੰਨ ਚਾਹਵੇ ਪੜੇ ਲਿਖੇ ਜੱਟਾਂ ਤੇ ।
ਨਵੇਂ ਨਵੇਂ ਫਾਇਦੇ ਰਹਿੰਦੇ ਰੋਜ ਭਾਵੇਂ ਦੱਸਦੇ ।
ਆਪਣੇ ਹੀ ਜਾਲ ਵਿੱਚ ਜਾਣ ਨਿੱਤ ਫਸਦੇ ।
ਜਿੰਨੀ ਛੇਤੀ ਹੋਵੇ ਕਨੂੰਨ ਤੁਸੀਂ ਪਾੜਦੋ ।
ਕਿਸਾਨਾਂ ਦੀ ਗੱਲ ਉਤੇ ਫੁੱਲ ਤੁਸੀਂ ਚੜ੍ਹਦੋ ।

ਸੋਚਦੇ ਸੀ ਤੁਸੀਂ ਲੋਕੀਂ ਅੱਕ ਏਨਾ ਕੋਲੋਂ ਜਾਣਗੇ ।
ਪਰ ਜਿੰਨੀ ਦੇਰ ਹੋਊ ਲੋਕੀਂ ਜੁੜਦੇ ਹੀ ਜਾਣਗੇ ।
ਏਹੀ ਖਤਾ ਤੁਸੀਂ ਪਹਿਲਾਂ ਬੈਠੇ ਸੂਬਿਆਂ ਤੋਂ ਖਾ ਲਈ ।
ਵੇਖੋ ਮਿੱਟੀ ਦਿਆ ਪੁੱਤਰਾਂ ਨੇ ਦਿੱਲੀ ਮੂਹਰੇ ਲਾ ਲਈ ।
ਪਹਿਲਾਂ ਸੀ ਪੰਜਾਬ ਫਿਰ ਹਰਿਆਣਾ ਨਾਲ ਆ ਗਿਆ ।
ਇਸ ਧਰਨੇ 'ਚ ,ਪੂਰਾ ਭਾਰਤ ਸਮਾ ਗਿਆ ।
ਇਸ ਧਰਨੇ 'ਚ ,ਪੂਰਾ ਸੰਸਾਰ ਸਮਾ ਗਿਆ ।
ਲਾਇਆ ਤੁਸੀਂ ਜ਼ੋਰ ਅੱਤਵਾਦੀ ਕਹਿਕੇ ਭੰਡੀਏ।
ਪਾਇਆ ਤੁਹਾਡਾ ਮੀਡੀਆ ਵੀ ਇਸ ਵਾਰ ਡੰਡੋ ਡੰਡੀਏ ।
ਹੱਕ ਲੈਣ ਆਏ ਅਸੀਂ ਹੱਕ ਲੈਕੇ ਹੀ ਜਾਵਾਂਗੇ ।
ਪੂਰੀ ਦੁਨੀਆਂ,ਚ,ਮਾਣ ਮਾਨਵਤਾ ਦਾ ਵਧਾਵਾਂਗੇ ।
ਪੂਰੀ ਦੁਨੀਆਂ,ਚ,ਮਾਣ ਮਾਨਵਤਾ ਦਾ ਵਧਾਵਾਂਗੇ ।
ਮਾਣ ਪੱਗ ਦਾ ਵਧਾਵਾਂਗੇ ।

-0-

# ਅੰਤ ਆਪਣਾ ਆਪ ਵੀ ਵਾਰ ਦਿੱਤਾ

**-ਵਿਧਾਤਾ ਸਿੰਘ 'ਤੀਰ'**

ਤੂੰ ਅਵਤਾਰ ਹੈ ਸੱਚੇ ਪਿਆਰ ਵਾਲਾ,
ਜਿਨ੍ਹਾਂ ਚਿਤਵਿਆ ਉਹਨੂੰ ਤੂੰ ਤਾਰ ਦਿੱਤਾ ।
ਦੁਖੀ ਦੀਨਾਂ ਗਰੀਬਾਂ ਦੀ ਰੱਖਿਆ ਲਈ,
ਤੈਨੂੰ ਭੇਜ ਹੈ ਆਪ 'ਕਰਤਾਰ' ਦਿੱਤਾ।
ਦਿਲੀ ਚਾ ਕਰ ਕੇ ਦਿੱਲੀ ਟੋਰ ਹੱਥੀਂ,
ਪਿਤਾ ! 'ਮਾਰ ਪਿੱਤਾ' ਪਿਤਾ ਵਾਰ ਦਿੱਤਾ।
ਟੁੱਟੀ ਗੰਢ ਮੁੜ ਗੰਢ ਲਾ ਗੰਢ ਦਿੱਤੀ,
ਮਹਾਂ ਸਿੰਘ ਨੂੰ ਆਣ ਦੀਦਾਰ ਦਿੱਤਾ।

ਪਿਆਰੇ ਪੰਜ ਵਾਰੇ, ਘੋਲੇ ਲਾਲ ਚਾਰੇ,
ਦੇਸ਼ ਦੁਖੀ ਤੋਂ ਘੋਲ ਪਰਿਵਾਰ ਦਿੱਤਾ।
'ਕੀਤੇ ਵਾਰ' ਤਲਵਾਰ ਦੇ ਵਾਰ ਝੱਲੇ,
ਅੰਤ ਆਪਣਾ ਆਪ ਵੀ ਵਾਰ ਦਿੱਤਾ।

ਮਾਤਾ ਪਿਤਾ ਤੇ ਪੁੱਤ ਕੁਰਬਾਨ ਕਰ ਕੇ,
ਕੀਤਾ ਸ਼ੁਕਰ ਕਰਤਾਰ ਦਾ ਪਿਆਰਿਆ ਤੂੰ।
'ਗਏ ਚਾਰ ਤਾਂ ਲੱਖ ਹਜ਼ਾਰ ਜੀਊਣ',
ਪੁੱਛੇ ਜਾਣ ਤੇ ਆਪ ਉਚਾਰਿਆ ਤੂੰ ।
ਹੱਥੀਂ ਚਾੜ੍ਹਿਆ ਆਪ 'ਅਜੀਤ' ਘੋੜੀ,
ਤੇ 'ਜੁਝਾਰ' ਨੂੰ ਫੇਰ ਵੰਗਾਰਿਆ ਤੂੰ।
ਪਾਰ ਬੋਲਿਆ ਜਾਨ ਤੋਂ ਉਹ ਵੈਰੀ,
ਜਿਸ ਨੂੰ ਤੀਰ ਟਿਕਾਅ ਕੇ ਮਾਰਿਆ ਤੂੰ।
ਖੰਡਾ ਧੂਹ ਕੇ ਧਰਮ ਦੇ ਵੈਰੀਆਂ ਨੂੰ,
ਬਾਜਾਂ ਵਾਲਿਆ ਤੂੰਹੇਂ ਸੁਧਾਰ ਦਿੱਤਾ।
ਅੰਸ਼ ਬੰਸ ਧਨ ਮਾਲ ਦੁਖਿਆਰਿਆਂ ਤੋਂ,
ਤੂੰਹੇਂ ਪਿਆਰਿਆ ਹੱਸ ਕੇ ਵਾਰ ਦਿੱਤਾ।

'ਬੰਦੇ' ਤਾਈਂ ਮਿਲਿਓਂ ਜਗਤ-ਗੁਰੂ ਹੋ ਕੇ,
ਸੈਦਖ਼ਾਨ ਨੂੰ ਸੱਚ ਦਾ ਪੀਰ ਬਣ ਕੇ।
ਪੁਜੋਂ ਡੁਬਦਿਆਂ ਕੋਲ ਮਲਾਹ ਬਣ ਕੇ,
ਬੀਰਾਂ ਜੋਧਿਆਂ ਨੂੰ ਜੋਧਾ ਬੀਰ ਬਣ ਕੇ।
ਆਪਣੇ ਪਿਆਰਿਆਂ ਨੂੰ ਸਦਾ ਫੁਲ ਹੋ ਕੇ,
ਚੁਭੇਂ ਦੁਸ਼ਮਨਾਂ ਹਿੱਕੀਂ ਕਰੀਰ ਹੋ ਕੇ।
ਕਦੇ ਦਏਂ ਪਹਿਰਾ ਪਹਿਰੇਦਾਰ ਹੋ ਕੇ,
ਵਜੇਂ ਵੈਰੀਆਂ ਦੇ ਸੀਨੇ 'ਤੀਰ' ਹੋ ਕੇ।

ਤਾਹੀਓਂ ਜੱਗ ਦੀ ਜੀਭ ਬੇ-ਵੱਸ ਹੋ ਕੇ,
ਤੈਨੂੰ ਆਖ ਬਲਿਹਾਰ ਬਲਿਹਾਰ ਦਿੱਤਾ।
ਕਸ਼ਟ ਸਹਿ ਸਹਿ ਆਪਣੇ ਆਪ ਉੱਤੇ,
ਪਿਆਰੇ ਪੰਥ ਦਾ ਅੱਗਾ ਸਵਾਰ ਦਿੱਤਾ।

-0-

# खिदराणा करि मुक्तसर.....

**लेखक हरजिंदर सिंघ सभरा 98555–988333** **हिन्दी अनुवाद – अमृत पाल बंसल**

सिख इतिहास की लामिसाल घटना चमकौर के युद्ध के पश्चात दशम पातशाह गुरू गोबिन्द सिंघ साहिब जी माछीवाड़े के जंगल और कई नगरों का मार्ग तय करते हुए, मौजूदा ज़िले मुक्तसर के गांव रामेआणा से आगे रूपेआणा की रोही (बंजर भूमि) के पास 29 दिसंबर 1705 ई: को पहुँचे थे, जहां आजकल गांव मल्लणह बसा हुआ है। यहां गुरू साहिब जी के साथ मुख्य सिख भाई दया सिंघ पुरोहित, भाई मान सिंघ निशानची, भाई राम सिंघ जो कि भाई बचित्र सिंघ के पुत्र तथा भाई मनी सिंघ जी के पौत्र थे, इत्यादि अन्य सिख भी साथ थे। रूपेआणा गांव की रोही के पास ही, माझे से आ रहा सिंघों का जत्था दिखाई देने पर, गुरू जी ने भाई मान सिंघ इत्यादिक सिखों को डेरा करने का हुक्म किया। माझे से आ रहा, यह जत्था असल में माझे के प्रसिद्ध नगर पट्टी में इकत्र हुआ था। गुरू घर के श्रद्धालू भाई देस राज की मृत्यु की रस्मों पर, इन सिंघों की इकत्रता हुई थी। चौधरी देस राज भाई निधान सिंघ वड़ैच का पिता और माई भाग कौर का ससुर था। इस झवाल से भी माई भाग कौर के भाई भाग सिंघ और दिलवाग सिंघ तथा अन्य सिख भी पहुंचे हुए थे। यहां पर ही गुरू साहिब जी के अनंदपुर छोड़ने और चमकौर के युद्ध जैसी महत्वपूर्ण घटनायों के बारे में सिखों में चर्चा चली और सभी ने मिलकर मौजूदा हालातों पर चर्चा की। आखिर निर्णय किया कि गुरू गोबिन्द सिंघ साहिब जी के दर्शन किए जाएं और उनकी सेवा में हाजिर हुआ जाए। इस कारण वापिस घर जाने के बारे में किसी ने ना सोचा और यह जत्था जो माई भाग कौर सहित 41 की संख्या में था, पट्टी से चल कर हरीके पत्तण द्वारा ज़ीरा पहुँचा। इस क्षेत्र में भी सिख संगत गुरू नानक साहिब जी के समय से ही कायम था। यहां के सिखों ने आवश्यकता मुताबिक जत्थे की सेवा की और यह जत्था मोगा की तरफ बढ़ा। यहां मोगा के पास ही, इनको गुरू साहिब जी के लख्खी जंगल की तरफ जाने का पता लगा। मालवे के क्षेत्र में गुर शख्सियतों ने जो सिखी की लाग लगाई, उस से सिखों का अस्तित्व प्रत्येक नगर तथा गांव में बड़े स्तर पर मौजूद था।

इस लिए सिख संगतों से पता चलता गया और यह पूरा जत्था गुरू जी को रूपेआणा गांव की रोही (बंजर भूमि) के पास जा मिला। गुरू साहिब जी के साथ फतह साझा की और प्रणाम किये। अपने प्रिय सतिगुरू साहिब जी के दर्शन किए और साथ ही घटित हालातों के बारे में विचार विमर्श भी किया। घटित घटनायों से कौन भावुक हुए बगैर रह सकता था! परंतु गुरू जी ने सभी को धैर्य दिया तथा सत्य पर दृढ़ रहने की प्रेरना दी। चलते विचार विमर्श में यह जिक्र भी इस जत्थे के सिंघों की तरफ से किया गया कि इतना भारी नुकसान होने पर, हमें थोड़ा बचाव का प्रयास प्रारम्भ करना चाहिए। तीन सिखों के आपसी इस विचार पर गुरू साहिब जी ने फरमाया कि हमारा किसी के साथ व्यक्तिगत या किसी स्वार्थ के लिए कोई टकराव नहीं है बल्कि हम तो हक्क, सत्य और न्याय का संघर्ष लड़ रहे हैं और यह मार्ग ही कुर्बानियों का मार्ग है। इसमें झुकना और समझौते की बातें करना, गुलामी तथा अत्याचार के आगे झुक जाने वाली बात है। इस लिए, यह किसी भी तरह संभव नहीं है कि हम महान पुरूषों की कुर्बानियों को छोटा करने (नीचा दिखाने) का प्रयास करें। परंतु जिन को कोई खतरा अनुभव होता है, वह अपना बचाव कर सकते हैं और जिन को इस संघर्ष की जगह, सरकार से अधिक स्नेह व लगाव है, वह हमारे से दूर रह कर सरकारी पक्ष की खुशी ले सकता है। परंतु याद रखना गुरमत को अपनाये जीवन, इस मार्ग का त्याग नहीं करते बल्कि आगे की तरफ बढ़ते हैं।

ओच्छापन कई बार सोच पर पर्दा डाल देता है और सोचने के बगैर, शीघर्ता में लिया गया निर्णय बाद में कष्टदायक होता है, जिस को मनुष्य बाद में महसूस करता है, कि यह निर्णय सही नहीं था। ऐसा ही कुछ, इस जत्थे के मोहतबर सिखों से हुआ, जिनका कुछ सरकारी असर–रसूख भी था। ओच्छेपन और जलदी में गुरू जी को लिख दिया कि इस संघर्ष के साथ उनका कोई लेना देना नहीं है और वह आम सिखों की तरह जीवन व्यतीत करना चाहते हैं। 'गुरू कीआं साखीयां' मुताबिक चार सिखों ने इस लिखत पर हस्ताक्षर किए थे, शेष ने नहीं। वह सिख थे भाई भाग सिंघ, दिलबाग सिंघ, घरबारा सिंघ, गंडा सिंघ दरअसल लिखत का भाव यह भी होता है कि यह बात पक्की कर लें कि इस तरह नहीं होगा या इस तरह हो जायगा। हमारे लेखकों की भिन्न भिन्न प्रकार की लिखतों और तरह तरह की व्याख्या ने बात का बतंगड़ बनाने वाली कहावत सत्य कर दिखाई है और गुरू जी को सिखों द्वारा यह लिखना कि हम आपके सिख नहीं और आप हमारे गुरू नहीं वाली बात को बार–बार प्रचार करके सत्य साबित करने का प्रयास किया। जब कि यह मात्र प्रतीक वाचक शब्द हैं, जिस को बेदावा कह कर सुनाने को प्राथमिकता दी जाती चली आ रही है। शहीदों की कुर्बानी अपने आप में ही मिसाल तथा प्रत्यक्ष प्रमाण है कि अगर उन्होंने सिखी से नाता तोड़ ही लिया था तो फिर यद्यपि कोई लाख समझाता, उनको वापिस लौट कर, गुरू जी की सेवा में शहीदी प्राप्त करने की क्या आवश्यक्ता थी? इस लिए मात्र कुछ प्रतीक वाचक शब्दों को गुरू जी से सिखों का टूट विछोड़ा (जुदाई) समझना, शायद हमारी व्याख्या की गलती के कारण ही घटित हुआ है। दूसरा, सिख बनने के लिए किसी कागज़ी कार्यवाही को पूरा नहीं करना पड़ता है तथा ना ही कोई अष्टाम भरा जाता है कि कोई आज से सिख बन गया है या किसी को सिख बनाया जा रहा है। इस के लिए तो गुरू सिद्धांतों को समर्पित होना पड़ता है और गुरमत को जीना होता है। बस सिख का ऐसा प्रण ही असली लिखत है ना कि किसी को बाहरीय कागजी कार्यवाही से सिख बनाया जाता है। जब बाहरीय कागजी कार्यवाही से सिख नहीं बनता तो फिर कागजी कार्यवाही से त्यागी, छोड़ी या छुडाई भी नहीं जा सकती। तीसरा भाग सिंघ झबालीआ, जो कि भाई लंगाह जी के खानदान से संबंधित है और इस परिवार के पास चौधरीपुना

# चाबियां दा मोर्चा

अमृत पाल बंसल
# 98154–85668

शिरोमणि गुरूद्वारा प्रबंधक कमेटी के गठन से पहले, श्री दरबार साहिब – श्री हरिमंदिर साहिब अमृतसर का प्रशासन महंतों द्वारा किया जाता था। चुंकि महंतो को श्री हरिमंदिर साहिब छोड़ने के लिए विवश किया गया था, इस लिए चाबियां ब्रिटिश प्रांतीय शासकों को दे दी गई थी। श्री दरबार साहिब के तोशा खाना (पंथक खजाने) की चाबियां डिप्टी कमिश्नर के द्वारा 7 नवंबर 1921 को जब्त कर ली गईं। इन चाबियों को वसूल करने के आंदोलन को 'चाबियां दा मोर्चा' के नाम से जाना जाता है। यह आंदोलन 19 जनवरी 1922 को चाबियों को वापिस प्राप्त करने में सफल हुआ। जिला अधिकारियों, अमृतसर द्वारा श्री अकाल तख्त साहिब के आगे चल रहे दीवान के बीच, यह चाबियां शिरोमणि गुरूद्वारा प्रबंधक कमेटी के अध्यक्ष बाबा खड़क सिंघ को वापिस दे दी गई। चाबियां दा मोर्चा, जो श्री हरिमंदिर साहिब के खजाने (तोशा खाना) की चाबियों की वसूली के लिए अभियान था, यह सिखों के पूजा स्थलों के प्रबंधन में सुधार के लिए, 1920 के दशक की शुरूआत में, सिख आंदोलनों में एक नाटकीय घटना का प्रतीक है।

उदाहरण के लिए, श्री हरिमंदिर साहिब को 1849 से सरकार द्वारा नामित सरब्रध (नियंत्रक) द्वारा प्रबंधित किया जा रहा था। स्वर्ण मंदिर अक्तूबर 1920 में अकाली नियंत्रण में आया, लेकिन शिरोमणि गुरूद्वारा प्रबंधक कमेटी ने पुराने सरब्रध सुंदर सिंघ रामगढ़िया को नई कमेटी में सदस्य के रूप में नामित किया और उसे स्वर्ण मंदिर के मामलों का प्रशासन जारी रखने के लिए नियुक्त किया। भले ही सरब्रध अब कमेटी के निर्देशों के तहत काम करता था, लेकिन क्योंकि उसके पास अभी भी स्वर्ण मंदिर के तोशाखाना (कोषागार) की चाबियां थीं, कुछ अकाली सुधारकों ने महसूस किया कि सरकारी नियंत्रण, हालांकि नामात्र का ही था, अभी भी बना हुआ है।

उनकी शिकायतों के जवाब में 20 अक्तूबर 1921 को शिरोमणि कमेटी ने सुंदर सिंघ को, अपने अध्यक्ष को चाबियां सौंपने के लिए कहने का संकल्प लिया, लेकिन इस से पहले कि वह निर्णय को लागू कर पाते, निर्णय की खबर अमृतसर के डिप्टी कमिश्नर तक पहुंच गई, जिसने अकालियों को रोक दिया। 7 नवंबर 1921 को अपर सहायक आयुक्त अमर नाथ ने, एक पुलिस दल के साथ सुंदर सिंघ रामगढ़िया के घर पर छापा मारा और चाबिआं छीन ली।

11 नवंबर को, सरकार ने एस.जी.पी.सी. की पसंद को दरकिनार करते हुए, सुंदर सिंघ को अपने स्वयं के नियुक्त कैप्टन बहादुर सिंघ के साथ बदलने का प्रयास किया। शिरोमणि गुरूद्वारा प्रबंधक कमेटी ने नए सरब्रध को मान्यता देने से इनकार कर दिया। 12 नवंबर 1921 को अमृतसर के बाग अकालीरी में एक विरोध सभा बुलाई गई, जिसे बाबा खड़क सिंघ और अन्य अकाली नेताओं ने संबोधित किया। अकाली बैठकें गुजरारीवाला, गुर्जर खान और अन्य स्थानों पर हुई। कैप्टन बहादुर सिंघ ने इस्तीफा दे दिया, लेकिन सरकार अड़ी रही। वछोआ के दान सिंघ, झबाल के जसवंत सिंघ, दो प्रमुख अकालियों को 26 नववर 1921 को अजनाला के एक दीवान में गिरफतार कर लिया गया।

शिरोमणि गुरूद्वारा प्रबंधक कमेटी को गिरफतारी की खबर मिलते ही, अमृतसर के श्री अकाल तख्त साहिब में, एक सत्र के बीच में अपनी बैठक स्थगित कर दी। दीवान जारी रखने के लिए जल्द ही इसके 50 से अधिक सदस्य अजनाला पहुँचे। जिला प्राधिकरण ने दीवान को 'अवैध सभा' घोषित कर दिया और बाबा खड़क सिंघ, सरदार बहादुर मेहताब सिंघ और मास्टर सुंदर सिंघ लायलपुरी सहित, सभी प्रमुख अकालियों को गिरफतार कर लिया। 27 नवंबर को शिरोमणि गुरूद्वारा प्रबंधक कमेटी ने आधिकारिक कारवाई की निंदा की और सिखों से 4 दिसंबर को विरोध दिवस के रूप में मनाने का आहवान किया। सिखों को आगे से वेल्स के राजकुमार के सम्मान में, किसी भी समारोह में शामिल नहीं होने के लिए कहा गया, जिस के 1922 की शुरूआत में भारत आने की उम्मीद थी।

गिरफतारियां होती रहीं और जलद ही मास्टर तारा सिंघ और अमर सिंघ झवाल भी पकड़े गए। सिख विरोधों को नियंत्रित करने में विफल और यह देखते हुए कि यह सिख सैनिकों और किसानों को कैसे प्रभावित कर सकता है, सरकार ने 3 जनवरी 1922 को शिरोमणि कमेटी को चाबियां वापस करने के अपने निर्णय की घोषणा की ताकि पोह सुदी 7/5 जनवरी 1922 को श्री गुरू गोबिन्द सिंघ जी के जन्म दिवस के रूप में मनाया जा सके। लेकिन कमेटी ने तब तक चाबियां लेने से इनकार कर दिया, जब तक कि आंदोलन के दौरान गिरफतार किए गए सभी सिखों को बिना शर्त रिहा नहीं कर दिया जाता।

11 जनवरी 1922 को पंजाब विधान परिषद में, सर जान मेनार्ड गृह सदस्य ने हिरासत में लिए गये सभी सिखों को रिहा करने की घोषणा कर दी। हालांकि, अकालियों ने डिप्टी कमिश्नर से चाबियां लेने जाने से इनकार कर दिया। एक सरकारी अधिकारी को अंततः श्री अकाल तख्त साहिब के एक दीवान 7 माघ (19 जनवरी 1922) में शिरोमणि गुरूद्वारा प्रबंधक कमेटी के अध्यक्ष बाबा खड़क सिंघ को लाल रेशम के टुकड़े में लिपटी चाबियों को देने के लिए भेजा गया।

पूरे देश में अकालियों की जीत का स्वागत किया गया। महात्मा गांधी ने अकालियों को बधाई संदेश भेजते हुए कहा, "भारत की आजादी के लिए पहली निर्णायक लड़ाई जीत ली गई है।"

–0–

पुरातन समय से ही चला आ रहा था, यह भी कारण हो सकता है कि इन्होंने गुरू जी को ऐसी कोई बिनती रूप में सौंपी हो कि हमें इस समय सरकारी अत्याचार से बचने के लिए इन इन बातों की तरफ ध्यान देना चाहिए क्योंकि इस तरह के लोग अपना असर रसूख सरकार के दरबार में बनाने की इच्छा भी रखना हो सकते हैं परंतु बाद में इन्होंने आपसी विचार विमर्श से सहमति करके, गुरू जी की सेवा को प्राथमिकता दी।

शेष भाग अगले अंक में

# Chabiyaan Da Morcha (ਚਾਬੀਆਂ ਦਾ ਮੋਰਚਾ)

-Amrit Paul Bansal
# 98154-85668

Before the formation of the SGPC, the Darbar Sahib, Sri Harmandir Sahib, Amritsar, was governed by Mahants. As the Mahants were compelled to leave Sri Harmandir Sahib, the keys were handed over to the British provincial rulers. The keys to Darbar Sahib's "ToshaKhana" (Panthik treasury) were seized by the Deputy Commissioner on November 7, 1921. The agitation to recover the keys is known as "Chabiyaan Da Morcha". This agitation resulted in the eventual return of the keys on January 19, 1922. The keys were returned to Baba Kharak Singh, President of SGPC, during active Diwan in front of the Akal Takhat Sahib, by the District Authorities, Amritsar. "Chabiyaan Da Morcha", a compaign for the recovery of the 53 keys of Sri Harmandir Sahib treasury (ToshaKahana), marked a dramatic episode in the Sikh agitations in the early 1920's to reform the management of their places of worship.

For instance, the Golden Temple at Amritsar had been managed by a government nominated controller since 1849. The Golden Temple came under Akali control in October 1920, but the Shiromani Gurdwara Parbandhak Committee nominated the old controller, Sundar Singh Ramgarhia, as a member of the new committee and appointed him to continue to administer the affairs of the Golden Temple. Even though the controller now functioned under the directions of the Committee, but, since he still retained possession of the keys of the Toshakhana (treasury) of the Golden Temple, some of the Akali reformers felt that governmental control, however nominal, still remained.

In response to their complaints, on 20 October 1921, the Shiromani Committee resolved to ask Sundar Singh to hand over the keys to its President, but before they could implement the decision, news of the decision reached the Deputy Commissioner of Amritsar, who forestalled the Akalis. On 7 November 1921, the extra assistant commissioner Amar Nath, raided the house of Sundar Singh Ramgarhia with a police party and took away the keys.

On 11 November, the government attempted to replace Sundar Singh with their own appointee Captain Bahadur Singh, in effect overriding the choice of the SGPC. The Shiromani Gurdwara Parbandhak Committee refused to recognize the new controller. On 12 November 1921 a protest meeting was convened in Bagh Akaliari at Amritsar which was addressed by Baba Kharak Singh and other Akali leaders. Akali meetings took place at Gujrariwala, Gujjar Khan and other places. Captain Bahadur Singh resigned, but the government remained adamant. Dan Singh of Vachhoa and Jaswant Singh of Jhabal, two prominent Akalis, were arrested at a Diwan at Ajnala on 26 November 1921.

Learning of the arrests the Shiromani Gurdwara Parbandhak Committee, in the middle of a session at the Akal Takht at Amritsar, adjourned its meeting. Soon over 50 of its members reached Ajnala to continue the Diwan. The district authority declared the Diwan to be an 'illegal assembly' and arrested all the prominent Akalis, including Baba Kharak Singh, Sardar Bahadur Mehtab Singh and Master Sundar Singh Lyallpuri. The Shiromani Gurdwara Parbandhak Committee on 27 November condemned the official action and called upon Sikhs to observe 4 December as a protest day. Sikhs were further asked not to join any function in honour of the Prince of Wales, who was expected to visit India early in 1922.

Arrests continued to be made and soon Master Tara Singh and Amar Singh Jhabal were among those held. Failing to control the Sikh protests and foreseeing how it might affect Sikh soldiers and the peasantry, the government announced on 3 January 1922 its decision to return the keys to the Shiromani Committee so that Pohsudi 7/5 January 1922 could be celebrated as the birth anniversary of Sri Guru Gobind Singh Ji, but the Committee refused to accept the keys until all the Sikhs arrested during the movement were released unconditionally.

In the Punjab Legislative Council of 11 January 1922, Sir John Maynard, the Home Member announced the release of all Sikhs under detention. However, the Akalis refused to go and fetch the keys from the Deputy Commissioner. A government official was eventually sent to deliver the keys wrapped in a piece of red silk to Baba Kharak Singh, President of the Shiromani Gurdwara Parbandhak Committee, at a Diwan on 7 Magh (19 January 1922) at the Sri Akal Takht Sahib.

The Akalis' victory was hailed throughout the country. Mahatma Gandhi sent a message of congratulation to the Akalis saying, the "First decisive battle for India's freedom" had been won.

-0-

ਸਿਹਤ ਸੰਭਾਲ

# ਪਿੱਠ ਦੇ ਹੇਠਲੇ ਹਿੱਸੇ ਵਿੱਚ ਦਰਦ ਦੀ ਸਮੱਸਿਆ

**ਡਾ: ਹਰਸ਼ਿੰਦਰ ਕੌਰ 0175-2216783**

ਕੋਈ ਵਿਰਲਾ ਹੀ ਇਨਸਾਨ ਹੋਵੇਗਾ ਜਿਸ ਨੂੰ ਕਦੇ ਵੀ ਪਿੱਠ ਦਰਦ ਮਹਿਸੂਸ ਨਾ ਹੋਇਆ ਹੋਵੇ। ਇਸ ਦਾ ਕਾਰਨ ਕੁਝ ਵੀ ਹੋ ਸਕਦਾ ਹੈ। ਬਹਾਨੇ ਬਣਾਉਣ ਤੋਂ ਲੈ ਕੇ ਟੀ.ਬੀ. ਜਾਂ ਕੈਂਸਰ ਤਕ ਅਣਗਿਣਤ ਬਿਮਾਰੀਆਂ ਵਿੱਚ ਪਿੱਠ ਦਰਦ ਮਹਿਸੂਸ ਹੋ ਸਕਦਾ ਹੈ। ਕਦੇ ਕਦੇ ਤਾਂ ਕੋਈ ਬਿਮਾਰੀ ਹੁੰਦੀ ਹੀ ਨਹੀਂ ਤੇ ਸਿਰਫ਼ ਥਕਾਵਟ ਨਾਲ ਹੀ ਸਰੀਰ ਟੁੱਟਦਾ ਮਹਿਸੂਸ ਹੁੰਦਾ ਹੈ ਤੇ ਉਸੇ ਨਾਲ ਹੀ ਲੱਤਾਂ ਤੇ ਪਿੱਠ ਦਰਦ ਵੀ ਹੋਣ ਲੱਗ ਪੈਂਦਾ ਹੈ। ਲਗਪਗ 90 ਫ਼ੀਸਦੀ ਕੇਸਾਂ ਵਿੱਚ ਤਾਂ ਪਿੱਠ ਦਰਦ ਦਾ ਟੈਸਟਾਂ ਵਿੱਚ ਕਾਰਨ ਲਭਦਾ ਹੀ ਨਹੀਂ। ਇਸ ਹਾਲਤ ਵਿੱਚ ਇਹ ਅੰਦਾਜ਼ਾ ਲਾ ਲਿਆ ਜਾਂਦਾ ਹੈ ਕਿ ਪੱਠਿਆਂ ਜਾਂ ਲਿਗਾਮੈਂਟ ਦੀ ਪੀੜ ਇਸੇ ਥਾਂ ਮਹਿਸੂਸ ਹੋ ਰਹੀ ਹੈ। ਜੇ ਪਿੱਠ ਦਰਦ ਛੇ ਹਫ਼ਤਿਆਂ ਤੋਂ ਤਿੰਨ ਮਹੀਨੇ ਤਕ ਰਹੇ ਤਾਂ ਇਸ ਨੂੰ ਤਾਜ਼ਾ ਦਰਦ ਗਿਣਿਆ ਜਾਂਦਾ ਹੈ, ਪਰ ਜੇ ਤਿੰਨ ਮਹੀਨਿਆਂ ਤੋਂ ਵੱਧ ਦਰਦ ਰਹੇ ਤਾਂ ਇਹ ਕਰੌਨਿਕ ਬਿਮਾਰੀ ਬਣ ਜਾਂਦੀ ਹੈ। ਕਈ ਵਾਰ ਤਾਂ ਨਸਾਂ ਖਿੱਚੇ ਜਾਣ ਕਾਰਨ ਹੇਠਾਂ ਲੱਤ ਵਿੱਚ ਵੀ ਤਿੱਖੀ ਪੀੜ ਜਾਣ ਲੱਗ ਪੈਂਦੀ ਹੈ ਤੇ ਬੰਦਾ ਨਾ ਝੁਕਣ ਜੋਗਾ ਰਹਿੰਦਾ ਹੈ ਨਾ ਹਿੱਲਣ ਜੋਗਾ।

ਸਭ ਤੋਂ ਆਮ ਪਿੱਠ ਦਰਦ ਤਾਂ ਪਿੱਠ ਦੇ ਪੱਠਿਆਂ ਦੀ ਖਿੱਚ ਕਾਰਨ ਹੀ ਹੁੰਦਾ ਹੈ ਜਿਸ ਨੂੰ ਮਕੈਨੀਕਲ ਪਿੱਠ ਦਰਦ ਕਿਹਾ ਜਾਂਦਾ ਹੈ। ਇਹ ਪੀੜ ਤੁਰਨ-ਫਿਰਨ ਲੱਗਿਆ ਵਧ ਜਾਂਦੀ ਹੈ ਤੇ ਆਰਾਮ ਕਰਨ ਨਾਲ ਠੀਕ ਮਹਿਸੂਸ ਹੁੰਦਾ ਹੈ। ਇਸ ਨਾਲ ਲੱਤਾਂ ਵਿੱਚ ਪੀੜ ਨਹੀਂ ਜਾਂਦੀ ਤੇ ਨਾ ਹੀ ਲੱਤਾਂ ਦੀ ਕਮਜ਼ੋਰੀ ਮਹਿਸੂਸ ਹੁੰਦੀ ਹੈ। ਜਦੋਂ ਇਕਦਮ ਝੁਕ ਕੇ ਕੁਝ ਚੁੱਕਣ ਦੀ ਕੋਸ਼ਿਸ਼ ਕੀਤੀ ਜਾਵੇ ਜਾਂ ਹੱਦੋਂ ਵੱਧ ਪਿੱਠ ਮੋੜ ਕੇ ਕਸਰਤ ਕੀਤੀ ਜਾਏ ਤਾਂ ਪੱਠਿਆਂ ਵਿੱਚ ਖਿੱਚ ਪੈ ਜਾਂਦੀ ਹੈ। ਕੁਝ ਦਿਨਾਂ ਜਾਂ ਹਫ਼ਤਿਆਂ ਵਿੱਚ ਅਜਿਹੀ ਪੀੜ ਨੂੰ ਦਵਾਈਆਂ ਤੇ ਪਿੱਠ ਦੇ ਪੱਠਿਆਂ ਦੀ ਕਸਰਤ (ਡਾਕਟਰ ਦੀ ਸਲਾਹ ਮੁਤਾਬਿਕ) ਨਾਲ ਠੀਕ ਕੀਤਾ ਜਾ ਸਕਦਾ ਹੈ। ਪਰ ਅਜਿਹੀ ਖਿੱਚ ਕਈ ਵਾਰ ਦੁਬਾਰਾ ਵੀ ਹੋ ਸਕਦੀ ਹੈ ਤੇ ਕਈ ਵਾਰ ਹਲਕੀ ਪੀੜ ਕਾਫ਼ੀ ਚਿਰ ਰਹਿ ਜਾਂਦੀ ਹੈ। ਜੇ ਅਜਿਹੀ ਪੀੜ ਲੰਮਾ ਸਮਾਂ ਤੁਰਦੀ ਰਹੇ ਤਾਂ ਬਹੁਤੀ ਵਾਰ ਢਹਿੰਦੀ ਕਲਾ, ਤਣਾਓ ਜਾਂ ਕੋਈ ਹੋਰ ਬਿਮਾਰੀ ਸਦਕਾ ਹੀ ਮਹਿਸੂਸ ਹੁੰਦੀ ਰਹਿੰਦੀ ਹੈ। ਜੇ ਕੰਮ ਵਾਲੀ ਥਾਂ ਉੱਤੇ ਦਿਲ ਨਾ ਲਗਦਾ ਹੋਵੇ ਤਾਂ ਛੁੱਟੀ ਮਾਰਨ ਲਈ ਵੀ ਅਜਿਹੀ ਦਰਦ ਦਾ ਬਹਾਨਾ ਜ਼ਿਆਦਾ ਦੇਰ ਤਕ ਲੋਕ ਚਲਾ ਲੈਂਦੇ ਹਨ।

ਅੱਜਕੱਲ੍ਹ ਡਿਸਕ ਦਾ ਸਰਕ ਜਾਣਾ ਪਿੱਠ ਦਰਦ ਦਾ ਆਮ ਕਾਰਨ ਬਣਦਾ ਜਾ ਰਿਹਾ ਹੈ। ਆਮ ਹੀ 'ਸ਼ਿਆਟਿਕਾ' ਜਾਂ 'ਡਿਸਕ ਹਿਲਣ' ਦੀ ਬਿਮਾਰੀ ਨਾਲ ਲੋਕ ਡਾਕਟਰਾਂ ਕੋਲ ਜਾਂ ਮਾਲਸ਼ ਕਰਨ ਵਾਲੇ ਹਕੀਮਾਂ ਕੋਲ ਭੱਜਦੇ ਜਾਂਦੇ ਹਨ। ਆਮ ਤੌਰ 'ਤੇ ਭਰ ਜਵਾਨੀ ਵਿੱਚ ਮਰਦਾਨਗੀ ਵਿਖਾਉਣ ਦੇ ਚੱਕਰ ਵਿੱਚ ਜਾਂ 40 ਤੋਂ 60 ਸਾਲ ਦੀ ਉਮਰ ਵਿੱਚ ਝੁਕ ਕੇ ਵੱਧ ਭਾਰ ਚੁੱਕਣ ਸਦਕਾ ਇਹ ਡਿਸਕ ਸਰਕ ਸਕਦੀ ਹੈ। ਅਜਿਹਾ ਦਰਦ ਨਿੱਛਾਂ, ਖੰਘ ਜਾਂ ਕਬਜ਼ ਵੇਲੇ ਜ਼ੋਰ ਲਾਉਣ ਨਾਲ ਵਧ ਜਾਂਦਾ ਹੈ। ਇਸ ਤਰ੍ਹਾਂ ਦਾ ਦਰਦ ਵੀ ਆਮ ਤੌਰ ਉੱਤੇ ਇਲਾਜ ਨਾਲ ਛੇ ਹਫ਼ਤਿਆਂ ਦੇ ਵਿੱਚ ਵਿੱਚ ਠੀਕ ਹੋ ਜਾਂਦਾ ਹੈ। ਜੇ ਜ਼ਿਆਦਾ ਦੇਰ ਦਰਦ ਰਹਿ ਜਾਏ ਜਾਂ ਕਿਸੇ ਪਾਸੇ ਦੀ ਕਮਜ਼ੋਰੀ ਮਹਿਸੂਸ ਹੋਣ ਲੱਗ ਪਵੇ ਤਾਂ ਪੂਰੇ ਟੈਸਟ ਕਰਵਾਉਣੇ ਜ਼ਰੂਰੀ ਹੁੰਦੇ ਹਨ।

ਪੰਜਾਹ ਸਾਲ ਤੋਂ ਵੱਧ ਉਮਰ ਵਾਲਿਆਂ ਵਿੱਚ ਰੀੜ੍ਹ ਦੀ ਹੱਡੀ ਦਾ ਭੀੜਾ ਹੋਣਾ (ਲੰਬਰ ਕੈਨਾਲ ਸਟੀਨੋਸਿਸ) ਵੀ ਦਰਦ ਦਾ ਕਾਰਨ ਬਣ ਜਾਂਦਾ ਹੈ। ਇਹ ਦਰਅਸਲ ਉਮਰ ਵਧਣ ਕਾਰਨ ਹੱਡੀਆਂ ਦੇ ਖੁਰਨ ਸਦਕਾ ਹੋਣ ਲੱਗ ਪੈਂਦਾ ਹੈ ਅਤੇ ਨਸਾਂ ਵੀ ਦੱਬੀਆਂ ਜਾਂਦੀਆਂ ਹਨ। ਇਸ ਵਿੱਚ ਕਾਫ਼ੀ ਦੇਰ ਤਕ ਹਲਕੀ ਦਰਦ ਰਹਿੰਦੀ ਹੈ ਤੇ ਫੇਰ ਪੱਟਾਂ ਤੇ ਪਿੱਠ ਦੇ ਹੇਠਲੇ ਹਿੱਸੇ ਉੱਤੇ ਸੁੰਨ ਜਿਹਾ ਮਹਿਸੂਸ ਹੋਣ ਲੱਗ ਪੈਂਦਾ ਹੈ ਤੇ ਕਮਜ਼ੋਰੀ ਮਹਿਸੂਸ ਹੁੰਦੀ ਹੈ। ਅਜਿਹਾ ਦਰਦ ਜ਼ਿਆਦਾ ਦੇਰ ਖੜ੍ਹੇ ਹੋਣ ਨਾਲ ਤੇ ਜ਼ਿਆਦਾ ਤੁਰਨ ਨਾਲ ਹੋਣ ਲੱਗ ਪੈਂਦਾ ਹੈ ਅਤੇ ਬੈਠਣ ਜਾਂ ਲੇਟਣ ਨਾਲ ਆਰਾਮ ਮਹਿਸੂਸ ਹੁੰਦਾ ਹੈ। ਜੇ ਡਿੱਗਣ ਨਾਲ ਜਾਂ ਐਕਸੀਡੈਂਟ ਬਾਅਦ ਜਾਂ ਖੇਡ ਦੌਰਾਨ ਵੱਜੀ ਸੱਟ ਸਦਕਾ ਰੀੜ੍ਹ ਦੀ ਹੱਡੀ ਦੇ ਮਣਕੇ ਟੁੱਟ ਜਾਣ ਤਾਂ ਉਸ ਥਾਂ ਉੱਤੇ ਤਿੱਖੀ ਪੀੜ ਮਹਿਸੂਸ ਹੋ ਸਕਦੀ ਹੈ। ਵੱਡੀ ਉਮਰ ਵਿੱਚ ਤਾਂ ਕੈਲਸ਼ੀਅਮ ਦੀ ਕਮੀ ਸਦਕਾ ਹਲਕੇ ਜਿਹੇ ਝਟਕੇ ਨਾਲ ਹੀ ਰੀੜ੍ਹ ਦੀ ਹੱਡੀ ਦਾ ਮਣਕਾ ਟੁੱਟ ਸਕਦਾ ਹੈ। ਰੀੜ੍ਹ ਦੀ ਹੱਡੀ ਦੀ ਸੋਜ਼ਿਸ਼ (ਐਨਕਾਈਲੋਜ਼ਿੰਗ ਸਪੋਂਡੀਲਾਈਟਿਸ) ਵੀ ਜਵਾਨੀ ਵਿੱਚ ਪੈਰ ਧਰ ਰਹੇ ਅਤੇ ਜਵਾਨ ਬੰਦਿਆਂ ਦੀ ਪਿੱਠ ਦਰਦ ਦਾ ਕਾਰਨ ਬਣ ਜਾਂਦੀ ਹੈ। ਸ਼ੁਰੂ ਵਿਚਲੀ ਹਲਕੀ ਤੇ ਮੱਠੀ ਦਰਦ ਬਾਅਦ ਵਿੱਚ ਇੰਨੀ ਵਧ ਜਾਂਦੀ ਹੈ ਕਿ ਮਹੀਨਿਆਂ ਜਾਂ ਸਾਲਾਂ ਤਕ ਪਿੱਠ ਆਕੜੀ ਰਹਿ ਸਕਦੀ ਹੈ।

ਛਾਤੀ, ਫੇਫੜੇ, ਗਦੂਦ, ਥਾਇਰਾਇਡ ਜਾਂ ਗੁਰਦੇ ਦੇ ਕੈਂਸਰ ਵਿੱਚ ਰੀੜ੍ਹ ਦੀ ਹੱਡੀ ਵਿੱਚ ਉਸ ਦੇ ਅੰਸ਼ ਫੈਲ ਸਕਦੇ ਹਨ ਤੇ ਤਿੱਖੀ ਪੀੜ ਮਹਿਸੂਸ ਹੋ ਸਕਦੀ ਹੈ। ਰੀੜ੍ਹ ਦੀ ਹੱਡੀ ਉੱਤੇ ਕੀਟਾਣੂਆਂ ਦੇ ਹਮਲੇ ਸਦਕਾ ਹੱਡੀ ਦੇ ਮਣਕਿਆਂ ਵਿੱਚ ਪੀਕ ਪੈ ਸਕਦੀ ਹੈ, ਮਣਕੇ ਗਲ ਕੇ ਫਿਸ ਸਕਦੇ ਹਨ ਜਾਂ ਟੀ.ਬੀ. ਅਤੇ ਬਰੂਸੈਲੋਸਿਸ ਹੋ ਸਕਦੀ ਹੈ ਜਿਸ ਨਾਲ ਬਹੁਤ ਤਿੱਖੀ ਪੀੜ ਲਗਾਤਾਰ ਹੁੰਦੀ ਰਹਿੰਦੀ ਹੈ ਤੇ ਬੰਦਾ ਹਿਲਜੁਲ ਵੀ ਨਹੀਂ ਸਕਦਾ। ਇਸ ਵਿੱਚ ਤੇਜ਼ ਬੁਖ਼ਾਰ, ਪਸੀਨਾ, ਘਬਰਾਹਟ ਤੇ ਥਕਾਵਟ ਆਦਿ ਹੋ ਸਕਦੇ ਹਨ। ਆਮ ਤੌਰ 'ਤੇ ਸ਼ੱਕਰ ਰੋਗੀਆਂ ਨੂੰ ਇਹ ਬਿਮਾਰੀ ਹੋਣ ਦਾ ਖ਼ਤਰਾ ਹੁੰਦਾ ਹੈ ਜਾਂ ਜਿਹੜੇ ਨਸ਼ੇ ਦੀਆਂ ਸੂਈਆਂ ਨਸਾਂ ਵਿੱਚ ਲਗਾ ਰਹੇ ਹੋਣ, ਏਡਜ਼ ਦਾ ਸ਼ਿਕਾਰ ਹੋਣ, ਚਿਰਾਂ ਤੋਂ ਸਟੀਰਾਇਡ ਖਾ ਰਹੇ ਹੋਣ ਜਾਂ ਫੇਰ ਸਰੀਰ ਵਿੱਚ ਕਿਸੇ ਹੋਰ ਥਾਂ ਦੀ ਟੀ.ਬੀ. ਪਹਿਲਾਂ ਤੋਂ ਹੋਵੇ। ਕਮਜ਼ੋਰ ਬਜ਼ੁਰਗ ਵੀ ਛੇਤੀ ਇਸ ਤਰ੍ਹਾਂ ਦੇ ਕੀਟਾਣੂਆਂ ਦੇ ਹਮਲੇ ਹੇਠ ਆ ਜਾਂਦੇ ਹਨ।

ਰੀੜ੍ਹ ਦੀ ਹੱਡੀ ਵਿੱਚ ਲਹੂ ਇਕੱਠਾ ਹੋਣ ਕਾਰਨ ਨਸਾਂ ਉੱਤੇ ਦਬਾਓ ਪੈ ਸਕਦਾ ਹੈ ਜਾਂ ਸੱਟ ਵੱਜਣ ਕਾਰਨ ਪੂਰੀ ਡਿਸਕ ਹੀ ਬਾਹਰ ਖਿਸਕ ਸਕਦੀ ਹੈ ਜਿਸ ਨਾਲ ਹਮੇਸ਼ਾਂ ਲਈ ਲੱਤਾਂ ਨਕਾਰਾ ਹੋ ਸਕਦੀਆਂ ਹਨ। ਇਨ੍ਹਾਂ ਤੋਂ ਇਲਾਵਾ ਗੁਰਦੇ ਦਾ ਕੈਂਸਰ, ਗੁਰਦੇ ਵਿੱਚ ਪੀਕ, ਗਦੂਦ ਦਾ ਕੈਂਸਰ, ਪੇਟ ਵਿਚਲੀ ਰਗ ਓਰਟਾ ਦੀ ਸੋਜ਼ਿਸ਼ (ਐਨੂਰਿਜ਼ਮ), ਗਰਭ ਠਹਿਰਨ ਤੇ ਹਰਪੀਜ਼ ਆਦਿ ਨਾਲ ਵੀ ਰੈਫਰਡ ਪਿੱਠ ਦਰਦ ਮਹਿਸੂਸ ਹੋ ਸਕਦੀ ਹੈ।

ਰੀੜ੍ਹ ਦੀ ਹੱਡੀ ਦੇ ਕੈਂਸਰ ਦਾ ਸ਼ੱਕ ਓਦੋਂ ਪੈਂਦਾ ਹੈ, ਜਦੋਂ 55 ਸਾਲ ਦੀ ਉਮਰ ਤੋਂ ਬਾਅਦ ਪਿੱਠ ਦੇ ਇੱਕ ਹਿੱਸੇ ਉੱਤੇ ਤਿੱਖੀ ਪੀੜ ਜਿਹੜੀ ਰਾਤ ਨੂੰ ਸੌਣ ਵੀ ਨਾ ਦੇਵੇ ਅਤੇ ਨਾਲ ਹੀ ਭਾਰ ਦਾ ਘਟਣਾ ਸ਼ੁਰੂ ਹੋ ਜਾਵੇ। ਹਲਕਾ ਬੁਖ਼ਾਰ, ਘਬਰਾਹਟ, ਭੁੱਖ ਮਰਨੀ, ਪਸੀਨਾ ਜ਼ਿਆਦਾ ਆਉਣਾ ਵਰਗੇ ਲੱਛਣ ਦਿਸਣ ਤਾਂ ਮਾੜੀ ਬਿਮਾਰੀ ਦੀ ਸ਼ੁਰੂਆਤ ਹੋ ਸਕਦੀ ਹੈ।

ਸਿਆਣੇ ਡਾਕਟਰ ਕੋਲੋਂ ਪੂਰਾ ਚੈੱਕਅਪ ਕਰਵਾਉਣ, ਐਕਸਰੇ, ਸੀ.ਟੀ. ਸਕੈਨ, ਐਮ.ਆਰ.ਆਈ. ਸਕੈਨ ਦੇ ਨਾਲ ਅਲਟਰਾਸਾਊਂਡ, ਲਹੂ ਦੇ ਟੈਸਟ, ਪਿਸ਼ਾਬ ਦੇ ਟੈਸਟ ਤੇ ਹੋਰ ਵੀ ਲੋੜ ਅਨੁਸਾਰ ਸ਼ੱਕ ਪੈਣ ਉੱਤੇ ਕਿਸੇ ਅੰਗ ਦੇ ਟੈਸਟ ਕਰਵਾ ਲੈਣੇ ਚਾਹੀਦੇ ਹਨ ਤਾਂ ਜੋ ਵੇਲੇ ਸਿਰ ਠੀਕ ਇਲਾਜ ਸ਼ੁਰੂ ਹੋ ਸਕੇ। ਹਲਕੀ ਜਿਹੀ ਖਿੱਚ ਜਾਪਦੀ ਹੋਵੇ ਜਾਂ ਹਲਕਾ ਦਰਦ ਕਦੇ ਕਦੇ ਕੈਂਸਰ ਵਰਗਾ ਭਿਆਨਕ ਰੋਗ ਨਿਕਲ ਆਉਂਦਾ ਹੈ। ਜੋ ਓਹੜ ਪੋਹੜ ਤੇ ਪਿੱਠ ਮਲਵਾਉਣ ਦੇ ਚੱਕਰ ਵਿੱਚ ਕੀਮਤੀ ਸਮਾਂ ਲੰਘ ਜਾਣ 'ਤੇ ਫੈਲ ਕੇ ਲਾਇਲਾਜ ਬਣ ਜਾਂਦਾ ਹੈ। ਇਸੇ ਲਈ ਜਿਹੜੀ ਦਰਦ ਨੂੰ ਜਲਦੀ ਆਰਾਮ ਨਾ ਮਿਲਦਾ ਦਿਸੇ, ਉਸ ਨੂੰ ਅਣਗੌਲਿਆਂ ਕਰਨਾ ਠੀਕ ਨਹੀਂ ਹੈ। ਕਈ ਕੇਸ ਤਾਂ ਹਸਪਤਾਲਾਂ ਵਿੱਚ ਅਜਿਹੇ ਵੀ ਦਾਖ਼ਲ ਹੁੰਦੇ ਹਨ ਜਿਨ੍ਹਾਂ ਦੀ ਰੀੜ੍ਹ ਦੀ ਹੱਡੀ ਦੇ ਮਣਕੇ ਵਿੱਚ ਕੈਲਸ਼ੀਅਮ ਦੀ ਘਾਟ ਕਾਰਨ ਪੀੜ ਹੁੰਦੀ ਹੈ ਤੇ ਉਹ ਨੀਮ ਹਕੀਮ ਕੋਲੋਂ ਮਾਲਿਸ਼ ਕਰਵਾ ਕੇ ਮਣਕਾ ਤੁੜਵਾ ਲੈਂਦੇ ਹਨ ਤੇ ਫੇਰ ਹਮੇਸ਼ਾਂ ਲਈ ਲੱਤਾਂ ਨਕਾਰਾ ਕਰ ਕੇ ਰਹਿ ਜਾਂਦੇ ਹਨ। ਇਹੋ ਜਿਹੀ ਅਪੰਗ ਜ਼ਿੰਦਗੀ ਜੀਣ ਨਾਲੋਂ ਵੇਲੇ ਸਿਰ ਨੁਕਸ ਲੱਭ ਕੇ, ਉਸੇ ਹਿਸਾਬ ਨਾਲ ਇਲਾਜ ਸ਼ੁਰੂ ਕਰਵਾ ਕੇ ਤੁਰਦੇ ਫਿਰਦੇ ਰਹਿਣਾ ਹੀ ਬਿਹਤਰ ਹੈ।

ਔਰਤਾਂ ਵਿੱਚ ਮਾਹਵਾਰੀ ਬੰਦ ਹੋਣ ਤੋਂ ਬਾਅਦ

➡

ਸਾਡੀ ਖੇਤੀ

# ਆਲੂ-ਪਿਆਜ਼ ਉਗਾਵੋ, ਆਮਦਨ ਵਧਾਵੋ



**ਡਾ. ਰਣਜੀਤ ਸਿੰਘ**

ਆਲੂ ਅਤੇ ਪਿਆਜ਼ ਰੋਕੜੀ ਸਬਜ਼ੀਆਂ ਹਨ ਆਲੂਆਂ ਹੇਠ ਪੰਜਾਬ ਵਿਚ ਸਭ ਤੋਂ ਵੱਧ ਰਕਬਾ ਹੈ। ਇਨ੍ਹਾਂ ਦੀ ਕਾਸ਼ਤ ਕੋਈ 1,07,000 ਹੈਕਟਰ ਧਰਤੀ ਵਿਚ ਕੀਤੀ ਜਾਂਦੀ ਹੈ। ਆਲੂਆਂ ਦੀ ਬਿਜਾਈ ਅਗਲੇ ਮਹੀਨੇ ਹੋਣੀ ਹੈ। ਇਸ ਫ਼ਸਲ ਦੀ ਸਫ਼ਲਤਾ ਬੀਜ ਉੱਤੇ ਨਿਰਭਰ ਕਰਦੀ ਹੈ। ਇਸ ਕਰਕੇ ਸਿਫਾਰਸ਼ ਕੀਤੀ ਕਿਸਮ ਦੇ ਵਧੀਆ ਬੀਜ ਦਾ ਪਹਿਲਾਂ ਹੀ ਪ੍ਰਬੰਧ ਕਰ ਲੈਣਾ ਜ਼ਰੂਰੀ ਹੈ। ਜੇਕਰ ਬਹੁਤੇ ਰਕਬੇ ਵਿਚ ਕਾਸ਼ਤ ਕਰਨੀ ਹੈ ਤਾਂ ਕੁਝ ਅਗੇਤੀਆਂ ਤੇ ਕੁਝ ਪਿਛੇਤੀਆਂ ਕਿਸਮਾਂ ਦੀ ਬਿਜਾਈ ਕਰਨੀ ਚਾਹੀਦੀ ਹੈ। ਪੰਜਾਬ ਵਿਚ ਕੁਫ਼ਰੀ ਸੂਰਯਾ, ਕੁਫ਼ਰੀ ਚੰਦਰਮੁਖੀ, ਕੁਫ਼ਰੀ ਅਸ਼ੋਕਾ, ਕੁਫ਼ਰੀ ਪੁਖਰਾਜ ਅਗੇਤੀਆਂ ਕਿਸਮਾਂ ਹਨ। ਕੁਫ਼ਰੀ ਗੰਗਾ, ਕੁਫ਼ਰੀ ਜਯੋਤੀ, ਕੁਫ਼ਰੀ ਪੁਸ਼ਕਰ ਅਤੇ ਕੁਫ਼ਰੀ ਬਹਾਰ ਮੁੱਖ ਮੌਸਮ ਦੀਆਂ ਕਿਸਮਾਂ ਹਨ। ਜਦੋਂ ਕਿ ਕੁਫ਼ਰੀ ਸੰਧੂਰੀ ਤੇ ਕੁਫ਼ਰੀ ਬਾਦਸ਼ਾਹ ਪਿਛੇਤੀਆਂ ਕਿਸਮਾਂ ਹਨ। ਇਨ੍ਹਾਂ ਤੋਂ ਇਲਾਵਾ ਕੁਫ਼ਰੀ ਚਿਪਸੋਨਾ-1, ਕੁਫ਼ਰੀ ਚਿਪਸੋਨਾ-3 ਅਤੇ ਕੁਫ਼ਰੀ ਫਰਾਈਸੋਨਾ ਕਿਸਮਾਂ ਦੀ ਵੀ ਸਿਫਾਰਸ਼ ਕੀਤੀ ਗਈ ਹੈ। ਇਨ੍ਹਾਂ ਕਿਸਮਾਂ ਦੇ ਆਲੂਆਂ ਨੂੰ ਚਿਪਸ ਆਦਿ ਬਣਾਉਣ ਲਈ ਵਰਿਤਆ ਜਾਂਦਾ ਹੈ। ਹੁਣ ਪੁੱਟਿਆ ਜਾ ਰਿਹਾ ਆਲੂ ਵੀ ਬੀਜ ਲਈ ਵਰਤਿਆ ਜਾ ਸਕਦਾ ਹੈ ਪਰ ਇਸ ਦੀ ਨੀਂਦ ਤੋੜਨੀ ਚਾਹੀਦੀ ਹੈ। ਇਹ ਨੀਂਦ ਤੋੜਨ ਲਈ ਕੱਟੇ ਹੋਏ ਆਲੂਆਂ 1% (10 ਗ੍ਰਾਮ) ਥਾਇਓਯੂਰੀਆ ਅਤੇ ਇਕ ਮਿਲੀਗ੍ਰਾਮ ਪ੍ਰਤੀ ਲਿਟਰ ਯਿਬਰੈਲਿਕ ਏਸਿਡ ਦੇ ਘੋਲ ਵਿਚ ਇਕ ਘੰਟੇ ਲਈ ਡੁਬੋ ਕੇ ਰੱਖੋ। ਇਨ੍ਹਾਂ ਆਲੂਆਂ ਨੂੰ 24 ਘੰਟੇ ਛਾਵੇਂ ਖਿਲਾਰ ਕੇ ਸੁਕਾਇਆ ਜਾਵੇ। ਆਲੂਆਂ ਦੀਆਂ ਬਿਮਾਰੀਆਂ ਦੀ ਰੋਕਥਾਮ ਲਈ ਬੀਜ ਵਾਲੇ ਆਲੂਆਂ ਨੂੰ ਮੋਨਸਰਨ 2.5 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਦੇ ਘੋਲ ਵਿਚ 10 ਮਿੰਟ ਤਾਂਈ ਡੁਬੋ ਕੇ ਰੱਖੋ। ਖੇਤ ਤਿਆਰ ਕਰਨ ਤੋਂ ਪਹਿਲਾਂ 20 ਟਨ ਰੂੜੀ ਪਾਈ ਜਾਵੇ। ਬਿਜਾਈ ਸਮੇਂ 80 ਕਿਲੋ ਯੂਰੀਆ, 155 ਕਿੱਲੋ ਸੁਪਰਫਾਸਫੇਟ ਅਤੇ 40 ਕਿਲੋ ਮਿਊਰੇਟ ਆਫ਼ ਪੋਟਾਸ਼ ਪ੍ਰਤੀ ਏਕੜ ਡ੍ਰਿਲ ਕੀਤੀ ਜਾਵੇ। ਏਨਾ ਹੀ ਯੂਰੀਆ ਮਿੱਟੀ ਚਾੜ੍ਹਨ ਸਮੇਂ ਪਾਇਆ ਜਾਵੇ। ਰੂੜੀ ਜਾਂ ਹਰੀ ਖਾਦ ਦੀ ਵਰਤੋਂ ਜ਼ਰੂਰੀ ਹੈ। ਇਕ ਏਕੜ ਵਿਚ ਕੋਈ 15 ਕੁਇੰਟਲ ਬੀਜ ਪੈਂਦਾ ਹੈ। ਬਿਜਾਈ ਪਲਾਂਟਰ ਨਾਲ ਵੀ ਕੀਤੀ ਜਾ ਸਕਦੀ ਹੈ। ਬਿਜਾਈ ਤੋਂ ਪਹਿਲਾਂ ਖੇਤ ਵਿਚ ਲਾਈਨਾਂ ਲਗਾਈਆਂ ਜਾਣ। ਲਾਈਨਾਂ ਵਿਚਕਾਰ 60 ਅਤੇ ਬੂਟਿਆਂ ਵਿਚਕਾਰ 20 ਸੈ. ਮੀਟਰ ਦਾ ਫਾਸਲਾ ਰੱਖਿਆ ਜਾਵੇ। ਬਿਜਾਈ ਕਰਨ ਤੋਂ ਤੁਰੰਤ ਪਿਛੋਂ ਪਹਿਲਾ ਪਾਣੀ ਦਿੱਤਾ ਜਾਵੇ। ਪਾਣੀ ਲਾਉਂਦੇ ਸਮੇਂ ਧਿਆਨ ਰੱਖੋ ਕਿ ਪਾਣੀ ਵੱਟਾਂ ਉਤੋਂ ਦੀ ਨਾ ਲੰਘੇ। ਇਸ ਕਰਕੇ ਹਲਕਾ ਪਾਣੀ ਦੇਣਾ ਚਾਹੀਦਾ ਹੈ। ਅਗੇਤੀਆਂ ਕਿਸਮਾਂ ਤਿੰਨ ਮਹੀਨਿਆਂ ਵਿਚ ਤਿਆਰ ਹੋ ਜਾਂਦੀਆਂ ਹਨ, ਜਦੋਂ ਕਿ ਦੂਜੀਆਂ ਕਿਸਮਾਂ 10-15 ਦਿਨ ਵੱਧ ਲੈਂਦੀਆਂ ਹਨ। ਆਲੂ ਬੀਜਣ ਸਮੇਂ







ਕਨਸ਼ੋਰਮੀਅਮ ਜੈਵਿਕ ਖਾਦ ਚਾਰ ਕਿਲੋ ਪ੍ਰਤੀ ਏਕੜ ਮਿੱਟੀ ਵਿਚ ਰਲਾ ਕੇ ਪਾਉਣੀ ਚਾਹੀਦੀ ਹੈ। ਖੇਤ ਵਿਚ 25 ਕੁਇੰਟਲ ਪ੍ਰਤੀ ਏਕੜ ਵਿਛਾਉਣ ਨਾਲ ਯੂਰੀਏ ਦੀ ਮਾਤਰਾ ਘੱਟ ਕੀਤੀ ਜਾ ਸਕਦੀ ਹੈ।

ਆਲੂਆਂ ਵਾਂਗ ਪਿਆਜ਼ ਵੀ ਇਕ ਹੋਰ ਰੋਕੜੀ ਫ਼ਸਲ ਹੈ। ਜਿਨ੍ਹਾਂ ਦੀ ਵਰਤੋਂ ਸਾਰੀਆਂ ਸਬਜ਼ੀਆਂ ਵਿਚ ਕੀਤੀ ਜਾਂਦੀ ਹੈ। ਪਿਆਜ਼ ਦਾ ਝਾੜ ਵੀ ਆਲੂਆਂ ਦੇ ਬਰਾਬਰ ਹੀ ਹੈ ਪਰ ਖਰਚਾ ਘੱਟ ਆਉਂਦਾ ਹੈ, ਮਿਹਨਤ ਵੀ ਘੱਟ ਕਰਨੀ ਪੈਂਦੀ ਹੈ। ਇਸ ਦੇ ਨਾਲ ਹੀ ਪਿਆਜ਼ ਦੀ ਕੀਮਤ ਆਲੂਆਂ ਨਾਲੋਂ ਹਮੇਸ਼ਾ ਵੱਧ ਹੀ ਰਹਿੰਦੀ ਹੈ। ਪਰ ਪਿਆਜ਼ ਹੇਠ ਮਸਾਂ 10 ਕੁ ਹਜ਼ਾਰ ਹੈਕਟਰ ਧਰਤੀ ਹੀ ਹੈ। ਇਸ ਵਾਰ ਕੁਝ ਰਕਬੇ ਵਿਚ ਪਿਆਜ਼ ਜਰੂਰ ਲਗਾਉਣੇ ਚਾਹੀਦੇ ਹਨ। ਜੇਕਰ ਪਨੀਰੀ ਤਿਆਰ ਹੈ ਤਾਂ ਇਸ ਨੂੰ ਪੁੱਟ ਕੇ ਹੁਣ ਖੇਤ ਵਿਚ ਲਗਾਇਆ ਜਾ ਸਕਦਾ ਹੈ। ਪੰਜਾਬ ਵਿਚ ਕਾਸ਼ਤ ਲਈ ਪੀ. ਓ. ਐਚ.-1, ਪੀ ਆਰ. ਓ.-7, ਪੀ. ਆਰ. ਓ.-1, ਪੀ. ਆਰ. ਓ.-6, ਪੰਜਾਬ ਵਾਈਟ ਅਤੇ ਪੰਜਾਬ ਨਰੋਆ ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਜੇਕਰ ਆਪ ਪਨੀਰੀ ਤਿਆਰ ਨਹੀਂ ਕੀਤੀ ਤਾਂ ਕਿਸੇ ਭਰੋਸੇਯੋਗ ਵਸੀਲੇ ਤੋਂ ਢੁਕਵੀਂ ਉਮਰ ਦੀ ਅਤੇ ਸਿਫਾਰਸ਼ ਕੀਤੀ ਕਿਸਮ ਪਨੀਰੀ ਲੈਣੀ ਚਾਹੀਦੀ ਹੈ। ਚੰਗੀ ਤਰ੍ਹਾਂ ਤਿਆਰ ਕੀਤੇ ਖੇਤ ਵਿਚ ਪਨੀਰੀ ਲਗਾਈ ਜਾਵੇ। ਪਨੀਰੀ ਲਗਾਉਣ ਸਮੇਂ ਲਾਈਨਾਂ ਵਿਚਕਾਰ 15 ਤੇ ਬੂਟਿਆਂ ਵਿਚਕਾਰ 7.5 ਸੈਂਟੀਮੀਟਰ ਫਾਸਲਾ ਰੱਖਿਆ ਜਾਵੇ। ਖੇਤ ਤਿਆਰ ਕਰਨ ਤੋਂ ਪਹਿਲਾਂ 20 ਟਨ ਰੂੜੀ ਦੇ ਪ੍ਰਤੀ ਏਕੜ ਪਾਏ ਜਾਣ। ਬਿਜਾਈ ਤੋਂ ਪਹਿਲਾਂ 45 ਕਿਲੋ ਯੂਰੀਆ, 125 ਕਿਲੋ ਸੁਪਰਫਾਸਫੇਟ ਅਤੇ 35 ਕਿੱਲੋ ਮੂਰੀਏਟ ਆਫ਼ ਪੋਟਾਸ਼ ਪ੍ਰਤੀ ਏਕੜ ਪਾਈ ਜਾਵੇ। ਛੋਟੇ ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਆਲੂ ਤੇ ਪਿਆਜ਼ ਦੀ ਕਾਸ਼ਤ ਵੱਲ ਧਿਆਨ ਦੇਣ। ਇਹ ਦੋਵੇਂ ਫ਼ਸਲਾਂ ਜਿਥੇ ਆਮਦਨ ਵਿਚ ਵਾਧਾ ਕਰਦੀਆਂ ਹਨ ਉਥੇ ਟੱਬਰ ਦੇ ਮੈਂਬਰਾਂ ਨੂੰ ਕਾਰੇ ਵੀ ਲਗਾਉਂਦੀਆਂ ਹਨ। ਮੰਡੀ ਵਿਚ ਆਲੂ ਅਤੇ ਪਿਆਜ਼ ਦੀ ਕੀਮਤ ਨੂੰ ਵੇਖਦੇ ਹੋਇਆਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਵਾਰ ਭਾਅ ਠੀਕ ਹੀ ਰਹਿਣਗੇ।***

## ਪਿੱਠ ਦੇ ਹੇਠਲੇ ਹਿੱਸੇ ਵਿੱਚ ਦਰਦ ਦੀ ਸਮੱਸਿਆ

ਹੱਡੀਆਂ ਵਿੱਚ ਕੈਲਸ਼ੀਅਮ ਇੰਨਾ ਘਟ ਜਾਂਦਾ ਹੈ ਕਿ ਹਲਕੀ ਸੱਟ ਜਾਂ ਜ਼ਿਆਦਾ ਝੁਕਣ ਨਾਲ ਰੀੜ੍ਹ ਦੀ ਹੱਡੀ ਦਾ ਮਣਕਾ ਟੁੱਟ ਜਾਂਦਾ ਹੈ ਤੇ ਪਿੱਠ ਕੁੱਬੀ ਹੋ ਕੇ ਰਹਿ ਜਾਂਦੀ ਹੈ। ਇਸੇ ਹੀ ਕਾਰਨ ਬਜ਼ੁਰਗ ਬੰਦਿਆਂ ਦੀ ਵੀ ਲੰਬਾਈ ਆਪਣੀ ਜਵਾਨੀ ਨਾਲੋਂ ਘਟ ਜਾਂਦੀ ਹੈ ਕਿਉਂਕਿ ਰੀੜ੍ਹ ਦੀ ਹੱਡੀ ਦੇ ਮਣਕੇ ਫਿੱਸ ਜਾਂਦੇ ਹਨ। ਸਿਆਣੇ ਡਾਕਟਰ ਦੀ ਸਲਾਹ ਨਾਲ ਲਗਾਤਾਰ ਤੇ ਵੇਲੇ ਸਿਰ ਕੈਲਸ਼ੀਅਮ ਤੇ ਵਿਟਾਮਿਨ ਡੀ ਖਾਣ ਨਾਲ ਇਸ ਤੋਂ ਬਚਾਓ ਹੋ ਸਕਦਾ ਹੈ।

ਬੱਚਿਆਂ ਵਿੱਚ ਵੀ ਟੇਢੇ ਮੇਢੇ ਲੇਟ ਕੇ ਟੀ.ਵੀ. ਵੇਖਣ ਜਾਂ ਕੁੱਬੇ ਬਹਿ ਕੇ ਪੜ੍ਹਨ ਨਾਲ ਪਿੱਠ ਦੇ ਪੱਠਿਆਂ ਨੂੰ ਖਿੱਚ ਪੈਣ ਸਦਕਾ ਦਰਦ ਹੋਣ ਲੱਗ ਪੈਂਦਾ ਹੈ। ਇਸ ਲਈ ਮਾਪੇ ਇਸ ਗੱਲ ਦਾ ਖ਼ਾਸ ਧਿਆਨ ਰੱਖਣ ਤਾਂ ਚੰਗੀ ਗੱਲ ਹੈ। ਕੰਪਿਊਟਰ ਅੱਗੇ ਬਹੁਤਾ ਸਮਾਂ ਬੈਠਣ ਨਾਲ ਵੀ ਪਿੱਠ ਦੇ ਪੱਠੇ ਥੱਕ ਜਾਂਦੇ ਹਨ ਤੇ ਦਰਦ ਹੋਣ ਲੱਗ ਪੈਂਦਾ ਹੈ। ਲੰਮੀ ਸੈਰ ਜਿੱਥੇ ਪਿੱਠ ਲਈ ਵਰਦਾਨ ਹੈ, ਉੱਥੇ ਕੈਲਸ਼ੀਅਮ ਦੀ ਘਾਟ ਵੀ ਹੱਡੀਆਂ ਵਿੱਚ ਨਹੀਂ ਹੋਣ ਦਿੰਦੀ।-0-

# ਗੁਰਮਤਿ ਸੰਜੋਗ ਦੀ ਸੇਵਾ ਸ਼ੁਰੂ



ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਆਨਲਾਈਨ ਸੇਵਾ ਅਤੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਰਾਹੀਂ ਪਹਿਲਾਂ ਹੀ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਤੁਸੀਂ ਘਰ ਬੈਠੇ ਆਪਣਾ ਫਾਰਮ ਭਰ ਸਕਦੇ ਹੋ। ਚਾਹਵਾਨ ਸੱਜਣ ਹੇਠ ਲਿਖੇ ਫੋਨ ਨੰਬਰ ਤੇ ਸੰਪਰਕ ਕਰਨ ਦੀ ਕ੍ਰਿਪਾਲਤਾ ਕਰਨੀ ਅਤੇ ਲੋੜੀਂਦਾ ਫਾਰਮ ਭਰ ਕੇ ਇਸ ਸੇਵਾ ਦਾ ਲਾਭ ਉਠਾਉ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

**ਸੰਪਰਕ: 98152-70101, 85678-00716**

## ਲਾੜੀ ਦੀ ਲੋੜ

**ਫਾਰਮ ਨੰ. 333**

ਲੁਧਿਆਣਾ ਵਾਸੀ, ਜਨਮ ਮਿਤੀ 06-11-86, M.Sc., Job in Infosys, Posted in Chandigarh, Package 4 Lacs PA, ਕੱਦ 5'-8", ਲਈ ਯੋਗ ਲੜਕੀ ਦੀ ਲੋੜ ਹੈ। Whatsapp: 73555-03333 98729-03415

**ਫਾਰਮ ਨੰ. 335**

Ludhiana Based, DOB 22-10-87, Hight 5'-11", M.Tech (Civil Engineering), Working at Municipal Corporation Ludhiana as SDO, Wanted an Educated Vegetarian, Amritdhari, Tall & Slim girl. Contact : 94639-15110, 80547-14214

**ਫਾਰਮ ਨੰ. 337**

ਲੁਧਿਆਣਾ ਵਾਸੀ, ਜਨਮ ਮਿਤੀ 12-05-88, Diploma Civil Engg. ਕੱਦ 5'-7", ਲਈ ਯੋਗ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ 79865-39125

**ਫਾਰਮ ਨੰ. 339**

ਲੁਧਿਆਣਾ ਵਾਸੀ, ਜਨਮ ਮਿਤੀ 01-05-91, +2, BBA ਕੱਦ 5'-8", Bank Employee ਲਈ IELTS 6.5 / 7 Band ਲੜਕੀ ਦੀ ਲੋੜ ਹੈ। ਸੰਪਰਕ 98788-24364, 96466-77316

**ਫਾਰਮ ਨੰ. 347**

ਲੁਧਿਆਣਾ ਵਾਸੀ, ਜਨਮ ਮਿਤੀ 18-11-88, ਕੱਦ 5'-7", 10th & (Information Technology Diploma Holder) Doing Job is Sangrur Court, Salary 30,000/- PM, may be IELTS clear, No Dowery, ਬਿਨਾਂ ਨੱਕ-ਕੰਨ ਛੇਦੇ, ਲੜਕੀ ਦੀ ਲੋੜ ਹੈ। ਸੰਪਰਕ: 98881-00755

**ਫਾਰਮ ਨੰ. 348**

ਨਵਾਂਸ਼ਹਿਰ ਵਾਸੀ, ਜਨਮ ਮਿਤੀ 23-11-86, ਕੱਦ 5'-10", ਕੰਪਿਊਟਰ ਡਿਪਲੋਮਾ, ਆਪਣਾ ਬਿਜ਼ਨੈਸ ਲੜਕੇ ਲਈ ਲੜਕੀ ਦੀ ਲੋੜ ਹੈ। ਸੰਪਰਕ: 98152-92643, 80549-37410

**ਫਾਰਮ ਨੰ. 349**

ਲੁਧਿਆਣਾ ਵਾਸੀ ਅੰਮ੍ਰਿਤਧਾਰੀ, ਜਨਮ ਮਿਤੀ 08-09-92, ਕੱਦ 5'-10", MCA, Occupation: Owner I.T. Company Creative Room ਲਈ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 95692-61303 -0-

**ਫਾਰਮ ਨੰ. 350**

ਲੁਧਿਆਣਾ ਵਾਸੀ, ਤਲਾਕਸ਼ੁਦਾ, ਜਨਮ ਮਿਤੀ 19-11-1990, ਕੱਦ 5'-3", BA, Computer Course, Business ਕਰਦੇ ਲਈ ਲੜਕੀ ਦੀ ਲੋੜ ਹੈ। ਸੰਪਰਕ: 98882-77889

**ਫਾਰਮ ਨੰ. 351**

ਲੁਧਿਆਣਾ ਵਾਸੀ, ਜਨਮ ਮਿਤੀ 26-05-1991, ਕੱਦ 5'-11", BBA, MBA, Senior Business Officer in Pharma MNC Company ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 97795-85956

**ਫਾਰਮ ਨੰ. 353**

ਲੁਧਿਆਣਾ ਵਾਸੀ, ਜਨਮ ਮਿਤੀ 29-08-1994, ਕੱਦ 5'-5", 12th Pass, Businessman ਲਈ ਲੜਕੀ ਦੀ ਲੋੜ ਹੈ। ਸੰਪਰਕ: 78887-27296, 9914924920

**ਫਾਰਮ ਨੰ. 354**

ਲੁਧਿਆਣਾ ਵਾਸੀ ਅੰਮ੍ਰਿਤਧਾਰੀ, ਜਨਮ ਮਿਤੀ 03-12-1991, ਕੱਦ 5'-6" B.Tech + PG Diploma from Canada (Production Engg.), ਕੈਨੇਡਾ ਵਿਖੇ ਜਾਬ ਕਰਦੇ ਲੜਕੇ ਲਈ B.D.S., B.Sc. (Nursing), Physiotherapist ਸਾਬਤ ਸੂਰਤ ਲੜਕੀ ਦੀ ਲੋੜ ਹੈ- ਸੰਪਰਕ 98552-76125

**ਫਾਰਮ ਨੰ. 355**

ਜਲੰਧਰ ਵਾਸੀ ਅੰਮ੍ਰਿਤਧਾਰੀ, ਜਨਮ ਮਿਤੀ 04-01-1986, ਕੱਦ 5'-10", B.Tech, MBA, Job: SBI Card as Assistant Vice President, Posted in Gurgaon ਲਈ ਵੈਜੀਟੇਰੀਅਨ, ਗੁਰੂ ਗ੍ਰੰਥ ਸਾਹਿਬ ਵਿਚ ਯਕੀਨ ਰੱਖਣ ਵਾਲੀ ਲੜਕੀ ਦੀ ਲੋੜ ਹੈ- ਸੰਪਰਕ 97791-48911, 97790-48911

**ਫਾਰਮ ਨੰ. 356**

ਦਿੱਲੀ ਵਾਸੀ, ਜਨਮ ਮਿਤੀ 02-03-1992, ਕੱਦ 5'-6", 10+2, Own Restaurant & One Shop Rented in Janakpuri ਲਈ ਯੋਗ ਲੜਕੀ ਦੀ ਲੋੜ ਹੈ- ਸੰਪਰਕ 99147-92225, 98114-49930

**ਫਾਰਮ ਨੰ. 358**

ਲੰਡਨ ਵਾਸੀ, ਗੁਰਸਿੱਖ, ਜਨਮ 1989, ਕੱਦ 6'-1", M.Sc. (Computer) working as a Network Eng. ਲਈ ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ 0044-7904050832

**ਫਾਰਮ ਨੰ. 360**

ਲੁਧਿਆਣਾ ਵਾਸੀ, ਜਨਮ 17-10-1994, ਕੱਦ 5'-11", B. Tech. (ਬਿਜਲੀ ਬੋਰਡ ਵਿਚ JE) ਲਈ ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 85688-22417, 84377-04610

**ਫਾਰਮ ਨੰ. 362**

ਲੁਧਿਆਣਾ ਵਾਸੀ, ਜਨਮ 13-06-1988, ਕੱਦ 5'-10", BCA (Private) Interior & Exterior Decorator Own Shop ਲਈ ਸਿੰਪਲ ਮਿਡਲ ਕਲਾਸ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 9888-131313

**ਫਾਰਮ ਨੰ. 365**

ਲੁਧਿਆਣਾ ਵਾਸੀ, ਜਨਮ 22-01-1991, ਕੱਦ 5'-8", B.A. ਆਪਣਾ ਕਾਰੋਬਾਰ ਲਈ ਘਰੇਲੂ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 92171-13272, 99883-34032

-0-

## ਲਾੜੇ ਦੀ ਲੋੜ

**ਫਾਰਮ ਨੰ. 344**

ਲੁਧਿਆਣਾ ਵਾਸੀ, ਜਨਮ ਅਕਤੂਬਰ 1994, ਕੱਦ 5'-3", MBBS, Study (USEMLI) ਡਾਕਟਰ ਲੜਕੀ ਲਈ ਗੁਰਸਿੱਖ ਡਾਕਟਰ ਲੜਕੇ ਦੀ ਲੋੜ ਹੈ। ਸੰਪਰਕ: 97797-59542

**ਫਾਰਮ ਨੰ. 352**

ਪਟਿਆਲਾ ਵਾਸੀ, ਜਨਮ ਮਿਤੀ 08-08-90, M.Sc. Nursing, Doing Ph.D., Assistant Prof. in Chitkara University, Pay 40,000/- ਲਈ ਲੜਕੇ ਦੀ ਲੋੜ ਹੈ। ਸੰਪਰਕ: 98558-26817

**ਫਾਰਮ ਨੰ. 361**

ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364**

ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Teacher ਲਈ ਲੜਕੇ ਦੀ ਲੋੜ ਹੈ। ਸੰਪਰਕ: 9501894943, 98765-55925

-0-

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਚਲਾਏ ਜਾ ਰਹੇ ਪ੍ਰਚਾਰ ਕੇਂਦਰਾਂ ਦੀਆਂ ਨਵੰਬਰ ਮਹੀਨੇ ਦੀਆਂ ਸਰਗਰਮੀਆਂ

**ਮਾਝਾ-**

**1. ਚੋਹਲਾ ਸਾਹਿਬ (88472-67156)-** ਕੇਂਦਰ ਦੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵਲੋਂ 3 ਪਿੰਡਾਂ ਵਿੱਚ ਅਤੇ ਇੱਕ ਸਕੂਲ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਪਿੰਡ ਨੱਥੂ ਚੱਕ ਦੇ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਅੰਮ੍ਰਿਤ ਵੇਲੇ ਗੁਰਬਾਣੀ ਵੀਚਾਰ ਕੀਤੀ ਜਾਂਦੀ ਹੈ। ਪਿੰਡ ਨੱਥੂ ਚੱਕ ਵਿਖੇ 2 ਘਰਾਂ ਵਿੱਚ ਹੋਏ ਗੁਰਮਤਿ ਸਮਾਗਮਾਂ 'ਤੇ ਕਥਾ-ਵੀਚਾਰ ਕੀਤੀ ਗਈ। ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਪਿੰਡ ਨੱਥੂ ਚੱਕ ਦੇ ਗੁਰਦੁਆਰਾ ਸਾਹਿਬ ਵਿਖੇ ਗੁਰਮਤਿ ਵੀਚਾਰ ਕੀਤੀ ਗਈ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ।

**2. ਤਰਨ-ਤਾਰਨ (94654-93275)-** ਕੇਂਦਰ ਦੇ ਪ੍ਰਚਾਰਕ ਭਾਈ ਦਵਿੰਦਰ ਸਿੰਘ ਵੱਲੋਂ 4 ਪਿੰਡਾਂ ਵਿੱਚ ਅਤੇ 2 ਸਕੂਲਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਪਿੰਡ ਪਲਾਸੌਰ ਵਿਖੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਸਵੇਰ ਦੇ ਸਮੇਂ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ। ਪਿੰਡ ਨੌਸ਼ਹਿਰਾ ਪੰਨੂਆਂ ਵਿਖੇ ਭਾਈ ਸਾਹਿਬ ਸਿੰਘ ਜੀ ਦੇ ਘਰ ਗੁਰਮਤਿ ਵਿਚਾਰਾਂ ਕੀਤੀਆਂ ਗਈਆਂ। ਪਿੰਡ ਪਲਾਸੌਰ ਵਿਖੇ ਗੁਰਬਿੰਦਰ ਸਿੰਘ ਧੁੰਨ ਵਲੋਂ ਰੋਜ਼ਾਨਾ ਗੁਰਮਤਿ ਵਿਚਾਰਾਂ ਅਤੇ ਬੱਚਿਆਂ ਦੀ ਕਲਾਸ ਲਗਾਈ ਜਾਂਦੀ ਹੈ। ਪਿੰਡ ਸਰਹਾਲੀ ਵਿਖੇ ਸੋਧ ਸਿੰਘ ਵਲੋਂ ਸਵੇਰੇ ਗੁਰਮਤਿ ਵਿਚਾਰਾਂ ਅਤੇ ਸ਼ਾਮ ਨੂੰ ਕਲਾਸਾਂ ਲਗਾਈਆਂ ਜਾਂਦੀਆਂ ਹਨ। ਹਰ ਸ਼ਨੀਵਾਰ ਸ਼ਾਮ ਨੂੰ ਸਿੱਖ ਰਹਿਤ ਮਰਿਯਾਦਾ ਦੀ ਵਿਆਖਿਆ ਕੀਤੀ ਜਾਂਦੀ ਹੈ।

**3. ਪਰਿੰਗੜੀ (73473-42015)-** ਪ੍ਰਚਾਰਕ ਬੀਬੀ ਰਾਜਬੀਰ ਕੌਰ ਵਲੋਂ ਪਿੰਡ ਸੈਦਪੁਰ ਆਪਣੇ ਘਰ ਵਿੱਚ ਅਤੇ ਪਿੰਡ ਪਰਿੰਗੜੀ ਵਿਖੇ 2 ਗੁਰਦੁਆਰਿਆਂ ਵਿੱਚ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ, ਜਿਸ ਵਿੱਚ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**4. ਮਾਲੂਵਾਲ (98885-20250)-** ਪ੍ਰਚਾਰਕ ਭਾਈ ਨਿਰਮਲ ਸਿੰਘ ਜੀ ਵਲੋਂ 7 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਇਹਨਾਂ ਕਲਾਸਾਂ ਰਾਹੀਂ ਬੱਚਿਆਂ ਨੂੰ ਗੁਰਬਾਣੀ, ਰਹਿਤ ਮਰਿਯਾਦਾ ਅਤੇ ਇਤਿਹਾਸ ਨਾਲ ਜੋੜਿਆ ਜਾ ਰਿਹਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ ਝਬਾਲ ਵਿਖੇ ਕਥਾ-ਵੀਚਾਰ ਕੀਤੀ ਗਈ। ਸ: ਬਲਵਿੰਦਰ ਸਿੰਘ ਜੀ ਦੇ ਬੇਟੇ ਦੇ ਅਨੰਦ ਕਾਰਜ ਸਮਾਗਮ ਸਮੇਂ ਕਥਾ-ਵੀਚਾਰ ਕੀਤੀ ਗਈ।

**5. ਡੱਲ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ 6 ਪਿੰਡਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਸਿੱਖ ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਥਾ-ਵੀਚਾਰ ਕੀਤੀ ਗਈ।

**6. ਨਾਰਲੀ (98554-77302)-** ਪ੍ਰਚਾਰਕ ਬੀਬੀ ਕੁਲਦੀਪ ਕੌਰ ਵਲੋਂ ਵੱਖ-ਵੱਖ ਪਿੰਡਾਂ ਵਿੱਚ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ-ਵੀਚਾਰ ਕੀਤੀ ਗਈ। Online ਕਲਾਸਾਂ ਲਗਾ ਕੇ ਦਿਲਾਂ ਦੀ ਸਾਂਝ ਵਿਚਾਰ ਚਰਚਾ ਗਰੁੱਪ ਵਿੱਚ ਵੱਡੀਆਂ ਭੈਣਾਂ ਨਾਲ ਵੀਚਾਰ ਕੀਤੀ ਜਾਂਦੀ ਹੈ। ਕਾਲਜ ਵਲੋਂ ਭੇਜੀ ਗਈ ਮਾਇਕ ਸਹਾਇਤਾ ਦੇ ਪੈਸੇ ਬਾਬਾ ਦੀਪ ਸਿੰਘ ਗੁਰਦੁਆਰਾ ਸਾਹਿਬ ਬੱਚਿਆਂ ਨੂੰ ਬੁਲਾ ਕੇ ਉਹਨਾਂ ਦੇ ਮਾਪਿਆਂ ਨਾਲ ਗੱਲਬਾਤ ਕੀਤੀ ਗਈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 5 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ।

**ਮਾਲਵਾ:**

**7. ਲਤਾਲਾ/ਸੁਖਾਣਾ (ਰਾਏਕੋਟ) (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵਲੋਂ **ਸ਼ਹੀਦੀ ਹਫਤਾ** ਸਮਾਗਮ ਤਹਿਤ ਪਿੰਡ ਲਤਾਲਾ, ਸਰਕਾਰੀ ਸ.ਸ. ਸਕੂਲ ਬੜੂੰਦੀ, ਸ.ਮਿ. ਸਕੂਲ ਰਾਜਗੜ੍ਹ, ਭੈਣੀ ਰੋੜਾ, ਸ.ਸ.ਸ. ਸਕੂਲ ਲੋਹਟਬੱਦੀ, ਹਾਈ ਸਕੂਲ ਰੰਗੂਵਾਲ ਆਦਿ ਇਲਾਕੇ ਦੇ ਸਕੂਲਾਂ ਵਿੱਚ ਸਵੇਰ ਦੀ ਸਭਾ ਮੌਕੇ ਵਿਦਿਆਰਥੀਆਂ ਨਾਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਦੇ ਸੰਬੰਧ ਵਿੱਚ ਵੀਚਾਰ ਸਾਂਝੇ ਕੀਤੇ ਗਏ। ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਪਿੰਡ ਮਜਾਰਾ ਮੈਕਰੋ ਡੇਅਰੀ ਵਿਖੇ ਲੈਕਚਰ ਦੁਆਰਾ ਸਾਂਝ ਪਾਈ ਗਈ ਅਤੇ ਲਤਾਲਾ ਵਿਖੇ ਹੋਏ ਸਮਾਗਮ ਦੌਰਾਨ ਸ: ਜਸਪਾਲ ਸਿੰਘ ਖੰਗੂੜਾ ਜੀ ਨੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਅਤੇ ਵਿਚਾਰ ਸਾਂਝੇ ਕੀਤੇ। ਸ: ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਵਸ ਨੂੰ ਪਿੰਡ ਸਰਾਭਾ ਵਿਖੇ ਲਾਇਬ੍ਰੇਰੀ ਕਾਲਖ ਵਲੋਂ ਕਿਤਾਬਾਂ ਦਾ ਸਟਾਲ ਲਗਾਇਆ ਗਿਆ, ਫ੍ਰੀ ਲਿਟਰੇਚਰ ਵੰਡਿਆ ਗਿਆ। ਕਿਸਾਨੀ ਸੰਘਰਸ਼ ਦੀ ਜਿੱਤ ਮੌਕੇ ਕੇਂਦਰ ਲਤਾਲਾ ਵਿਖੇ ਸੰਗਤ ਨਾਲ ਵਿਚਾਰ ਸਾਂਝੇ ਕੀਤੇ, ਡੇਹਲੋਂ ਟੋਲ ਧਰਨੇ 'ਤੇ ਵੀ ਲੈਕਚਰ ਕੀਤਾ ਗਿਆ। **100 ਸਾਖੀ ਆਨਲਾਈਨ ਕੰਪੀਟੀਸ਼ਨ** 'ਚੋਂ ਕੇਂਦਰ ਲਤਾਲਾ ਦੀ ਵਿਦਿਆਰਥਣ ਖੁਸ਼ੀ ਮਹਿਰੋਲੀਆ ਦਾ **ਏ ਗਰੇਡ** ਆਉਣ 'ਤੇ ਖੰਗੂੜਾ ਪਰਿਵਾਰ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। 30 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**8. ਰਾਮੂੰਵਾਲਾ ਨਵਾਂ ਅਤੇ ਚੁੱਪ ਕੀਤੀ (98777-94586)-** ਪ੍ਰਚਾਰਕ ਭਾਈ ਹਰਜੀਤ ਸਿੰਘ ਜੀ ਵਲੋਂ 5 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾਂਦੀ ਹੈ। ਹਰ ਰੋਜ਼ ਰਾਮੂੰਵਾਲਾ ਨਵਾਂ ਦੇ ਗੁਰਦੁਆਰਾ ਸਾਹਿਬ ਵਿਖੇ ਕਥਾ-ਵੀਚਾਰ ਕੀਤੀ ਜਾਂਦੀ ਹੈ। ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਹੋਏ ਸਮਾਗਮ ਵਿੱਚ ਰਾਮੂੰਵਾਲਾ ਨਵਾਂ ਅਤੇ ਰਾਮੂੰਵਾਲਾ ਕਲਾਂ ਵਿਖੇ ਸੰਗਤ ਨਾਲ ਕਥਾ-ਵੀਚਾਰ ਕੀਤੀ ਗਈ। 100 ਬੱਚੇ ਸਹਿਜ ਪਾਠ ਕਰ ਰਹੇ ਹਨ।

**9. ਭਾਗੀਕੇ (96461-66584)-** ਪ੍ਰਚਾਰਕ ਭਾਈ ਦਾਰਾ ਸਿੰਘ ਵਲੋਂ ਬੱਚਿਆਂ ਅਤੇ ਸੰਗਤ ਦੀਆਂ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦਿਹਾੜੇ ਨੂੰ ਮੁੱਖ ਰਖਦਿਆਂ ਸੰਗਤ ਨਾਲ ਇਤਿਹਾਸਿਕ ਵੀਚਾਰਾਂ ਕੀਤੀਆਂ ਗਈਆਂ। 3 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**10. ਕੁੱਬੇ (95015-16002)-** ਕੇਂਦਰ ਦੇ ਪ੍ਰਚਾਰਕ ਭਾਈ ਅਮਨਦੀਪ ਸਿੰਘ ਵੱਲੋਂ 10 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। 2 ਪਿੰਡਾਂ ਵਿੱਚ ਨਵੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ। ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਹੋਏ ਸਮਾਗਮ ਵਿੱਚ ਕਥਾ-ਵੀਚਾਰ ਕੀਤੀ ਗਈ। 15 ਬੱਚੇ ਸਹਿਜ ਪਾਠ ਕਰ ਰਹੇ ਹਨ, ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ ਅਤੇ 5 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**11. ਪਟਿਆਲਾ (87289-34413)-** ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਪਿੰਡ ਅਨੈਤਪੁਰ ਵਿਖੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਹੋਏ ਸਮਾਗਮ ਵਿੱਚ ਬੱਚਿਆਂ ਵਲੋਂ ਪੇਸ਼ਕਾਰੀ ਕੀਤੀ ਗਈ ਅਤੇ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ। ਪਿੰਡ ਬੱਲਰਾ ਵਿਖੇ ਹੋਏ ਸਮਾਗਮ ਵਿੱਚ 5 ਦਿਨ ਕਥਾ-ਵੀਚਾਰਾਂ ਕੀਤੀਆਂ ਗਈਆਂ। ਬੱਲਰਾ ਵਿਖੇ ਕਰਵਾਏ ਗਏ ਦਸਤਾਰ ਮੁਕਾਬਲਿਆਂ ਵਿੱਚ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**12. ਪਟਿਆਲਾ (98788-13795)-** ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ ਚਲ ਰਹੇ ਕੇਂਦਰ ਵਿਖੇ ਪਿੰਡ ਅਨੈਤਪੁਰ (ਫਤਹਿਗੜ੍ਹ ਸਾਹਿਬ) ਵਿਖੇ ਹਰ ਰੋਜ਼ ਸ਼ਾਮ ਦੇ ਦੀਵਾਨਾਂ ਦੀ ਸੇਵਾ ਬੱਚਿਆਂ ਵਲੋਂ ਕੀਤੀ ਜਾਂਦੀ ਹੈ। ਪਿੰਡ ਬੱਲਰਾ ਵਿੱਚ ਤਿੰਨ ਰੋਜਾ ਸਮਾਗਮ ਕੀਤੇ ਗਏ। ਗੁਰੂ ਨਾਨਕ ਕਾਲਜ ਬੁਢਲਾਡਾ ਵਿਖੇ ਸੈਮੀਨਾਰ ਵਿੱਚ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਗਈ। ਪਿੰਡ ਬੱਲਰਾ ਵਿਖੇ ਸਵੇਰੇ ਅਤੇ ਸ਼ਾਮ ਦੇ ਨਿਤਨੇਮ ਦੀ ਸੇਵਾ ਬੱਚਿਆਂ ਦੁਆਰਾ ਕੀਤੀ ਜਾਂਦੀ ਹੈ। ਹਰ ਰੋਜ਼ ਸ਼ਾਮ ਨੂੰ ਸੰਥਿਆ ਕਲਾਸ ਅਤੇ ਦਸਤਾਰ ਸਿਖਲਾਈ ਦੀ ਕਲਾਸ ਵੀ ਲਗਾਈ ਜਾਂਦੀ ਹੈ। 3 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**13. ਘਨੌਲੀ (81460-16099)-** ਪ੍ਰਚਾਰਕ ਭਾਈ ਪਰਮਵੀਰ ਸਿੰਘ ਵਲੋਂ 6 ਪਿੰਡਾਂ ਵਿੱਚ ਬੱਚਿਆਂ ਦੀਆਂ ਗੁਰਬਾਣੀ ਸੰਥਿਆ ਦੀਆਂ ਕਲਾਸਾਂ

ਲਗਾਈਆਂ ਜਾਂਦੀਆਂ ਹਨ। ਪਿੰਡ ਚੌਤਾ ਨੂਰਪੁਰਬੇਦੀ ਵਿਖੇ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ 3 ਰੋਜਾ ਹੋਏ ਗੁਰਮਤਿ ਸਮਾਗਮ ਵਿੱਚ ਕਥਾ-ਵੀਚਾਰ ਕੀਤੀ ਗਈ। 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ।

**ਦੁਆਬਾ**

**14. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਅਤੇ ਇੱਕ ਸਕੂਲ ਵਿੱਚ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ ਜਾਂਦੀ ਹੈ। ਹਰ ਰੋਜ਼ ਗੁਰਬਾਣੀ ਕੀਰਤਨ ਅਤੇ ਹੁਕਮਨਾਮੇ ਦੀ ਵੀਚਾਰ ਸੰਗਤ ਨਾਲ ਕੀਤੀ ਜਾਂਦੀ ਹੈ। ਕੇਂਦਰ ਦੇ 2 ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਦੀਆਂ ਗੁਰਮਤਿ ਅਤੇ ਕੀਰਤਨ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਕੇਂਦਰ ਵਿਖੇ 7 ਨਵੰਬਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਦੇ ਸੰਬੰਧ ਵਿੱਚ ਕੀਰਤਨ ਤੇ ਕਥਾ-ਵੀਚਾਰਾਂ ਕੀਤੀਆਂ ਗਈਆਂ। 11 ਤਾਰੀਕ ਤੋਂ 17 ਤਾਰੀਕ ਤੱਕ ਗੁਰਦੁਆਰਾ ਸਾਹਿਬ ਫਲਾਹੀ ਵਾਲਾ ਵਿਖੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਕਥਾ-ਵੀਚਾਰ ਕੀਤੀ ਗਈ। 19 ਨਵੰਬਰ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਗੁਰਦੁਆਰਾ ਸਿੰਘ ਸਭਾ ਵਿਖੇ 13 ਸਹਿਜ ਪਾਠਾਂ ਦੀ ਸਮਾਪਤੀ ਕੀਤੀ ਗਈ ਅਤੇ 11 ਸਹਿਜ ਪਾਠ ਆਰੰਭ ਕੀਤੇ ਗਏ। 28 ਨਵੰਬਰ ਨੂੰ ਪਿੰਡ ਭੰਡਾਲ ਹਿੰਮਤ ਵਿਖੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਬੱਚਿਆਂ ਵਲੋਂ ਕਵਿਤਾ, ਕਵੀਸ਼ਰੀ ਪੇਸ਼ ਕੀਤੀ ਗਈ ਅਤੇ ਭਾਈ ਸਾਹਿਬ ਵਲੋਂ ਕਥਾ-ਵੀਚਾਰ ਕੀਤੀ ਗਈ। 20 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**15. ਅੱਪਰਾ 1 (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਵੱਲੋਂ ਹਰ ਹਫਤੇ 19 ਪਿੰਡਾਂ ਵਿੱਚ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਤਿਹਾਸਿਕ ਵੀਚਾਰਾਂ ਕੀਤੀਆਂ ਗਈਆਂ ਅਤੇ ਨਗਰ ਕੀਰਤਨ ਵਿੱਚ ਬੱਚਿਆਂ ਨੇ ਹਾਜਰੀ ਭਰੀ। 15 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**16. ਅੱਪਰਾ 2 (70877-21409)-** ਪ੍ਰਚਾਰਕ ਭਾਈ ਗੁਰਵਿੰਦਰ ਸਿੰਘ ਵੱਲੋਂ ਹਰ ਹਫਤੇ 9 ਪਿੰਡਾਂ ਵਿੱਚ ਬੱਚਿਆਂ ਦੀਆਂ ਗੁਰਬਾਣੀ ਕੀਰਤਨ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ।

**17. ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮਤਿ ਪ੍ਰਚਾਰ ਕੇਂਦਰ (ਨਵਾਂ ਸ਼ਹਿਰ-1) (95926-56964)-** ਕੇਂਦਰ ਦੇ ਪ੍ਰਚਾਰਕ ਭਾਈ ਸੁਖਜਿੰਦਰ ਸਿੰਘ ਵਲੋਂ 3 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਕੇਂਦਰ ਵਿਖੇ ਸਵੇਰੇ-ਸ਼ਾਮ ਨਿਤਨੇਮ ਕੀਤਾ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਹੋਏ ਸਮਾਗਮ ਵਿੱਚ ਤਿੰਨ ਪਿੰਡਾਂ ਵਿੱਚ ਗੁਰਮਤਿ ਵੀਚਾਰਾਂ ਦੀ ਸਾਂਝ ਕੀਤੀ ਗਈ। ਕੇਂਦਰ ਦੀ ਪ੍ਰਬੰਧਕ ਕਮੇਟੀ ਨਾਲ ਮਹੀਨਾਵਾਰੀ ਮੀਟਿੰਗ ਕੀਤੀ ਗਈ। 20 ਬੱਚੇ ਸਹਿਜ ਪਾਠ ਕਰ ਰਹੇ ਹਨ।

**18. ਭੋਗਪੁਰ (99148-38148)-** ਪ੍ਰਚਾਰਕ ਭਾਈ ਸੁਖਦੀਪ ਸਿੰਘ ਵਲੋਂ 8 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਨੈਤਿਕ ਸਿਖਿਆ ਦਿਤੀ ਜਾਂਦੀ ਹੈ। ਪਿੰਡ ਡੱਲੀ ਵਿਖੇ ਹਫਤਾਵਾਰੀ ਗੁਰਮਤਿ ਸਮਾਗਮ ਕੀਤੇ ਗਏ। ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ ਡੱਲੀ ਅਤੇ ਬਘਿਆੜੀ ਵਿਖੇ ਹੋਏ ਗੁਰਮਤਿ ਸਮਾਗਮ ਵਿੱਚ ਕਥਾ-ਵੀਚਾਰ ਕੀਤੀ ਗਈ।

**19. ਚੱਕ ਸਿੰਘਾ (87290-86035)-** ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ ਹਰ ਰੋਜ਼ ਸਵੇਰੇ ਫ੍ਰੀ ਟਿਊਸ਼ਨ ਕਲਾਸ ਅਤੇ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਹਰ ਰੋਜ਼ ਬੱਚਿਆਂ ਦੀ ਗੁਰਮਤਿ ਕਲਾਸ ਅਤੇ ਗੁਰਬਾਣੀ ਕੀਰਤਨ ਦੀ ਕਲਾਸ ਲਗਾ ਕੇ ਬੱਚਿਆਂ ਨੂੰ ਨੈਤਿਕ ਸਿਖਿਆ ਦਿਤੀ ਜਾਂਦੀ ਹੈ। ਹਰ ਵੀਰਵਾਰ ਕੇਂਦਰ ਵਿਖੇ ਹਫਤਾਵਾਰੀ ਗੁਰਮਤਿ ਸਮਾਗਮ ਕੀਤੇ ਜਾਂਦੇ ਹਨ। ਹਰ ਐਤਵਾਰ ਪਿੰਡ ਪਨਾਮ ਅਤੇ ਸਿਕੰਦਰਪੁਰ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਹਰ ਸ਼ੁੱਕਰਵਾਰ ਓਰੀਐਂਟ ਪਬਲਿਕ ਸਕੂਲ ਸਮੁੰਦੜਾ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਹਰ ਸ਼ਨੀਵਾਰ ਜੈ ਸੰਧੂ ਪਬਲਿਕ ਸਕੂਲ ਲੰਗੜੋਆ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ ਚੂਹੜਪੁਰ ਅਤੇ ਸਮੁੰਦੜਾ ਵਿਖੇ ਗੁਰਮਤਿ ਸਮਾਗਮ ਕੀਤੇ ਗਏ। ਕੇਂਦਰ ਵਿਖੇ 28 ਤਾਰੀਕ ਨੂੰ ਹੋਏ ਗੁਰਮਤਿ ਸਮਾਗਮ ਵਿੱਚ ਭਾਈ ਸਾਹਿਬ ਵਲੋਂ ਕਥਾ-ਵੀਚਾਰ ਕੀਤੀ ਗਈ। 32 ਬੱਚੇ ਸਹਿਜ ਪਾਠ ਕਰ ਰਹੇ ਹਨ, 8 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ ਅਤੇ 4 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**20. ਦੇਵੀਦਾਸ (98720-92062)-** ਪ੍ਰਚਾਰਕ ਭਾਈ ਗੁਰਲਾਲ ਸਿੰਘ ਵਲੋਂ ਕੇਂਦਰ ਵਿਖੇ ਹਫਤੇ ਦੇ ਤਿੰਨ ਦਿਨ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਰੋਜ਼ਾਨਾ ਸਵੇਰੇ 4:30 ਵਜੇ ਪ੍ਰਕਾਸ਼ ਕੀਤਾ ਜਾਂਦਾ ਹੈ ਅਤੇ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ। ਇੱਕ ਬੱਚੇ ਨੇ ਸਹਿਜ ਪਾਠ ਸ਼ੁਰੂ ਕੀਤਾ ਹੈ।

**21. ਸਰਹਾਲਾ ਰਾਣੂੰਆ (84379-89702)-** ਪ੍ਰਚਾਰਕ ਭਾਈ ਸੁਖਵੀਰ ਸਿੰਘ ਵਲੋਂ 4 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਅਤੇ ਨੌਜਵਾਨਾਂ ਨੂੰ ਨੈਤਿਕ ਸਿਖਿਆ, ਗੁਰਇਤਿਹਾਸ ਅਤੇ ਕੀਰਤਨ ਦੀ ਸਿਖਲਾਈ ਦਿੱਤੀ ਜਾਂਦੀ ਹੈ। ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ 'ਤੇ 2 ਪਿੰਡਾਂ ਵਿੱਚ ਹੋਏ ਸਮਾਗਮਾਂ ਵਿੱਚ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ। ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਸਰਹਾਲਾ ਰਾਣੂੰਆਂ ਵਿਖੇ ਹਰ ਰੋਜ਼ ਸਵੇਰੇ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਰਾਂਦ ਤੇ ਕਥਾ-ਵੀਚਾਰ ਕੀਤੀ ਜਾਂਦੀ ਹੈ। 25 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, 5 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 5 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**22. ਬੜਾ ਗੁੜਾ (ਸਿਰਸਾ) (97296-10753)-** ਪ੍ਰਚਾਰਕ ਭਾਈ ਮਨਪ੍ਰੀਤ ਸਿੰਘ ਵਲੋਂ ਪਿੰਡ ਗੁੜਾ ਦੇ ਗੁਰਦੁਆਰਾ ਭੱਠਾ ਸਾਹਿਬ ਵਿਖੇ ਹਰ ਰੋਜ਼ ਸਵੇਰੇ ਲੜੀਵਾਰ ਕਥਾ-ਵੀਚਾਰ ਕੀਤੀ ਜਾਂਦੀ ਹੈ। ਪਿੰਡ ਬੜਾਗੁੜਾ ਅਤੇ ਰੋਹਨ ਖੇੜੀ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ।

**23. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਬੱਚਿਆਂ ਦੀਆਂ ਕਲਾਸਾਂ ਲਗਾ ਕੇ ਨੂੰ ਗੁਰਮਤਿ ਅਤੇ ਨੈਤਿਕ ਸਿਖਿਆ ਦਿੱਤੀ ਜਾ ਰਹੀ ਹੈ। ਚੱਠਾ ਪਿੰਡ, ਲੋਅਰ ਗਾਡੀਗੜ੍ਹ ਅਤੇ ਖੌੜ, ਆਰ. ਐਸ. ਪੂਰਾ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 5 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**24. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਜਮਸ਼ੇਦਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਹੋਏ ਸਮਾਗਮ ਵਿੱਚ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**25. ਜਰਮਨ (00491631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲਸਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀਆਂ ਕਲਾਸ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**26. ਗਾਂਧੀਧਾਮ (ਗੁਜਰਾਤ) (9805708111)-** ਪ੍ਰਚਾਰਕ ਭਾਈ ਜਸਪ੍ਰੀਤ ਸਿੰਘ ਵਲੋਂ ਗੁਜਰਾਤ ਵਿੱਚ ਕੱਛ ਜ਼ਿਲ੍ਹੇ ਦੇ ਗਾਂਧੀਧਾਮ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਿੰਘ ਸਭਾ ਦੇ ਸਹਿਯੋਗ ਨਾਲ ਪਿਛਲੇ 2 ਸਾਲਾਂ ਤੋਂ ਗੁਰਮਤਿ ਕਲਾਸਾਂ ਲਗਾਈਆਂ ਜਾ ਰਹੀਆਂ ਹਨ, ਜਿਸ ਵਿੱਚ ਲਗਭਗ 80 ਬੱਚੇ ਹਾਜਰੀ ਭਰਦੇ ਹਨ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਪ੍ਰਾਪਤ ਕਰਦੇ ਹਨ।

**27. ਹਾਂਗਕਾਂਗ (9781049449)-** ਪ੍ਰਚਾਰਕ ਭਾਈ ਕਰਨਬੀਰ ਸਿੰਘ ਖਾਲਸਾ ਵਲੋਂ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਾਂਗਕਾਂਗ ਵਿਖੇ ਹਫਤਾਵਾਰੀ ਗੁਰਮਤਿ ਸਮਾਗਮ ਅਤੇ ਗੁਰਮਤਿ ਕਲਾਸਾਂ ਲਗਾ ਕੇ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ ਜਾ ਰਿਹਾ ਹੈ। ਦਸਤਾਰ ਸਿਖਲਾਈ ਕੈਂਪ ਲਗਾ ਕੇ ਦਸਤਾਰ ਅਤੇ ਦੁਮਾਲਾ ਬੰਨਣ ਦੀ ਜਾਚ ਸਿਖਾਈ ਜਾਂਦੀ ਹੈ।

-0-

# 26 ਨਵੰਬਰ 2020 ਤੋਂ ਸ਼ੁਰੂ ਹੋਏ ਕਿਸਾਨ ਸੰਘਰਸ਼ ਦੌਰਾਨ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦੀ ਸ਼ਮੂਲੀਅਤ












RNI No.: PUNMUL/2019/78309 Postal Regd. No.: LDC/0786/2021-23 (31-12-2023) Postal Date: 5th of every month

# 26 ਨਵੰਬਰ 2020 ਤੋਂ ਸ਼ੁਰੂ ਹੋਏ ਕਿਸਾਨ ਸੰਘਰਸ਼ ਦੌਰਾਨ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦੀ ਸ਼ਮੂਲੀਅਤ













